# ਪੂਰਨ ਮਨੁੱਖ

ਪ੍ਰੋ੦ ਗੰਗਾ ਸਿੰਘ

# ਪੂਰਨ ਮਨੁੱਖ

ਪ੍ਰਿੰ: ਗੰਗਾ ਸਿੰਘ

SIKHBOOKCLUB.COM

ਲਾਹੌਰ ਬੁੱਕ ਸ਼ਾਪ, ਲੁਧਿਆਣਾ

2011

ਮੁੱਲ : 70/- ਰੁਪਏ

SIKHBOOKCLUB.COM

ਪ੍ਰਕਾਸ਼ਕ ਤੇਜਿੰਦਰ ਬੀਰ ਸਿੰਘ
ਲਾਹੌਰ ਬੁੱਕ ਸ਼ਾਪ
2, ਲਾਜਪਤ ਰਾਇ ਮਾਰਕੀਟ
ਲੁਧਿਆਣਾ
ਫੋਨ : 740738

ਟਾਈਪ ਸੈਟਿੰਗ : ਲੇਜ਼ਰ ਕੈਲੀਗ੍ਰਾਫ਼ਰਜ਼
4, ਸ਼ਿਵਾ ਜੀ ਪਾਰਕ
ਜਲੰਧਰ
ਫੋਨ : 57562 PP

**ਛਾਪਕ** : ਸਰਤਾਜ ਪ੍ਰਿੰਟਿੰਗ ਪ੍ਰੈਸ
ਜਲੰਧਰ ਸ਼ਹਿਰ।

SIKHBOOKCLUB.COM

## ਤਤਕਰਾ


| | |
|---|---|
| ਨਵਾਂ ਯੁਗ | 5 |
| ਪੁਰਾਣਾ ਮਨੁੱਖ | 11 |
| ਨਵਾਂ ਮਨੁੱਖ | 21 |
| ਸਿੱਖ | 30 |
| ਸਿੰਘ | 36 |
| ਅੰਮ੍ਰਿਤ ਸੰਸਕਾਰ | 42 |
| ਰਹਿਤ | 50 |
| ਸ਼ਖਸ਼ੀ ਰਹਿਤ | 56 |
| ਸ਼ਖਸੀ ਰਹਿਤ ਦਾ ਪਹਿਲਾ ਅੰਗ | 59 |
| ਸ਼ਖਸੀ ਰਹਿਤ ਦਾ ਦੂਸਰਾ ਅੰਗ-ਸ੍ਰੀਰਕ ਰਹਿਤ | 89 |


SIKHBOOKCLUB.COM

ੴ ਸਤਿਗੁਰ ਪ੍ਰਸਾਦਿ ॥

# ਨਵਾਂ ਯੁਗ

ਕਾਦਰ ਦੀ ਕੁਦਰਤ ਵਿਚ ਪਲਟਾ ਭੀ ਅਜਬ ਸ਼ੈ ਹੈ । ਇਹ ਹਰ ਸਮੇਂ, ਹਰ ਥਾਂ ਅਤੇ ਹਰ ਸ਼ੈ ਵਿਚ ਵਾਪਰਦਾ ਦਿੱਸ ਆਉਂਦਾ ਹੈ। ਸੱਚ ਤਾਂ ਇਹ ਹੈ ਕਿ ਪਲਟਾ ਹੀ ਨਵੇਂ ਜੀਵਨ ਦਾ ਸੂਚਕ ਹੈ । ਕਲੀਆਂ ਤੋਂ ਫੁੱਲ ਤੇ ਫੁੱਲਾਂ ਤੋਂ ਫਲ, ਪਲਟਾ ਹੀ ਲਿਆਉਂਦਾ ਹੈ । ਫੁੱਲਾਂ ਵਿਚੋਂ ਬੀਂ ਤਿਆਰ ਕਰ ਬਨਸਪਤੀ ਦੀ ਨਵੀਂ ਦੁਨੀਆਂ ਪੈਦਾ ਹੋਣ ਦੀ ਖ਼ਬਰ ਪਲਟਾ ਹੀ ਦਿੰਦਾ ਹੈ । ਭਾਵੇਂ ਆਪਣੀ ਉਮਰ ਭੋਗ ਮੁੱਕਣ ਵਾਲੇ ਜੀਵਨ ਪਲਟੇ ਤੋਂ ਘਬਰਾਉਂਦੇ ਹਨ, ਪਰ ਇਹ ਘਬਰਾਹਟ ਬੁੜ੍ਹਾਪੇ ਦੇ ਚਿੜਚਿੜੇਪਣ ਦੀ ਨਿਸ਼ਾਨੀ ਹੈ । ਪਲਟਾ ਇਹਨਾਂ ਗਿਲਿਆਂ ਤੇ ਸ਼ਿਕਾਇਤਾਂ ਦੀ ਕੋਈ ਪਰਵਾਹ ਨਾ ਕਰਦਾ ਹੋਇਆ, ਨਵੇਂ ਜੀਵਨ ਦਾ ਸੰਦੇਸ਼ ਦੇਈ ਚਲਿਆ ਜਾਂਦਾ ਹੈ । ਉਹ ਰਸੀਆਂ ਦੀ ਸੂਰਤ ਵਿਚ ਖੇੜੇ ਤੇ ਉਤਸ਼ਾਹ ਪੈਦਾ ਕਰਦਾ ਹੈ, ਬੇਹੋਸ਼ਾਂ ਨੂੰ ਹੋਸ਼ ਵਿਚ ਲਿਆਉਂਦਾ, ਨਵੀਆਂ ਬਹਾਰਾਂ ਦੇ ਪੈਗਾਮ ਦਿੰਦਾ, ਯਾਰ ਦੇ ਆਉਣ ਦੀ ਖੁਸ਼ਖ਼ਬਰੀ ਸੁਣਾਉਂਦਾ ਤੇ ਮਿਲਾਪ ਦੇ ਵਾਇਦੇ ਯਾਦ ਕਰਾ ਤਿਆਰੀਆਂ ਲਈ ਪ੍ਰੇਰਦਾ ਹੈ ।[1] ਇਹ ਪਲਟਾ ਜਿਸ ਤਰ੍ਹਾਂ ਕੁਦਰਤ ਦੇ ਹਰ ਜ਼ਰਰੇ ਤੇ ਕਤਰੇ ਵਿਚ ਨਵਾਂ ਜੋਬਨ ਲਿਆਉਂਦਾ ਹੈ, ਉਸੇ ਤਰ੍ਹਾਂ ਹੀ ਯੁਗਾਂ ਵਿਚ ਭੀ

1. ਬਾਹੋਸ਼ ਬਾਸ਼ ਕਿ ਹੰਗਾਮਏ ਨੌ ਬਹਾਰ ਆਮਦ
ਬਹਾਰ ਆਮਦੋ, ਯਾਰ ਆਮਿਦੋ, ਕਰਾਰ ਆਮਦ ।

*(ਭਾਈ ਨੰਦ ਲਾਲ)*

ਤਬਦੀਲੀ ਲਿਆ ਮਨੁੱਖ ਜੀਵਨ ਲਈ ਨਵੇਂ ਰਸਤੇ ਖੋਲ੍ਹਦਾ ਹੈ । ਭਾਵੇਂ ਆਮ ਸੁਸਤ ਦੁਨੀਆਂ ਵਿਚ ਯੁਗ ਪਲਟਿਆਂ ਤੇ ਯੁਗ ਪਲਟਾਊਆਂ ਨੂੰ ਚੰਗਾ ਨਹੀਂ ਸਮਝਿਆ ਜਾਂਦਾ, ਪਰ ਕੁਦਰਤ ਦੇ ਬੇਪ੍ਰਵਾਹ ਵਹਿਣ ਵਿਚ ਪੁਰਾਤਨਤਾ ਦੇ ਪੁਜਾਰੀਆਂ ਤੇ ਸੁਸਤੀ ਅਤੇ ਪ੍ਰਮਾਦ ਦੇ ਗਰਸੇ ਹੋਏ ਪਿਛਾਂਹ ਖਿੱਚੂਆਂ ਦੀ ਚੀਖੋ-ਪੁਕਾਰ ਦੀ ਕੋਈ ਪ੍ਰਵਾਹ ਨਹੀਂ ਕੀਤੀ ਜਾਂਦੀ । ਸਮੇਂ ਦਾ ਪਲਟਾ ਨਦੀ ਦੇ ਤਿੱਖੇ ਵੇਗ ਵਾਂਗ ਰਾਹ ਵਿਚ ਆਉਣ ਵਾਲੀਆਂ ਚੀਲਾਂ ਤੇ ਦਿਆਰਾਂ ਨੂੰ ਉਖੇੜਦਾ ਤੇ ਵੱਟਾਂ ਦੇ ਬੰਨਿਆਂ ਨੂੰ ਟੱਪਦਾ ਚਲਾ ਜਾਂਦਾ ਹੈ । ਉਹ ਪਿਛਾਂਹ ਖਿੱਚੂਆਂ ਦੇ ਪੱਲੇ ਫੜ ਫੜ ਰੋਕਣ ਨਾਲ ਨਹੀਂ ਰੁਕਦਾ । ਉਹ ਚੀਕਾਂ ਤੇ ਪੁਕਾਰਾਂ ਨੂੰ ਨਹੀਂ ਸੁਣਦਾ, ਅਗਾਂਹ ਹੀ ਦੌੜਿਆ ਜਾਂਦਾ ਹੈ ।[1] ਉਹ ਦੌੜੇ ਭੀ ਕਿਉਂ ਨਾ, ਨਵੇਂ ਜੀਵਨ ਦਾ ਸੰਦੇਸ਼ ਜੁ ਹੋਇਆ। ਜੇ ਉਹ ਕਿਰਤਮ ਜਗਤ ਦੇ ਕੰਨ ਤੱਕ ਨਾ ਪੁਜੇ ਤਾਂ ਖੇੜਿਆਂ, ਹੁਲਾਸਾਂ, ਉਲਾਸਾਂ ਤੇ ਉਮਾਹਾਂ ਦਾ ਅੰਤ ਹੋ ਜਾਏ। ਜਗਤ ਜੀਵਨ ਦੀ ਜੁਆਲਾ ਨਿਰਾਸਤਾ ਤੇ ਮਾਯੂਸੀਆਂ ਦੇ ਝੋਕਿਆਂ ਨਾਲ ਬੁਝ ਜਾਏ; ਪਰ ਕਰਤਾ ਨੂੰ ਅਜਿਹਾ ਕਿਸ ਤਰ੍ਹਾਂ ਪ੍ਰਵਾਨ ਹੋ ਸਕਦਾ ਹੈ ? ਕੋਈ ਮਾਲੀ ਭੀ ਇਹ ਪਸੰਦ ਨਹੀਂ ਕਰ ਸਕਦਾ ਕਿ ਉਸ ਦੇ ਬਾਗ਼ ਵਿਚ ਨਵੇਂ ਖੇੜੇ ਨਾ ਆਵਣ, ਤੇ ਖੇੜਿਆ ਲਈ ਪਤਝੜ ਜ਼ਰੂਰੀ ਹੈ । ਜਿੰਨਾ ਚਿਰ ਪੁਰਾਣੇ ਪੱਤੇ ਨਹੀਂ ਝੜ ਜਾਂਦੇ, ਨਵੀਆਂ ਕਰੂੰਬਲਾਂ ਨੂੰ ਫੁੱਟਣ ਲਈ ਜਗ੍ਹਾ ਨਹੀਂ ਮਿਲ ਸਕਦੀ । ਇਹੀ ਕਾਰਨ ਹੈ ਕਿ ਇਸ ਜਗਤ-ਬਾਗ਼ ਦਾ ਮਾਲੀ ''ਕਰਤਾ ਪੁਰਖ'' ਪਤਝੜ ਦੇ ਤੁਫਾਨਾਂ ਰਾਹੀਂ ਨਵੇਂ ਜਗਤ ਜੀਵਨ ਦੇ ਸੰਦੇਸ਼ ਘਲਦਾ ਰਹਿੰਦਾ ਹੈ । ਇਹਨਾਂ ਤੂਫਾਨਾਂ ਵਿਚ ਹੀ ਜਗਤ ਪਲਟਾ ਬੰਦ ਹੁੰਦਾ ਹੈ ਤੇ ਇਹਨਾਂ ਪਲਟਿਆਂ ਦੇ ਬਾਅਦ ਹੀ ਨਵਾਂ ਯੁੱਗ ਅਰੰਭ ਹੁੰਦਾ ਹੈ ।

---

1. ਰਹੀ ਵਾਸਤੇ ਘੱਤ ਸਮੇਂ ਨੇ ਇੱਕ ਨਾ ਮੰਨੀ
ਫੜ ਫੜ ਰਹੀ ਧ੍ਰੂਹ ਸਮੇਂ ਖਿਸਕਾਈ ਕੰਨੀ
ਕਿਵੇਂ ਨ ਸਕੀ ਰੋਕ ਅਟਕ ਜੇ ਪਾਈ ਭੰਨੀ
ਤ੍ਰਿਖੇ ਅਪਣੇ ਵੇਗ, ਗਿਆ ਟਪ ਬੰਨੇ ਬੰਨੀ ।

*(ਭਾਈ ਵੀਰ ਸਿੰਘ)*

ਆਵਾਜ਼ ਦੀ ਦੁਨੀਆਂ ਵਿਚ ਅਸੀਂ ਰੋਜ਼ ਦੇਖਦੇ ਹਾਂ ਕਿ ਕੋਈ ਇਕ ਗੀਤ ਕਿਸੇ ਇਕ ਰੇਡੀਓ-ਸਟੇਸ਼ਨ ਤੋਂ ਮਾਇਕਰੋ-ਫੋਨ ਦੇ ਸਾਹਮਣੇ ਗਾਇਆ ਜਾਂਦਾ ਹੈ; ਪਰ ਗਵਈਏ ਦੀ ਆਵਾਜ਼ ਜਦੋਂ ਬਿਜਲੀ ਦੀਆਂ ਲਹਿਰਾਂ ਦੀ ਮੋਢੀਂ ਚੜ੍ਹ ਫੈਲਦੀ ਹੈ ਤਾਂ ਸੰਸਾਰ ਦੇ ਚਵ੍ਹਾਂ ਕੋਨਿਆਂ ਤੱਕ ਚਲੀ ਜਾਂਦੀ ਹੈ ਤੇ ਜਿੱਥੇ ਜਿੱਥੇ ਭੀ ਰਿਸੀਵਰ ਲੱਗਾ ਹੋਵੇ, ਉੱਥੇ ਹੀ ਇਹ ਅਰੂਪ ਆਵਾਜ਼ ਬੋਲੀ ਦਾ ਰੂਪ ਪਕੜ ਕੇ ਸ੍ਰੋਤਿਆਂ ਨੂੰ ਉਸ ਸੰਦੇਸ਼ ਤੋਂ ਜਾਣੂ ਕਰਾ ਦੇਂਦੀ ਹੈ ਜੋ ਕਿ ਕੇਂਦਰੀ ਅਸਥਾਨ ਤੋਂ ਦਿਤਾ ਗਿਆ ਹੋਵੇ । ਇਹੋ ਹੀ ਹਾਲਤ ਨਵੇਂ ਜਗ ਦੇ ਸੰਦੇਸ਼ ਦੀ ਹੁੰਦੀ ਹੈ । ਉਸ ਦੇ ਆਉਣ ਦੀ ਖ਼ਬਰ ਭੀ ਜੀਵਨ ਦੇ ਕੇਂਦਰ ਅਸਥਾਨ ਤੋਂ ਕਿਸੇ ਇਕ ਮਨੁਖ ਦੇ ਹਿਰਦੇ ਵਿਚ ਦਿੱਤੀ ਜਾਂਦੀ ਹੈ, ਜਿਸ ਤੋਂ ਉਹ ਸੰਦੇਸ਼ ਦੂਸਰਿਆਂ ਮਨੁਖ-ਹਿਰਦਿਆਂ ਤਾਂਈਂ ਪੁਚਾਇਆ ਜਾਂਦਾ ਹੈ ਤੇ ਜਿਉਂ ਉਹ ਸੰਦੇਸ਼ ਮਨੁਖ ਹਿਰਦਿਆਂ ਦੀ ਵਧੇਰੀ ਗਿਣਤੀ ਤਕ ਪੁਜਦਾ ਜਾਂਦਾ ਹੈ, ਪੁਰਾਤਨਤਾ ਭੀ ਆਪਣੀ ਮੌਤ ਸਮਝ ਕੇ ਇਸ ਨਵੇਂ ਯੁਗ ਦੀ ਖੁਸ਼ਖ਼ਬਰੀ ਨੂੰ ਰੌਲੇ ਗੌਲੇ ਵਿਚ ਗੁੰਮ ਕਰਨ ਲਈ ਸ਼ੋਰ ਪਾਉਣਾ ਸ਼ੁਰੂ ਕਰ ਦੇਂਦੀ ਹੈ ।

SIKHBOOKCLUB.COM

ਮੌਜੂਦਾ ਨਵੇਂ ਯੁਗ ਦੀ ਖ਼ਬਰ ਅੱਜ ਤੋਂ ੪੭੩ ਸਾਲ ਪਹਿਲੇ ਏਸ਼ੀਆ ਦੀਪ ਦੇ ਭਾਰਤ ਦੇਸ਼ ਦੇ ਪੰਜਾਬ ਦੇ ਸੂਬੇ ਵਿਚ ਸੁਲਤਾਨਪੁਰ ਦੇ ਕਸਬੇ ਅੰਦਰ, ਦੌਲਤ ਖ਼ਾਂ ਲੋਧੀ ਦੇ ਮੋਦੀ ਨਾਨਕ ਰਾਏ ਨੂੰ ਦਿਤੀ ਗਈ ਸੀ, ਜਿਨ੍ਹਾਂ ਨੇ ਇਹ ਖ਼ਬਰ ਅਗਾਂਹ ਜਗਤ ਨੂੰ ਦਿਤੀ ਅਤੇ ਨਵੇਂ ਯੁਗ ਦੇ ਚਾਹਵਾਨਾਂ ਨੇ ਖ਼ਬਰ ਦੇਣ ਵਾਲੇ ਨੂੰ ਗੁਰੂ ਕਹਿ ਸਤਕਾਰਿਆ ਅਤੇ ਉਹ ''ਗੁਰੂ ਨਾਨਕ'' ਸਦਵਾਏ ।[1] ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਵਿਚ ਨਵੇਂ ਯੁਗ ਦੇ ਆਉਣ ਦੀ ਖ਼ਬਰ ਦਿਤੀ ਗਈ । ਇਸ ਤੋਂ ਸੰਸਾਰ ਨੂੰ ਪਤਾ ਲਗਾ ਕਿ ਪਿਛਲਾ

---

1. ਤਿਨ ਬੇਦੀਅਨ ਕੀ ਕੁਲ ਵਿਖੇ ਪਰਗਟੇ ਨਾਨਕ ਰਾਇ ॥
ਸਭ ਸਿੱਖਨ ਕੋ ਸੁਖ ਦੀਓ ਜਹਿੰ ਜਹਿੰ ਭਏ ਸਹਾਇ ॥
ਤਿਨ ਇਹ ਕਲ ਮੈਂ ਧਰਮ ਚਲਾਇਓ ॥
ਸਭ ਸਿੱਖਨ ਕੋ ਰਾਹ ਬਤਾਇਓ ॥

*(ਦਸਮ ਗ੍ਰੰਥ)*

ਯੁਗ ਖ਼ਤਮ ਹੋ ਗਿਆ ਹੈ । ਇਹ ਖ਼ਬਰ ਸੁਣ ਸੱਚ ਦੇ ਪੁਜਾਰੀਆਂ ਨੂੰ ਪ੍ਰਸੰ-ਨਤਾ ਹੋਈ ਅਤੇ ਉਹ ਨਵੀਂ ਬਹਾਰ ਦੇ ਗੀਤ ਗਾਉਣ ਲਗ ਪਏ, ਪਰ ਪੁਰਾਤਨਤਾ ਚੀਖ਼ ਉੱਠੀ । ਉਸ ਨੇ ਆਪਣੇ ਕਿਲੇ ਉਖੜਦੇ ਅਤੇ ਤਣਾਵਾਂ ਟੁਟਦੀਆਂ ਤੱਕ ਡੰਡ ਰੌਲੀ ਪਾ ਦਿਤੀ । ਉਹ ਚੀਖ਼ ਉੱਠੀ ਅਤੇ ਅਜੇ ਚੀਖ਼ ਰਹੀ ਹੈ ਕਿਉਂ ਜੋ ਬਿਰਧ ਹੋ ਜਾਣ ਕਰਕੇ ਪੁਰਾਣੀ ਦੁਨੀਆਂ ਵਿਚ ਚਿੜ-ਚਿੜਾਪਣ ਸੁਭਾਵਕ ਵਧਿਆ ਹੋਇਆ ਹੈ । ਉਸ ਤੋਂ ਗਿਲਾਨੀ ਦਾ ਪੈਦਾ ਹੋਣਾ ਕੁਦਰਤੀ ਸੀ ਸੋ ਗਿਲਾਨੀ ਵਧੀ ਹੋਈ ਨਫ਼ਰਤ ਨੇ ਮਨੁਖ ਜਾਤੀ ਦੇ ਹਿਸੇ-ਬਖ਼ਰੇ ਕਰ ਦਿਤੇ[1] । ਕਿਤੇ ਮਜ਼੍ਹਬ ਦੇ ਨਾਂ ਤੇ ਫ਼ਿਰਕੂ ਵੰਡ, ਤੇ ਸਮਾਜ ਦੇ ਨਾਂ ਤੇ ਜਾਤੀ ਵੰਡ ਹੋ ਰਹੀ ਹੈ ਅਤੇ ਕਿਤੇ ਰਾਜਨੀਤੀ ਦੇ ਨਾਂ ਉੱਤੇ ਰਾਜਸੀ ਵੰਡੀਆਂ ਪੈ ਰਹੀਆਂ ਹਨ । ਧਰਮ ਮੰਦਰ ਵਿਚ ਪੁਜਾਰੀ ਦੇ ਮੱਥੇ ਦੀ ਤਿਉੜੀ, ਸਮਾਜ ਵਿਚ ਚੌਧਰੀਆਂ ਦਾ ਨੱਕ ਵੱਟਣਾ ਅਤੇ ਰਾਜਨੀਤਕ ਛੇਤਰਾਂ ਵਿਚ ਲੀਡਰਾਂ ਦਾ ਮੁੱਛਾਂ ਨੂੰ ਵੱਟ ਦੇਣਾ ਇਸੇ ਗਿਲਾਨੀ ਦੇ ਚਮਤ-ਕਾਰੇ ਹਨ । ਜੇ ਮਜ਼੍ਹਬ ਵਿਚ ਬ੍ਰਾਹਮਣ, ਮੌਲਾਨਾ, ਪਾਦਰੀ ਤੇ ਰੱਬੀ ਖਹਿ ਰਹੇ ਹਨ ਤਾਂ ਰਾਜਨੀਤੀ ਦੇ ਮੈਦਾਨ ਵਿਚ ਭੀ ਫੈਸਿਸਟ, ਡੈਮੋਕਰੈਟ ਅਤੇ ਕਮਯੂਨਿਸਟ ਭੀ ਤੋਪਾਂ ਦੇ ਮੂੰਹ ਖੋਲ੍ਹੀ ਖੜੋਤੇ ਹਨ। ਸੰਸਾਰ ਦਾ ਮਹਾਨ ਯੁਧ, ਜਿਸ ਵਿਚ ਰੋਜ਼ਾਨਾ ਹਜ਼ਾਰਾਂ ਜਾਨਾਂ ਜ਼ਾਇਆ ਹੋ ਰਹੀਆਂ ਹਨ, ਜਿਸ ਵਿਚ ਸੰਸਾਰ ਦੀ ਆਖ਼ਰੀ ਪਾਈ ਮੌਤ ਦੇ ਸਾਧਨ ਹਥਿਆਰ ਬਣਾ-ਉਣ ਉੱਤੇ ਖ਼ਰਚ ਕੀਤੀ ਜਾ ਰਹੀ ਹੈ ਅਤੇ ਹਰ ਪਾਸੇ ਮਾਰੋ-ਮਾਰ ਦੀ ਪੁਕਾਰ ਹੋ ਰਹੀ ਹੈ, ਉਸ ਗਿਲਾਨੀ ਦਾ ਪਤਾ ਦੇ ਰਿਹਾ ਹੈ ਜੋ ਪੁਰਾਣੇ ਜੁਗ ਵਿਚ ਉਸ ਦੇ ਬੁੜ੍ਹਾਪੇ ਦੇ ਕਾਰਨ ਪੈਦਾ ਹੋ ਚੁਕੀ ਹੈ । ਪਰ ਇਹ ਬੁਢਾ ਕਿਤਨਾ ਭੀ ਕਿਉਂ ਨਾ ਪਿਆ ਬੜ੍ਹਕੇ, ਸ਼ੋਰ ਮਚਾਵੇ ਅਤੇ ਜੰਗ ਰਚਾਵੇ, ਇਸ ਨੂੰ ਓੜਕ ਵਿਦਿਆ ਹੋਣਾ ਹੀ ਪਵੇਗਾ; ਕਿਉਂ ਜੋ ਇਸ ਦੀ ਉਮਰ ਲੰਘ ਚੁਕੀ ਹੈ । ਅਤੇ ਨਵੇਂ ਯੁਗ ਦੇ ਆਉਣ ਦੀ ਖੁਸ਼ਖ਼ਬਰੀ ਗੁਰੂ ਨਾਨਕ

1. ਭਈ ਗਿਲਾਨ ਜਗਤ ਵਿਚ, ਚਾਰ ਵਰਨ ਆਸ਼ਰਮ ਉਪਾਏ ।

*(ਭਾਈ ਗੁਰਦਾਸ)*

ਦੇ ਰਾਹੀਂ ਜਗਤ ਨੂੰ ਮਿਲ ਚੁਕੀ ਹੈ । ਭਾਵੇਂ ਉਸ ਖ਼ੁਸ਼ਖ਼ਬਰੀ ਮਿਲੀ ਨੂੰ ਅਜੇ ਬਹੁਤਾ ਸਮਾਂ ਨਹੀ ਹੋਇਆ ਤੇ ਵਿਸ਼ਵ ਦੀ ਅਵਸਥਾ ਦਾ ਵਿਚਾਰ ਕਰ-ਦਿਆਂ ਹੋਇਆਂ ਨਵੇਂ ਯੁਗ ਦੀ ਖ਼ੁਸ਼ਖ਼ਬਰੀ ਮਿਲੀ ਦੇ ਵਕਤ ਨੂੰ ਅਸੀਂ ਅਜੇ ਘੜੀ ਕੁ ਹੋਈ ਹੀ ਕਹਿ ਸਕਦੇ ਹਾਂ, ਪਰ ਫਿਰ ਭੀ ਭਾਵੇਂ ਇਹ ਖ਼ਬਰ ਕਿਤਨੀ ਹੀ ਤਾਜ਼ੀ ਕਿਉਂ ਨਾ ਹੋਵੇ, ਹੈ ਤਾਂ ਨਵੇਂ ਜੀਵਨ ਦਾ ਸੰਦੇਸ਼ ਹੀ ਨਾ । ਇਸ ਨੇ ਓੜਕ ਨੂੰ ਵਧਣਾ ਫੁੱਲਣਾ ਹੀ ਹੈ । ਜਿਸ ਤਰ੍ਹਾਂ ਇਕ ਨਵੀਂ ਫੁਟੀ ਅੰਗੂਰੀ ਦਾ ਮੁਕਾਬਲਾ ਇਕ ਪੁਰਾਣਾ ਢੇਰ ਥਾਂ ਵਿਚ ਛਾਇਆ ਹੋਇਆ ਬੋਹੜ ਨਹੀਂ ਕਰ ਸਕਦਾ, ਕਿਉਂ ਜੋ ਨਵੀਂ ਅੰਗੂਰੀ ਨੇ ਵੱਧਣਾ ਫੁਲਣਾ ਤੇ ਪੁਰਾਣੇ ਬੋਹੜ ਨੇ ਡਿੱਗਣਾ ਤੇ ਖ਼ਤਮ ਹੋਣਾ ਹੈ, ਇਸੇ ਤਰ੍ਹਾਂ ਹੀ ਇਸ ਨਵੇਂ ਜਗਤ ਜੀਵਨ ਦੇ ਸੰਦੇਸ਼ ਦਾ ਮੁਕਬਲਾ, ਜੋ ਅਜੇ ਭਾਵੇਂ ਨਵੀਂ ਫੁਟੀ ਨਿੱਕੀ ਜਿਹੀ ਅੰਗੂਰੀ ਵਾਂਗ ਹੀ ਹੈ, ਪੁਰਾਤਨਤਾ ਦਾ ਜਗਤ 'ਪਸਰਿਆ ਬੋਹੜ' ਨਹੀਂ ਕਰ ਸਕਦਾ । ਇਸ ਨਵੇਂ ਸੰਦੇਸ਼ ਵਿਚ ਆਸ਼ਾ ਦੀ ਕਿਰਣ ਹੈ ਜੋ ਨਿਰਾਸ਼ਾ ਦੇ ਅੰਧੇਰੇ ਨੂ ਚੀਰਦੀ ਚਲੀ ਜਾਵੇਗੀ ।[1] ਨਵਾਂ ਸੰਦੇਸ਼ ਨਵੀਂ ਜੀਵਨ ਜੁਆਨੀ ਨੂੰ ਲਈ ਸ਼ੇਰ ਵਾਂਗ ਬੁੱਕ ਉਠਿਆ ਹੈ, ਜਿਸ ਕਰਕੇ ਪੁਰਾਣੇ ਕਰਮ ਕਾਂਡ, ਸਮਾਜਕ ਰਸਮਾਂ ਅਤੇ ਰਾਜਨੀਤਕ ਵੰਡਾਂ ਦੀ ਮਿਰ-ਗਾਵਲੀ ਨੂੰ ਭਾਜ ਪੈ ਜਾਣੀ ਲਾਜ਼ਮੀ ਹੈ । ਉਹ ਹੁਣ ਵਧੇਰੇ ਚਿਰ ਤੱਕ ਟਿੱਕ ਨਹੀਂ ਸਕਦੀ, ਪਰ ਜਿਸ ਤਰ੍ਹਾਂ ਬੁਝਣ ਵਾਲਾ ਚਿਰਾਗ਼ ਆਖ਼ਰੀ ਸੰਭਾਲੇ ਲੈਂਦਾ ਹੈ ਤੇ ਬੜੀ ਸ਼ੋਖੀ ਨਾਲ ਟਿੱਮਟਿਮਾਉਂਦਾ ਹੈ, ਉਸੇ ਤਰ੍ਹਾਂ ਹੀ ਪੁਰਾਤਨਤਾ ਭੀ ਹੁਣ ਬੁਝਣ ਤੇ ਆਈ ਹੋਈ ਆਖ਼ਰੀ ਹੰਭਲੇ ਮਾਰ ਰਹੀ ਹੈ। ਉਹ ਬੜੀ ਸ਼ੋਖੀ ਦਿਖਾ ਰਹੀ ਹੈ ਅਤੇ ਅਣਜਾਣ ਖ਼ਿਆਲ ਕਰਦੇ ਹਨ ਕਿ ਸ਼ਾਇਦ ਇਹ ਨਵੇਂ ਸੰਦੇਸ਼ ਨੂੰ ਫੈਲਣ ਹੀ ਨਾ ਦੇਵੇ, ਪਰ ਅਜਿਹਾ ਨਹੀਂ ਹੋ ਸਕਦਾ, ਕਿਉਂ ਜੋ ਇਹ ਗੈਰ ਕੁਦਰਤੀ ਹੈ । ਤੂਫ਼ਾਨ ਦੇ ਸਖ਼ਤ ਝੋਕੇ ਸਦਾ

SIKHBOOKCLUB.COM

1. ਸਤਿਗੁਰੂ ਨਾਨਕ ਪ੍ਰਗਟਿਆ, ਮਿਟੀ ਧੁੰਧ ਜਗ ਚਾਨਣ ਹੋਆ ॥
ਜਿਉਂ ਕਰ ਸੂਰਜ ਨਿਕਲਿਆ, ਤਾਰੇ ਛਪੇ ਅੰਧੇਰ ਪਲੋਆ ॥
ਸਿੰਘ ਬੁੱਕੇ ਮਿਰਗਾਵਲੀ, ਭੰਨੀ ਜਾਇ ਨਾ ਧੀਰ ਧਰੋਆ ॥

*(ਭਾਈ ਗੁਰਦਾਸ ਜੀ)*

ਹੀ ਹਨੇਰੀ ਦੇ ਹਟ ਜਾਣ ਦੇ ਨਿਸ਼ਾਨ ਹੁੰਦੇ ਹਨ । ਗਰਮੀ ਦੀ ਤੀਬਰਤਾ ਹੀ ਬਾਰਸ਼ ਦੇ ਆਉਣ ਦੀ ਖ਼ਬਰ ਦਿੰਦੀ ਹੈ । ਪਤਝੜ ਦੀ ਸੀਤਲ ਪੌਣ ਦੇ ਤਿੱਖੇ ਬੁਲ੍ਹਿਆਂ ਵਿਚ ਹੀ ਬਸੰਤ ਦੇ ਆਉਣ ਦੀ ਸੰਭਾਵਨਾ ਛੁਪੀ ਹੋਈ ਹੈ । ਇਸੇ ਤਰ੍ਹਾਂ ਹੀ ਇਸ ਬੁਢੀ ਪੁਰਾਤਨਤਾ ਦੇ ਆਖ਼ਰੀ ਸ਼ੋਰੋ ਸ਼ਰ ਵਿਚ ਉਸ ਨਵੇਂ ਯੁਗ ਦੇ ਪ੍ਰਚਲਤ ਹੋਣ ਦੀ ਝਲਕ ਦਿੱਸ ਆ ਰਹੀ ਹੈ, ਜਿਸ ਦੀ ਖ਼ਬਰ ਕੁਦਰਤ ਦੇ ਕਾਦਰ ਨੇ ਗੁਰੂ ਨਾਨਕ ਨੂੰ ਤੇ ਨਾਨਕ ਨੇ ਮਨੁੱਖ ਸ਼੍ਰੇਣੀ ਨੂੰ ਦਿਤੀ ਹੈ ।

SIKHBOOKCLUB.COM

# ਪੁਰਾਣਾ ਮਨੁੱਖ

ਸੰਸਾਰ ਦੇ ਸਿਆਣਿਆ ਦਾ ਭਾਵੇਂ ਹੋਰ ਹਰ ਗੱਲ ਤੇ ਮਤ-ਭੇਦ ਹੋਵੇ ਪਰ ਇਸ ਗੱਲ ਤੇ ਸਾਰੇ ਸਹਿਮਤ ਹਨ ਕਿ ਕਿਸਮਤ ਜਗਤ ਵਿਚ ਮਨੁਖ ਸਭ ਤੋਂ ਉਚੇਰਾ ਹੈ । ਭਾਵੇਂ ਇਸ ਦੀ ਉਚਾਈ ਦੇ ਕਾਰਨ ਕੋਈ ਕਿਸੇ ਤਰ੍ਹਾਂ ਭੀ ਕਿਉਂ ਨਾ ਬਿਆਨ ਕਰਦਾ ਹੋਵੇ ਪਰ ਸਭ ਦੇ ਰਾਗਾਂ ਦੀ ਤਾਰ ਇਥੇ ਹੀ ਟੁੱਟਦੀ ਹੈ ਕਿ ਕੀ ਪ੍ਰਕਿਰਤਕ ਮੰਡਲ ਤੇ ਕੀ ਜੀਵ ਸ਼ਰੇਣੀ, ਸਭ ਵਿਚ ਮਨੁੱਖ ਹੀ ਪ੍ਰਧਾਨ ਹੈ । ਜੇ ਗਹੁ ਕਰਕੇ ਤੱਕੀਏ ਤਾਂ ਇਹ ਗੱਲ ਹੈ ਵੀ ਠੀਕ, ਕੋਈ ਬੜੀ ਗੁੰਝਲ ਦਾਰ ਨਹੀਂ । ਇਹ ਪ੍ਰਮੁੱਖ ਹੈ ਕਿ ਪ੍ਰਕਿਰਤੀ ਦੇ ਹਰ ਇਕ ਅੰਗ ਤੋਂ ਮਨੁਖ ਆਪਣੀ ਮਨ ਮਰਜ਼ੀ ਦੇ ਲਾਭ ਉਠਾਂਦਾ ਹੈ ਤੇ ਪਸ਼ੂਆਂ ਤੇ ਹਕੂਮਤ ਕਰਦਾ ਹੈ । ਜਾਨਦਾਰ ਸ਼ਰੇਣੀ ਦਾ ਬੜਾ ਜਾਨਵਰ ਹਾਥੀ ਮਨੁਖ ਦੇ ਅੰਕਸ਼ ਹੇਠਾਂ ਸੁਆਰੀ ਦਿੰਦਾ ਹੈ । ਮਿਰਗ ਰਾਜਾ ਦੀਆਂ ਖੱਲਾਂ ਤੇ ਸੰਨਿਆਸੀ ਮਨੁੱਖ ਬੈਠ ਤਪ ਕਰਦੇ ਹਨ । ਪ੍ਰਕਿਰਤੀ ਦੀਆਂ ਬੜੀਆਂ ਅਜੋੜ ਸ਼ਕਤੀਆਂ ਪਾਣੀ ਤੇ ਅੱਗ ਨੂੰ ਇਕ ਥਾਂ ਜੋੜ ਉਨ੍ਹਾਂ ਦਾ ਸਟੀਮ ਬਣਾ ਮਨੁਖ ਦੀ ਆਪਣੀ ਸੇਵਾ ਵਿਚ ਜੋੜ ਲੈਂਦਾ ਹੈ । ਗਲ ਕੀ, ਏਸ ਧਰਤੀ ਤੇ ਮਨੁੱਖ ਦੀ ਚੌਧਰ ਹੈ ਤੇ ਹੋਰ ਜੋਨੀਆਂ ਉਸ ਦੀਆਂ ਪਨਿ-ਹਾਰੀਆਂ ਹਨ[1] । ਇਸ ਲਈ ਜੇ ਮਨੁੱਖ ਹੀ ਬਦਲੇ ਤਾਂ ਸਮਾਂ ਬਦਲਦਾ ਹੈ । ਜੇ ਮਨੁਖ ਵਿਚ ਹੀ ਪਲਟਾ ਆਵੇ ਤਾਂ ਹੀ ਜੁਗ ਪਲਟਦਾ ਹੈ; ਜਾਂ ਇਉਂ

1. ਇਸ ਧਰਤੀ ਮਹਿ ਤੇਰੀ ਸਿਕਦਾਰੀ । ਅਵਰ ਜੋਨ ਤੇਰੀ ਪਨਹਾਰੀ ।

ਕਹਿ ਲਵੋ ਕਿ ਜੁਗ ਪਲਟਣ ਨਾਲ ਮਨੁਖ ਪਲਟਦਾ ਹੈ ਤੇ ਮਨੁਖ ਪਲਟਣ ਨਾਲ ਜੁਗ ਪਲਟਦਾ ਹੈ, ਕਿਉਂ ਕਿ ਜੁਗ ਤੇ ਮਨੁਖ ਇਕ ਦੂਜੇ ਨਾਲ ਅਜਿਹੇ ਜੁੜ ਰਹੇ ਹਨ ਕਿ ਦੋਹਾਂ ਦੀ ਹੋਂਦ ਨੂੰ ਅਲਹਿਦਾ ਅਲਹਿਦਾ ਨਹੀਂ ਜਾਚਿਆ ਜਾ ਸਕਦਾ । ਏਹੀ ਕਾਰਨ ਹੈ ਕਿ ਨਵੇਂ ਜੁਗ ਦਾ ਸੰਦੇਸ਼ ਦੇਣ ਵਾਲਿਆਂ ਨੇ ਨਵੇਂ ਮਨੁਖ ਜੀਵਨ ਦੀ ਖ਼ਬਰ ਦਿਤੀ ਹੈ, ਕਿਉਂ ਕਿ ਜੇ ਮਨੁਖ ਜੀਵਨ ਵਿਚ ਨਵੀਨਤਾ ਆਵੇ ਤਾਂ ਜੁਗ ਨੇ ਆਪਣੇ ਆਪ ਹੀ ਨਵੀਨ ਹੋ ਜਾਣਾ ਹੋਇਆ । ਏਹੀ ਕਾਰਨ ਹੈ ਕਿ ਪੁਰਾਣੇ ਮਨੁਖ ਜੀਵਨ ਦੇ ਮੁਕਣ ਨਾਲ ਹੀ ਪੁਰਾਣਾ ਜੁਗ ਮੁਕ ਜਾਂਦਾ ਹੈ। ਗੁਰੂ ਨਾਨਕ ਨੇ ਨਵੇਂ ਜੁਗ ਦੀ ਖ਼ਬਰ ਦਿਤੀ ਹੈ ਜਿਸ ਨੂੰ ਐਉਂ ਕਹਿ ਲਵੋ ਤਾਂ ਸਹੀ ਹੋਵੇਗਾ ਕਿ ਉਨ੍ਹਾਂ ਨੇ ਨਵੇਂ ਮਨੁਖ ਜੀਵਨ ਦਾ ਪਤਾ ਦਿਤਾ ਹੈ। ਇਹ ਨਵਾਂ ਜੀਵਨ ਮੁਕੰਮਲ ਜੀਵਨ ਹੈ । ਇਸ ਵਿਚੋਂ ਪੁਰਾਣੀਆਂ ਤੁਟੀਆਂ ਖ਼ਤਮ ਕਰ ਦਿਤੀਆਂ ਗਈਆਂ ਹਨ । ਪੁਰਾਣੇ ਜੁਗ ਦੇ ਇਤਿਹਾਸ ਤੇ ਨਿਗਾਹ ਮਾਰੀਏ ਤਾਂ ਪਤਾ ਲਗਦਾ ਹੈ ਕਿ ਮਨੁਖ ਪੁਰਾਣੇ ਜੁਗ ਵਿਚ ਜਾਂ ਕਿਸੇ ਦਾ ਮਾਂਗਤ ਤੇ ਗੁਲਾਮ ਤੇ ਜਾਂ ਜੀਵਨ ਵਲੋਂ ਉਪਰਾਮ ਤੇ ਨਿਰਾਸ ਬਣਾਇਆ ਗਿਆ ਸੀ । ਪਿਛਲੇ ਯੁਗ ਵਿਚ ਮਨੁਖ ਜੀਵਨ ਦੀ ਘਾੜਤ ਘੜਨ ਦੀਆਂ ਦੋ ਟਕਸਾਲਾਂ ਸਨ । ਇਕ ਦਾ ਪਹਾਰਾ ਫ਼ਲਸਤੀਨ ਵਿਚ ਸੀ ਤੇ ਦੂਜੀ ਦਾ ਦਾਰਿਆਏ ਕਾਬਲ ਤੇ ਸਿੰਧ ਤੋਂ ਲੰਘ ਪੰਜਾਬ ਦੇ ਦਰਿਆਵਾਂ ਦੇ ਦਰਮਿਆਨ ਫੈਲੀ ਹੋਈ ਖ਼ੂਬਸੂਰਤ ਚਰਾਹਗਾਹਾਂ ਦੀ ਧਰਤੀ ਦੇ ਰਮਣੀਕ ਵਣਾਂ ਵਿਚ । ਪਹਿਲੀ ਟਕਸਾਲ ਵਿਚ ਜੋ ਜੀਵਨ ਘੜਿਆ ਗਿਆ ਉਹ ਮਨੁਖ ਨੂੰ ਇਹ ਦ੍ਰਿੜਾਉਂਦਾ ਸੀ ਕਿ ਉਹ ਜਗਤ ਦਾ ਆਖ਼ਰੀ ਮਾਲਕ ਨਹੀਂ ਸਗੋਂ ਮਾਲਕ ਅਸਮਾਨਾਂ ਦੀਆਂ ਉਚਾਈਆਂ ਤੇ ਰਹਿੰਦਾ ਹੈ ਤੇ ਸੰਸਾਰ ਦੀ ਮਰਯਾਦਾ ਚਲਾਉਣ ਲਈ ਆਪਣੀ ਕਾਇਮ ਕੀਤੀ ਹੋਈ ਨਿਯਮਾਵਲੀ ਫ਼ਰਿਸ਼-ਤਿਆਂ ਦੀ ਰਾਹੀਂ ਮਨੁਖ ਨੂੰ ਸੁਣਾਉਂਦਾ ਹੈ । ਮਨੁਖ ਉਸ ਅਸਮਾਨਾਂ ਵਾਲੇ ਮਾਲਕ ਦਾ ਇਕ ਨਾ-ਚੀਜ਼ ਦਾਸ ਤੇ ਉਸ ਦੀਆਂ ਰਹਿਮਤਾਂ ਤੇ ਬਰਕਤਾਂ ਦਾ ਮਾਂਗਤ ਹੈ । ਜੇ ਮਾਲਕ ਮਨੁਖ ਦੀ ਦੀਨਤਾ ਤੇ ਪ੍ਰਸੰਨ ਹੋ ਜਾਵੇ ਤਾਂ ਏਸ

ਨੂੰ ਵੱਡੀਆਂ ਦਾਤਾਂ ਮਿਲਦੀਆਂ ਹਨ, ਪਰ ਜੇ ਏਸ ਦੀ ਗੁਸਤਾਖ਼ੀ ਤੇ ਗੁੱਸੇ ਹੋ ਜਾਵੇ ਤਾਂ ਭਾਵੇਂ ਡੰਨ । ਮਨੁਖ ਇਸ ਜੀਵਨ ਮਰਯਾਦਾ ਨੂੰ ਸੁਣ ਆਪਸ ਵਿਚ ਵੀ ਏਸੇ ਦੀ ਵਰਤੋਂ ਕਰਨ ਲੱਗ ਪਿਆ । ਕੋਈ ਇਕੱਲਾ ਤਕੜਾ ਯਾ ਚਾਰ ਜੁੜੇ ਹੋਏ ਤਕੜੇ ਮਿਲ ਅਰਸ਼ੀ ਮਾਲਕ ਵਾਂਗ ਹੀ ਮਾੜਿਆਂ ਨੂੰ ਆਪਣੇ ਹੁਕਮ ਮਨਾਉਣ ਲਗ ਪਏ । ਜੇ ਮਾੜੇ ਮੰਨ ਲੈਣ ਤੇ ਅਧੀਨ ਤੁਰਨ ਤਾਂ ਮਨ ਆਈਆਂ ਦਾਤਾਂ ਪਾਵਨ ਤੇ ਜੇ ਨਾਂਹ ਨੁੱਕਰ ਕਰਨ ਤਾਂ ਭਾਰੀ ਸਜ਼ਾਵਾਂ ਦੇ ਪਾਤਰ ਬਣਨ । ਇਸੇ ਹੀ ਨਿਯਮਾਵਲੀ ਦੇ ਅਧਾਰ ਤੇ ਬੜੀਆਂ ਜਾਬਰਾਨਾ ਸਲਤਨਤਾਂ ਕਾਇਮ ਕੀਤੀਆਂ ਗਈਆਂ ਤੇ ਪਹਿਲਾਂ ਬੇਗਾਨਿਆਂ ਨੂੰ ਤੇ ਫੇਰ ਆਪਣਿਆਂ ਵਿਚੋਂ ਕਮਜ਼ੋਰਾਂ ਨੂੰ ਗੁਲਾਮ ਬਣਾਉਣ ਦੇ ਸਾਧਨ ਕੀਤੇ ਗਏ । ਅਰਸ਼ੀ ਮਾਲਕ ਦਾ ਹੁਕਮ ਬਿਨਾਂ ਉਜਰ ਮੰਨਣ ਵਾਲਾ ਫ਼ਰਸ਼ੀ ਮਨੁਖ, ਆਪਣਾ ਹੁਕਮ ਵੀ ਅਜਿਹਾ ਬਿਲਾ-ਉਜਰ ਮਨਾ-ਉਣ ਲਗ ਪਿਆ ਕਿ ਉਹ ਰਾਏ ਦੇ ਖ਼ਤਲਾਫ਼ ਨੂੰ ਪਸੰਦ ਵੀ ਨਹੀਂ ਸੀ ਕਰਦਾ । ਉਹ ਚਾਹੁੰਦਾ ਸੀ ਕੀ ਓਸ ਦੀ ਰਾਏ ਦੇ ਬਰਖ਼ਿਲਾਫ਼ ਕੋਈ ਰਾਏ ਨਾ ਕਾਇਮ ਕੀਤੀ ਜਾਵੇ ਤੇ ਜੇ ਕੋਈ ਮਨੁਖ ਅਜਿਹਾ ਕਰਨ ਦੀ ਜੁਰਅਤ ਕਰੇ ਤਾਂ ਓਸ ਨੂੰ ਮੁਕਾ ਦਿਤਾ ਜਾਵੇ ਤੇ ਜੇ ਮਨੁਖਾਂ ਵਿਚੋਂ ਬਣਿਆਂ ਹੋਇਆ ਮਾਲਕ ਦਿਨ ਨੂੰ ਰਾਤ ਕਹਿ ਦੇਵੇ ਤਾਂ ਓਸ ਦੀ ਰਿਆਇਆ ਕਹਿ ਉਠੇ ਕਿ ਹਾਂ ਸੱਚੀ ਮੁਚੀ ਤਾਰੇ ਤੇ ਖਿਤੀਆਂ ਦਿੱਸ ਆ ਰਹੀਆਂ ਹਨ[1] । ਰਾਣੀ ਮਨੁਖ ਸਮਾਜ ਵਿਚ ਅਸਰਾਈਲੀਆਂ ਦੇ ਕਾਨੂੰਨ, ਈਸਾਈ ਚਰਚਾਂ ਦੇ ਕਾਇਦੇ ਤੇ ਇਸਲਾਮੀ ਸ਼ਰੀਅਤ ਓਸ ਮਨੁਖ ਚਲਨ ਦੀਆਂ ਨਿਸ਼ਾਨੀਆਂ ਹਨ ਜੋ ਆਪਣੇ ਹੁਕਮਾਂ ਨੂੰ ਬਿਨਾਂ ਉਜਰ ਮਨਵਾਣਾ ਚਾਹੁੰਦਾ ਸੀ । ਇਹ ਹੁਕਮ ਭਾਵੇਂ ਕਿਤਨੇ ਵੀ ਉੱਚੇ ਕਿਉਂ ਨਾ ਹੁੰਦੇ ਫਿਰ ਵੀ ਇਕ ਸਮੇਂ ਤੋਂ ਇਕ ਦੇਸ਼ ਦੇ ਹੋਣ ਕਰਕੇ ਸਰਬ ਦੇਸ਼ ਤੇ ਸਰਬ ਕਾਲ ਵਿਚ ਹੂਬਹੂ ਮੰਨੇ ਜਾਣੇ ਮੁਸ਼ਕਲ ਸਨ ਜਿਸ ਕਰਕੇ ਪਹਿਲਾਂ ਬੇਗਾਨਿਆਂ ਤੇ ਪਿਛੋਂ ਆਪਣੇ ਵਿਚੋਂ

1. ਖ਼ਿਲਾਫ਼ੇ ਰਾਏ ਸੁਲਤਾਂ ਰਾਏ ਜੁਸਤਨ ਬਖ਼ੂਨ ਖੇਸ਼ ਬਾਸ਼ਦ ਦਸਤ ਸ਼ਸਤਨ ।
ਅਗਰ ਸ਼ਾਹ ਰੋਜ਼ ਰਾ ਗੋਇਦ ਸ਼ਬਸਤੀ ਬਬਾਇਦ ਗੁਫ਼ਤ ਈਨਕ ਮਾਹੋ ਪਰਵੀ ॥
*(ਸਾਦੀ)*

ਸਿਆਣਿਆਂ ਨੇ ਇਹਨਾਂ ਦੀ ਮਨੌਤ ਤੋਂ ਉਜ਼ਰ ਕੀਤੇ । ਉਜ਼ਰ ਕਰਨ ਵਾਲਿਆਂ ਤੇ ਭਾਰੇ ਜ਼ੁਲਮ ਕੀਤੇ ਗਏ । ਬਿਲਾ ਉਜ਼ਰ ਹੁਕਮ ਮਨਾਣ ਵਾਲੇ ਅਸਮਾਨੀ ਮਾਲਕ ਦੇ ਮਿਹਰ ਦੇ ਮਾਂਗਤ ਮਨੁਖ ਨੇ ਆਪਣੇ ਹੁਕਮ ਵੀ ਬਿਲਾ ਉਜ਼ਰ ਮਨਵਾਣੇ ਚਾਹੇ । ਉਹ ਮਤਭੇਦ ਰਖਣ ਵਾਲਿਆਂ ਤੇ ਖਿੱਝ ਪਿਆ । ਖਿਝਿਆ ਹੋਇਆ ਭਾਰੀ ਅਤਿਆਚਾਰਾਂ ਤੇ ਉਤਰ ਪਿਆ । ਯਹੂਦੀਆਂ ਦੀ ਗ਼ੈਰ ਅਸਰਾਈਲੀਆਂ ਦੇ ਖ਼ਿਲਾਫ਼ ਨਫ਼ਰਤ ਤੇ ਯੇਹਵਾ (ਯਹੂਦੀਆਂ ਦਾ ਮੰਨਿਆਂ ਹੋਇਆ ਖੁਦਾ) ਦੀ ਨਿਵਾਜੀ ਹੋਈ ਇਸ ਖ਼ਾਸ ਕੌਮ ਦੀ ਬਾਕੀ ਦੀ ਮਨੁਖ ਜਾਤੀ ਨੂੰ ਘਿਰਨਾ ਨਾਲ ਦੇਖਣ, ਈਸਾਈਆਂ ਦੇ ਮੁਖ਼ਤਲਿਫ਼ ਫ਼ਿਕਰਿਆਂ ਦੇ ਇਕ ਦੂਜੇ ਤੇ ਜ਼ੁਲਮ ਤੇ ਇਸਲਾਮੀ ਬਹੱਤਰ ਫ਼ਿਕਰਿਆਂ ਦੀ ਆਪਸ ਵਿਚ ਨਫ਼ਰਤ ਭਰੀ ਵਰਤੋਂ ਇਸ ਗੱਲ ਨੂੰ ਸਾਫ਼ ਦਸ ਰਹੀ ਹੈ ਕਿ ਫ਼ਲਸਤੀਨ ਦੇ ਪਹਾਰੇ ਵਿਚੋਂ ਘੜਿਆ ਹੋਇਆ ਮਨੁਖ ਚਲਨ ਇਕ ਅਜਿਹੇ ਖ਼ੁਸ਼ਾਮਦੀ ਦਾ ਚਲਨ ਸੀ, ਜੋ ਆਪੋ ਉਤਲੇ ਦੀ ਖ਼ੁਸ਼ਾਮਦ ਕਰਦਾ ਤੇ ਨੀਵਿਆਂ ਤੋਂ ਖ਼ੁਸ਼ਾਮਦ ਕਰਾਉਂਦਾ ਤੇ ਨਾ ਕਰਨ ਵਾਲਿਆਂ ਤੇ ਸਖ਼ਤੀ ਕਰਦਾ ਸੀ ।

SIKHBOOKCLUB.COM

ਦੂਸਰੀ ਮਨੁਖ-ਚਲਨ ਦੀ ਘਾੜਤ ਘੜਨ ਵਾਲੀ ਟਕਸਾਲ ਵਿਚ ਮਨੁਖ ਨੂੰ ਆਪਣੀ ਅਣਹੋਂਦ ਤੇ ਨਿਰਾਸਤਾ ਦਾ ਪੈਗ਼ਾਮ ਦਿਤਾ ਗਿਆ ਸੀ । ਜਿਸ ਤਰ੍ਹਾਂ ਅਸਰਾਈਲੀਆਂ ਦੇ ਖ਼ਿਆਲ ਵਿਚ ਮਨੁਖ ਆਪੋਂ ਬੇਵਸ, ਤੇ ਕਿਸੇ ਦੇ ਦਰਵਾਜ਼ੇ ਦਾ ਮਾਂਗਤ ਸੀ, ਜਿਸ ਤਰ੍ਹਾਂ ਈਸਾਈ ਦੇ ਖ਼ਿਆਲ ਵਿਚ ਮਨੁਖ ਆਦਮ ਦੀ ਸੰਤਾਨ ਹੋਣ ਕਰਕੇ ਪੈਦਾਇਸ਼ੀ ਗੁਨਾਹਗਾਰ ਸੀ, ਉਸੇ ਤਰ੍ਹਾਂ ਹੀ ਭਾਰਤ ਦੇ ਪੁਰਾਣੇ ਰਿਸ਼ੀ ਦੇ ਖ਼ਿਆਲ ਵਿਚ ਮਨੁਖ ਸੰਸਾਰ ਦੇਹ ਤੇ ਪ੍ਰਾਣਾਂ ਤੋਂ ਬਿਲਕੁਲ ਅਡਰੀ ਇਕ ਸੂਖਸ਼ਮ ਤੇ ਅਗੰਮ ਹਸਤੀ ਸੀ ਜਿਸ ਦਾ ਸੰਸਾਰ ਨਾਲ ਕੋਈ ਤੁਅੱਲਕ ਨਹੀਂ ਸੀ । ਉਹ ਜਗਤ ਨੂੰ ਇਕ ਭਰਾਂਤੀ ਯਾ ਫਲ ਰੂਪ ਬੰਧਨ ਸਮਝਦੀ ਸੀ । ਉਹ ਜਗਤ ਦਿਆਂ ਪਲਟਿਆਂ ਵਿਚੋਂ ਨਵੇਂ ਜੀਵਨ ਦਾ ਸੰਦੇਸ਼ ਸੁਣਨ ਦੀ ਥਾਂ ਉਨ੍ਹਾਂ ਨੂੰ ਮੌਤ ਦਾ ਸੂਚਕ ਸਮਝਦੀ ਸੀ, ਜਿਸ ਕਰਕੇ ਚੌਹਾਂ ਪਾਸਿਆਂ ਤੋਂ

ਉਸ ਨੂੰ ਮੌਤ ਹੀ ਮੌਤ ਵਿਖਾਈ ਦੇਂਦੀ ਸੀ । ਉਹ ਮੌਤ ਦੇ ਭਿਆਵਲੇ ਦ੍ਰਿਸ਼ ਤੋਂ ਭੈ ਭੀਤ ਹੋ ਜਗਤ ਵਿਚੋਂ ਕਿਤੇ ਲਾਂਭੇ ਨਸ ਜਾਣ ਦਾ ਯਤਨ ਕਰਦੀ ਸੀ । ਉਹ ਜਗਤ ਨੂੰ ਨਾਸਵੰਤ ਕਹਿੰਦੀ ਕਹਿੰਦੀ ਏਥੋਂ ਤਕ ਪੁਜ ਗਈ ਕਿ ਉਸ ਦੀ ਇਕ ਵੱਡੀ ਸ਼ਰੇਣੀ ਨੂੰ ਆਪਣੀ ਹਸਤੀ ਦੀ ਹੋਂਦ ਤੇ ਹੀ ਸ਼ੱਕ ਪੈ ਗਿਆ । ਨਿਰਾ ਸ਼ੱਕ ਹੀ ਨਾ ਪਿਆ ਸਗੋਂ ਉਹ ਪਰਗਟ ਤੌਰ ਤੇ ਕਹਿਣ ਲਗ ਪਈ ਕਿ ਜਗਤ ਵਿਚ ਕੋਈ ਹਸਤੀ ਹੈ ਹੀ ਨਹੀਂ ਜਿਸ ਕਰਕੇ ਮੈਂ ਆਪ ਵੀ ਹਸਤੀ ਨਹੀਂ, ਕੁਝ ਪ੍ਰਮਾਣੂਆਂ ਤੋਂ ਜੁੜ ਕੇ ਇਹ ਹਸਤੀ ਬਣਦੀ ਹੈ ਜੋ ਪ੍ਰਮਾਣੂਆਂ ਦੇ ਖਿੰਡਨ ਨਾਲ ਖ਼ਤਮ ਹੋ ਜਾਂਦੀ ਹੈ । ਉਹ ਖਿੰਡਿਆ ਹੋਇਆ ਪ੍ਰਮਾਣੂ ਵੀ ਆਪਣੀ ਜ਼ਾਤ ਵਿਚ ਇਕੱਲਾ ਹੋਰ ਪ੍ਰਮਾਣੂਆਂ ਤੋਂ ਜੁੜ ਕੇ ਬਣਿਆ ਹੈ, ਜਿਨ੍ਹਾਂ ਓੜਕ ਨੂੰ ਖਿੰਡ ਹੀ ਜਾਣਾ ਹੈ । ਇਹ ਨਿਰਾ-ਸਤਾ ਭਰੀ ਮਨੁਖ ਜੀਵਨ ਦੀ ਤਸਵੀਰ ਨੂੰ ਤੱਕ ਇਨਸਾਨ ਅਜਿਹਾ ਉਦਾਸ ਹੋਇਆ ਕਿ ਉਹ ਵਸਤੀ ਵਲੋਂ ਵੀਰਾਨਿਆਂ ਵਲ ਉਠ ਭੱਜਾ[1] । ਭਾਰਤ ਦੇਸ਼ ਦੇ ਅਣ-ਗਿਣਤ ਸਨਿਆਸੀ ਬੋਧ ਦੇਸ਼ਾਂ ਦੇ ਬੇਅੰਤ ਭਿਖਸ਼ੂ ਤੇ ਜੈਨੀਆਂ ਦੇ ਸਾਧੂ ਉਸ ਮਨੁੱਖ ਜੀਵਨ ਦੀਆਂ ਨਿਸ਼ਾਨੀਆਂ ਹਨ ਜੋ ਇਸ ਪਹਾਰੇ ਵਿਚ ਮਾਯੂਸੀਆਂ, ਨਾ-ਉਮੈਦੀਆਂ, ਉਪਰਾਮਤਾ ਤੇ ਨਿਰਾਸਤਾ ਦੇ ਅੰਗਾਂ ਨੂੰ ਜੋੜ ਕੇ ਬਣਾਇਆ ਗਿਆ ਸੀ ।

ਪੁਰਾਣੇ ਯੁਗ ਦੇ ਮਨੁਖ ਚਲਣ ਦੇ ਦੋਹਾਂ ਪਹਿਲੂਆਂ ਦੇ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਪਿਛਲਾ ਯੁਗ ਨਾ-ਮੁਕੰਮਲ ਮਨੁਖ ਯੁਗ ਸੀ । ਉਹ ਯਾ ਗੁਲਾਮ ਮਾਂਗਤ ਸੀ ਤੇ ਯਾ ਨਿਰਾਸ ਭਿਖਸ਼ੂ । ਗੁਲਾਮ, ਗੁਲਾਮ ਬਣਾਉਂਦਾ ਸੀ ਤੇ ਮਾਂਗਤ, ਮੰਗਤਿਆਂ ਨੂੰ ਹੀ ਦੇਂਦਾ ਸੀ । ਬਰਾਬਰੀ ਪਸੰਦ ਨਹੀਂ ਸੀ ਕਰਦਾ । ਜਿਸ ਨੇ ਬਰਾਬਰੀ ਕੀਤੀ ਉਸ ਨੂੰ ਮਾਰਨ ਉਠ ਪਿਆ ਬੇਗਾਨੇ ਤਾਂ ਕਿਤੇ ਰਹੇ ਆਪਣੇ ਵੀ ਓਸ ਦੀ ਮਾਰੋਂ ਨਾ ਬਚ ਸਕੇ । ਪ੍ਰੋਟੈਸਟੈਂਟ ਫ਼ਿਰਕੇ ਉਤੇ ਕੈਥੋਲੈਕਾਂ ਦੇ ਅਤਿਆਚਾਰ ਤੇ

---

1. ਬਚਨ ਖਲੋ ਕੇ ਜਿਸ ਜਗਹ ਪਰੇ ਨਾ ਕਰਨ ਮਝਾਰ ।
ਐਸੇ ਨਿਰਜਨ ਬਨ ਬਿਖੇ ਬਸੇ ਬੁਧ ਬਲਧਾਰ ।

*(ਭਰਥਰੀ)*

ਜ਼ੋਰ ਪੈਣ ਤੇ ਉਨ੍ਹਾਂ ਦਾ ਜਵਾਬ, ਸ਼ੀਆਂ ਉਥੇ ਸੁੰਨੀਆਂ ਦੇ ਧੱਕੇ, ਸੁੰਨੀਆਂ ਉਤੇ ਸ਼ੀਆਂ ਦੇ ਤੱਬਰੇ, ਖਾਰਜੀਆਂ ਦੇ ਇਹਨਾਂ ਦੋਹਾਂ ਤੇ ਵਾਰ, ਕਰਬਲਾ ਵਿਚ ਮਾਸੂਮ ਬੱਚਿਆਂ ਦੇ ਕਤਲ, ਸੱਮਸ਼ ਜਿਹਾਂ ਦੀ ਪੁਠੀ ਖੱਲ ਲਾਹਣੀ, ਮਨਸੂਰ ਵਰਗਿਆਂ ਨੂੰ ਸੂਲੀ, ਸਰਮਦ ਜਿਹਾਂ ਦੀ ਗਰਦਨ ਜ਼ਦਨੀ ਤੇ ਕੁਰਾਤੁਲਐਨ ਵਰਗੀਆਂ ਕੁੜੀਆਂ ਦੀ ਬੇ-ਗੁਨਾਹ ਮੌਤ ਵਰਗੀਆਂ ਘਟਨਾਵਾਂ ਇਸ ਨਾ ਮੁਕੰਮਲ ਮਨੁਖ ਦੇ ਖਿੜੇ ਹੋਏ ਮਨੁਖ ਚਲਨ ਦੀ ਅਵੱਸਥਾ ਨੂੰ ਪ੍ਰਗਟ ਕਰ-ਦੀਆਂ ਹਨ । ਏਸ ਤਰ੍ਹਾਂ ਹੀ ਭਾਰਤ ਦਾ ਹਜ਼ਾਰਾਂ ਬਰਸਾਂ ਤੋਂ ਗ਼ੁਲਾਮ ਰਹਿਣਾ, ਤਿੱਬਤ ਦਾ ਮਦਹੋਸ਼, ਬਰਮਾ ਦਾ ਉਂਗਲਟਿਆ ਹੋਇਆ ਤੇ ਚੀਨ ਦਾ ਅਫੀਮੀ ਜਿਹਾ ਜੀਵਨ ਪੁਰਾਣੇ ਨਿਰਾਸ਼ ਮਨੁਖ ਚਲਨ ਦੀਆਂ ਪ੍ਰਤੱਖ ਤਸਵੀਰਾਂ ਹਨ। ਇਹੀ ਕਾਰਨ ਹੈ ਕਿ ਨਵੇਂ ਜੁਗ ਦੇ ਸੰਦੇਸ਼ ਨਾਲ ਹੀ ਨਵਾਂ ਮਨੁਖ ਚਲਨ ਬਿਆਨ ਕੀਤਾ ਗਿਆ । ਜੇ ਐਉਂ ਕਹਿ ਦੇਈਏ ਤਾਂ ਗ਼ਲਤ ਨਹੀਂ ਹੋਵੇਗਾ ਕਿ ਨਵੇਂ ਮਨੁਖ ਚਲਨ ਦਾ ਦਰਸਾਣਾ ਹੀ ਨਵੇਂ ਜੁਗ ਦੀ ਖਬਰ ਦੇਣਾ ਹੈ।

ਹਰ ਸੁਬਹ ਨੂੰ ਅੈਕਾਸ਼ ਤੇ ਸੂਰਜ ਦੇ ਚੜ੍ਹਨ ਤੋਂ ਪਹਿਲਾਂ ਲਾਲੀ ਘੁਮਦੀ ਹੈ । ਇਸ ਲਾਲੀ ਵਿਚੋਂ ਭਾਵੇਂ ਹਲਕੀ ਰੋਸ਼ਨੀ ਨਿਕ-ਲਦੀ ਹੈ, ਪਰ ਇਹ ਰੋਸ਼ਨੀ ਕਿਸੇ ਆਵਣ ਵਾਲੇ ਭਾਰੇ ਪ੍ਰਕਾਸ਼ ਦੀ ਖ਼ਬਰ ਦੇ ਰਹੀ ਹੁੰਦੀ ਹੈ । ਇਸੇ ਤਰ੍ਹਾਂ ਹੀ ਨਵੇਂ ਜੁਗ ਦੇ ਆਵਣ ਤੋਂ ਪਹਿਲਾਂ ਮਨੁਖ ਚਲਨ ਦੇ ਆਕਾਸ਼ ਵਿਚ ਪਹੁ ਫੁਟਾਲੇ ਦੀ ਲਾਲੀ ਘੁੰਮੀ ਸੀ। ਉਸ ਨੇ ਪ੍ਰਕਾਸ਼ ਤਾਂ ਭਾਵੇਂ ਹਲਕਾ ਜੇਹਾ ਹੀ ਕੀਤਾ ਸੀ, ਪਰ ਉਸ ਤੋਂ ਚੜ੍ਹਨ ਵਾਲੇ ਸੂਰਜ ਦਾ ਅਨੁਮਾਨ ਜ਼ਰੂਰ ਹੁੰਦਾ ਸੀ । ਇਸ ਲਾਲੀ ਵਿਚ ਪੁਰਾਣੇ ਮਨੁਖ ਚਲਨ ਤੋਂ ਇਨਕਾਰ ਕੀਤਾ ਗਿਆ ਸੀ ਤੇ ਨਵੇਂ ਜੀਵਨ ਦੀ ਗੱਲ ਸੰਗਦਿਆਂ ਸੰਗਦਿਆਂ ਦਸੀ ਜਾ ਰਹੀ ਸੀ । ਹਾਂ ਇਹ ਜ਼ਰੂਰ ਕਿਹਾ ਗਿਆ ਸੀ ਕਿ ਪਿਛਲਾ ਨਿਜ਼ਾਮ ਖ਼ਤਮ

ਹੋਣ ਵਾਲਾ ਹੈ[1] । ਨਵੇਂ ਦਾ ਝਲਕਾ ਵੀ ਪੈਂਦਾ ਸੀ ਪਰ ਓਸ ਦੇ ਬਿਆਨ ਕਰਨ ਤੋਂ ਝਿਜਕ ਸੀ । ਮਸਤਾਨਾ ਵਾਰ ਨਾਹਰੇ ਤਾਂ ਵਜਦੇ ਸਨ, ਪਰ ਮਰਯਾਦਾ ਚਲਾਣ ਵਾਲੀ ਚਰਚਾ ਨਹੀਂ ਸੀ ਕੀਤੀ ਜਾਂਦੀ । ਅਜਿਹਾ ਕਰਨ ਤੋਂ ਭੈ ਲਗਦਾ ਸੀ ਕਿਉਂਕਿ ਨਵੇਂ ਜੁਗ ਦਾ ਨਵਾਂ ਮਨੁਖ ਮੁਕੰਮਲ ਇਨਸਾਨ ਹੋਣਾ ਸੀ । ਉਹ ਗ਼ੁਲਾਮ ਨਹੀਂ ਸੀ ਰਹਿਣਾ, ਜਿਸ ਕਰਕੇ ਓਸ ਨੇ ਕਿਸੇ ਨੂੰ ਗ਼ੁਲਾਮ ਨਹੀਂ ਸੀ ਰਖ ਸਕਣਾ । ਉਹ ਬਰਾਬਰੀ ਦਾ ਦਾਹਵੇਦਾਰ ਹੋਣਾ ਸੀ, ਜਿਸ ਕਰਕੇ ਪੁਰਾਤਨਤਾ ਨੇ ਜੋ ਉਚੇ ਨੀਵੇਂ ਦਰਜਿਆਂ ਦੀ ਕਾਇਲ ਸੀ, ਕੁਦਰਤੀ ਤੌਰ ਤੇ ਓਸ ਆਵਾਜ਼ ਨੂੰ ਮਾਰਨ ਲਈ ਉਠ ਖੜੋਨਾ ਸੀ ।

ਕਈਆਂ ਨੂੰ ਮਾਰਾਂ ਵੀ ਪਈਆਂ, ਕਈਆਂ ਦੀਆਂ ਖੱਲਾਂ ਵੀ ਉਧੜੀਆਂ ਜਿਸ ਕਰਕੇ ਇਹ ਆਵਾਜ਼ ਮੱਧਮ ਜਿਹੀ ਰਹੀ[2] । ਪਰ ਇਸ ਗੱਲ ਤੋਂ ਇਨਕਾਰ ਨਹੀਂ ਹੋ ਸਕਦਾ ਕਿ ਗੁਰੂ ਨਾਨਕ ਸਾਹਿਬ ਦੇ ਰਾਹੀਂ ਮਿਲੇ ਨਵੇਂ ਜੁਗ ਦੇ ਮਨੁਖ ਜੀਵਨ ਦੇ ਸੰਦੇਸ਼ ਦਾ ਸੂਰਜ ਚੜ੍ਹਨ ਤੋਂ ਪਹਿਲਾਂ ਭਗਤ ਸ਼ਰੇਣੀ ਦੇ ਜਲਾਲ ਦੀ ਲਾਲੀ ਮਨੁਖ ਜੀਵਨ ਦੇ ਅਕਾਸ਼ ਤੇ ਧੁੰਮ ਚੁਕੀ ਸੀ। ਇਹ ਨਵੇਂ ਜੁਗ ਦੀ ਆ ਰਹੀ ਰੌਸ਼ਨੀ ਨੂੰ ਤੱਕ ਉਤਸ਼ਾਹ ਨਾਲ ਭਰਪੂਰ ਹੋ ਉਛਲ ਪਏ । ਭਗਤ ਕੇਵਲ ਮਨੁਖ ਚਲਨ ਦੇ ਉਸ ਹਿੱਸੇ ਦੇ ਵਿਰੁਧ ਹੀ ਨਾ ਬੋਲ ਉਠੇ ਜੋ ਕਿ ਮਨੁਖ ਨੂੰ ਗ਼ੁਲਾਮ ਤੇ ਮਾਂਗਤ ਬਣਾਂਦਾ ਸੀ, ਸਗੋਂ

1. ਚਿਹ ਤਦਬੀਰ ਐ ਮੁਸਲਮਾਨਾਂ ਕਿ ਮਨ ਖ਼ੁਦ ਰਾ ਨਮੀ ਦਾਨਮ ।
ਨ ਤਰਸਾ ਓ ਯਹੂਦੀਅਮ ਨਹ ਗਿਬਰਮ ਨਹ ਮੁਸਲਮਾਨਮ ।
ਨਾ ਅਜ਼ ਆਦਮ ਨਾ ਅਜ਼ ਹੱਵਾ ਨਾ ਅਜ਼ ਖ਼ਾਨਮ ਨਾ ਅਜ਼ ਬਾਦਮ ।
ਨਾ ਅਜ਼ ਮੁਲਕੇ ਅਰਾਕੀਅਮ ਨਾ ਅਜ਼ ਖ਼ਾਕੇ ਖ਼ੁਰਾਸਾਨਮ ।

*(ਸ਼ਮਸ ਤਬਰੇਜ਼ੀ)*

ਨ ਮੈਂ ਆਦਮ ਹੱਵਾ ਦਾ ਜਾਇਆ, ਨਾ ਮੈਂ ਮੁਲਕ ਅਦਮ ਹਥੀਂ ਆਇਆ, ਨ ਪਾਣੀ ਨਾ ਪੌਣ । ਬੁਲ੍ਹੇ ਸ਼ਾਹ ਨਾ ਜਾਣਾ ਮੈਂ ਕੌਣ ।

*(ਬੁਲ੍ਹੇ ਸ਼ਾਹ ਕਸੂਰੀ)*

2. ਇਕ ਵਾਜਬ ਸ਼ਰਤ ਅਦਬ ਦੀ ਏ, ਹਰ ਹਰ ਵਿਚ ਸੂਰਤ ਰੱਬ ਦੀ ਏ,
ਸਾਨੂੰ ਬਾਤ ਮਲੂਮੀ ਸਭ ਦੀ ਏ, ਕਿਤੇ ਜ਼ਾਹਰ ਕਿਤੇ ਛਪੇਂਦੀ ਏ ।
ਜੇ ਜ਼ਾਹਰ ਕਰਾਂ ਇਸਰਾਰ ਤਾਈਂ, ਸਾਰੇ ਭੁਲ ਜਾਵਨ ਤਕਰਾਰ ਤਾਈਂ,
ਫਿਰ ਮਾਰਨ ਬੁਲ੍ਹੇ ਯਾਰ ਤਾਈਂ, ਏਥੇ ਮਖ਼ਫ਼ੀ ਬਾਤ ਸੁਹੇਂਦੀ ਏ ।

*(ਬੁਲ੍ਹੇ ਸ਼ਾਹ)*

ਉਪਰਾਮ ਤੇ ਨਿਰਾਸ਼ ਬਣਾਉਣ ਵਾਲਿਆਂ ਆਚਰਯਾਂ ਦੇ ਸਤ ਤੇ ਵੀ ਟੀਕਾ ਟਿਪਣੀ ਕਰਨ ਲਗ ਪਏ । ਉਨ੍ਹਾਂ ਨੇ ਇਸ ਮਤ ਦੇ ਮੁੱਢਲੇ ਆਚ-ਰਯ ਬ੍ਰਾਹਮਣ ਨੂੰ ਗਜ ਕੇ ਕਿਹਾ, ਤੇਰੀ ਜੀਵਨ ਜੁਗਤੀ ਵਿਚ ਕੋਈ ਜ਼ਿੰਦਗੀ ਨਹੀਂ, ਖੇੜਾ ਨਹੀਂ, ਉਤਸ਼ਾਹ ਨਹੀਂ । ਮਨੁਖ ਜਾਤੀ ਦੇ ਇਕ ਵੱਡੇ ਹਿਸੇ ਨੇ ਮੁਦਤਾਂ ਤੋਂ ਆਪਣੇ ਆਪ ਨੂੰ ਪਸ਼ੂਆਂ ਵਾਂਗ ਤੇਰੇ ਸਪੁਰਦ ਕਰ ਛੱਡਿਆ ਸੀ। ਉਹ ਤੈਨੂੰ ਆਪਣਾ ਰਖਵਾਲਾ ਸਮਝਦਾ ਰਿਹਾ, ਪਰ ਤੂੰ ਕਦੇ ਵੀ ਓਸ ਦਾ ਪਾਰ ਉਤਾਰਾ ਨਾ ਕੀਤਾ । ਤੂੰ ਸਦਾ ਹੀ ਓਸ ਨੂੰ ਨਿਰਾਸਤਾ ਤੇ ਉਪਰਾਮਤਾ ਦੀਆਂ ਖੱਡਾਂ ਵਿਚ ਚਾਰਦਾ ਫਿਰਿਓਂ ਕਦੇ ਵੀ ਜੀਵਨ ਦੀ ਸਿਖਰ ਚੋਟੀ ਤੇ ਉਤਸ਼ਾਹ ਦੀਆਂ ਬੁਲੰਦੀਆਂ ਤੇ ਨਾ ਲੈ ਗਿਓਂ[1] ਨਿਰਾਸ਼-ਵਾਦੀ ਮਤ ਦੇ ਆਗੂ ਜੀਵਨ ਦੀ ਅਸਲੀ ਬੁਝ ਦੇ ਚਾਰ ਦਿਨ ਕਰਮ ਕਾਂਡਾਂ ਤੇ ਰੀਤਾਂ ਰਸਮਾਂ ਦੇ ਝਮੇਲਿਆਂ ਵਿਚ ਪਾ ਕੇ ਲੰਘਾਉਂਦੇ ਸਨ । 'ਮਨ ਟੁਟਾ' ਹੋਇਆ ਮਨੁਖ ਖਿਝ ਤਾਂ ਕੁਦਰਤੀ ਹੀ ਜਾਂਦਾ ਹੈ, ਸੋ ਬ੍ਰਾ-ਹਮਣ ਦਾ ਸ਼ਾਗਿਰਦ ਵੀ ਖਿਝਿਆ ਹੋਇਆ ਸੀ । ਉਹ ਜ਼ਾਤ ਪਾਤ ਦੇ ਝਮੇਲੇ ਵਿਚ ਪਾ ਮਨੁੱਖ ਜਾਤੀ ਨੂੰ ਪਹਿਲਾਂ ਚਾਰ ਹਿਸਿਆਂ ਵਿਚ ਵੰਡ ਫਿਰ ਅਗਾਂਹ ਇਕ ਇਕ ਹਿਸੇ ਦੇ ਅਨੇਕ ਕਰ ਪਰਸਪਰ ਗਿਲਾਨੀ ਤੇ ਨਫ਼ਰਤ ਦਾ ਪਸਾਰਾ ਪਸਾਰ ਬੈਠਾ ਸੀ । ਜਿਥੇ ਨਿਰਾਸ਼ਾਵਾਦ ਦੇ ਕਾਰਨ ਚੰਗੇ ਮਨੁਖਾਂ ਦੇ ਸਨਿਆਸ ਲੈ ਜੰਗਲਾਂ ਨੂੰ ਚਲੇ ਜਾਣ ਕਰਕੇ ਸਮਾਜ ਪਹਿਲਾਂ ਹੀ ਰਸ ਨਿਕਲੀਆਂ ਪੱਛੀਆਂ ਵਾਂਗ ਫਿੱਕਾ ਪੈ ਰਿਹਾ ਸੀ, ਉਥੇ ਵਰਨ ਆਸ਼੍ਰਮ ਦੀਆਂ ਵੰਡ ਤੇ ਜ਼ਾਤ ਪਾਤ ਦਿਆਂ ਝਮੇਲਿਆਂ ਨੇ ਜੀਵਨ ਹੋਰ ਵੀ ਤਲਖ਼ ਕਰ ਦਿਤਾ ਸੀ । ਸੰਤਾਂ ਨੇ ਇਹਨਾਂ ਖ਼ਰਾਬੀਆਂ ਦੇ ਖ਼ਿਲਾਫ ਵੀ ਆਵਾਜ਼ ਉਠਾਈ । ਉਨ੍ਹਾਂ ਨੇ ਬ੍ਰਾਹਮਣ ਨੂੰ ਵੰਗਾਰ ਕੇ ਆਖਿਆ : ਮਨੁਖ ਜਾਤੀ ਦੀ ਜਨਮ ਤੋਂ ਜਾਤ ਵਿਅਰਥ ਹੈ; ਬ੍ਰਾਹਮਣ ਤੇ ਸੂਦਰ ਦੇ ਵਿਤਕਰੇ ਵਾਧੂ ਹਨ; ਜੇ ਇਨ੍ਹਾਂ ਦੀ ਕੋਈ ਅਸਲੀਅਤ ਹੁੰਦੀ ਤਾਂ ਸਾਰਿਆਂ ਮਨੁਖਾਂ

1. ਹਮ ਗੋਰੂ ਤੁਮ ਗੁਆਰ ਗੁਸਾਈਂ ਜਨਮ ਜਨਮ ਰਖਵਾਰੇ ।
ਕਬਹੂ ਨਾ ਪਾਰ ਉਤਾਰ ਚੜਾਇਓ ਕੈਸੇ ਖਸਮ ਹਮਾਰੇ ।

*(ਕਬੀਰ ਜੀ)*

ਦੀਆਂ ਰਗਾਂ ਵਿਚ ਇਕੋ ਜੇਹਾ ਖ਼ੂਨ ਨਾ ਹੁੰਦਾ, ਸਗੋਂ ਕਿਧਰੇ ਦੂਧ ਤੇ ਕਿਧਰੇ ਲਹੂ[1] । ਗੱਲ ਕੀ ਭਗਤਾਂ ਨੇ ਬ੍ਰਾਹਮਣਾ ਦੇ ਪੁਰਾਣੇ ਨਿਜ਼ਾਮ ਦੇ ਖ਼ਿਲਾਫ ਆਵਾਜ਼ ਉਠਾਈ ਤੇ ਨਵੇਂ ਨਿਜ਼ਾਮ ਦੀ ਉਡੀਕ ਕਰਨ ਲਗੇ ।

ਭਾਵੇਂ ਦੋਹਾਂ ਦੀ ਪੁਰਾਣੇ ਜੀਵਨ ਪਹਾਰਿਆਂ ਤੋਂ ਘੜੇ ਹੋਏ ਮਨੁਖ ਜੀਵਨ ਵਿਚ ਵਾਪਰ ਰਹੀਆਂ ਕਮੀਆਂ ਨੂੰ ਯੁਗ ਦੇ ਅੰਤ ਤੇ ਦੋਹੀਂ ਪਾਸੀ ਕਿਸੇ ਕਿਸੇ ਸੰਤ ਨੇ ਗੱਜ ਵੱਜ ਕੇ ਬਿਆਨ ਕੀਤਾ ਤੇ ਨਵੇਂ ਜੀਵਨ ਦਾ ਨਾਹਰਾ ਵੀ ਮਾਰਿਆ, ਪਰ ਉਹ ਨਵੇਂ ਯੁਗ ਲਈ ਜੀਵਨ ਦਾ ਅਜੇਹਾ ਰਸਤਾ ਕਾਇਮ ਨਾ ਕਰ ਸਕੇ ਜਿਸ ਤੇ ਮਨੁਖ ਜਾਤੀ ਤੁਰ ਸਕਦੀ । ਉਨ੍ਹਾਂ ਦਾ ਹੁਲਾਸ ਜਾਤੀ ਤੇ ਨਾਹਰੇ ਸਖਸ਼ੀ ਸਨ । ਉਹ ਜੀਵਨ ਕਲੀਆਂ ਦੀਆਂ ਵਾਛੜਾਂ ਜ਼ਰੂਰ ਸਨ ਪਰ ਬਾਰਾਂ-ਮਾਹੀ ਵਹਿਣ ਵਾਲੇ ਚਸ਼ਮੇ ਨਹੀਂ ਸਨ । ਇਹੀ ਕਾਰਨ ਹੈ ਕਿ ਉਹ ਆਪਣੀ ਅਨੁਭਵ ਕੀਤੀ ਹੋਈ ਰੌਸ਼ਨੀ ਦੇ ਚਾਨਣ ਵਿਚ, ਆਪਣਾ ਜੀਵਨ ਤਾਂ ਸਫਲ ਕਰ ਗਏ ਪਰ ਮਨੁਖ ਜਾਤੀ ਲਈ ਰਸਤਾ ਕਾਇਮ ਨਾ ਕਰ ਸਕੇ। ਸ਼ੱਮਸ, ਮਨਸੂਰ ਤੇ ਸਰਮਦ ਤਾਂ ਜੀਵਨ ਦੀ ਸਿਖਰ ਤੇ ਚੜ੍ਹੇ ਪਰ ਇਸ ਚੋਟੀ ਤੇ ਚੜ੍ਹਨ ਲਈ ਕੋਈ, ਪਗ-ਡੰਡੀ ਨਾ ਬਣਾ ਸਕੇ । ਉਨ੍ਹਾਂ ਦੇ ਪੈਰਾਂ ਦੇ ਨਿਸ਼ਾਨ ਛੇਤੀ ਹੀ ਪੁਰਾਤਨਤਾ ਦੀ ਸਿਆਹੀ ਨੇ ਮਿਟਾ ਦਿਤੇ । ਕਬੀਰ ਤਾਂ ਸਾਧ ਸੰਗ ਪ੍ਰਗਟ ਹੋ ਗਿਆ ਪਰ ਬਾਕੀ ਦੇ ਕੋਰੇ ਅਛੂਤ ਹੀ ਰਹੇ । ਰਵਿਦਾਸ ਤਾਂ ਲਾਖੀਨਾ ਹੋਇਆ ਪਰ ਚੁਮਾਰ ਜਾਤੀ ਕੌਡੀ ਦੀ ਹੀ ਰਹੀ । ਨਾਮਦੇਵ ਨੇ ਤਾਂ ਦੇਓਰਾ ਵੀ ਫ਼ਿਰਾ ਦਿਤਾ ਪਰ ਛੀਂਬਿਆਂ ਲਈ ਦੇਵ ਮੰਦਰ ਦੇ ਦਰਵਾਜ਼ੇ ਫੇਰ ਵੀ ਨਾ ਖੁਲ੍ਹੇ ਗੱਲ ਕੀ ਇਨ੍ਹਾਂ ਦੂਵੱਲੀ ਦੇਵ ਰੂਹਾਂ ਦੇ ਯਤਨ ਕਿਸੇ ਆਵਣ ਵਾਲੇ ਚਾਨਣ ਦਾ ਇਸ਼ਾਰਾ ਤਾਂ ਦੇਂਦੇ ਰਹੇ; ਪਰ ਉਹ ਚਾਨਣ ਬਣ ਚਮਕਣਾ ਇਨ੍ਹਾਂ ਦੇ ਹਿਸੇ ਨਾ ਆ ਸਕਿਆ । ਇਹ ਕੋਈ ਆਪਣੇ ਵੱਸ ਦੀ ਗੱਲ ਨਹੀਂ ਸੀ, ਕੁਦਰਤ ਦਾ ਨਿਜ਼ਾਮ ਚਲਾਵਨਹਾਰ ਕਾਦਰ ਦੇ ਹੱਥ ਸੀ। ਉਸ ਨੇ ਨਵੇਂ

1. ਤੁਮ ਕਤ ਬ੍ਰਹਮਣ ਹਮ ਕਤ ਸੂਦ । ਹਮ ਕਤ ਲਹੂ ਤੁਮ ਕਤ ਦੂਧ ।

*(ਕਬੀਰ ਜੀ)*

ਜੀਵਨ ਦਾ ਰਾਹ ਚਲਾਉਣਾ ਗੁਰੂ ਨਾਨਕ ਦੇ ਹਿੱਸੇ ਵਿਚ ਰਖਿਆ ਸੀ, ਇਹ ਗਾਡੀ ਰਾਹ [1] ਉਸ ਨੇ ਹੀ ਚਲਾਉਣਾ ਸੀ, ਸੋ ਉਨ੍ਹਾਂ ਚਲਾ ਦਿਤਾ [2] ; ਪਰ ਚਲਾਉਂਦਿਆਂ ਹੋਇਆਂ ਇਨ੍ਹਾਂ ਸਤਪੁਰਖਾਂ ਦੀ ਘਾਲ ਨੂੰ ਵੀ ਅੱਖਾਂ ਤੋਂ ਓਹਲੇ ਨਹੀਂ ਕੀਤਾ, ਸਗੋਂ ਉਸ ਨੂੰ ਅਪਣਾ ਲਿਆ ਗਿਆ। ਨਵੇਂ ਜਗਤ ਜੀਵਨ ਦੇ ਗੀਤ ਗਾਉਣ ਲਗਿਆਂ ਉਨ੍ਹਾਂ ਦੀਆਂ ਸੁਰਾਂ ਭੀ ਨਾਲ ਮਿਲਾ ਲਈਆਂ ਗਈਆਂ ਤੇ ਜਿਸ ਤਰ੍ਹਾਂ ਈਸਾਈਅਤ ਵਿਚ ਯੂਹੱਨਾ ਮਸੀਹ ਦੇ ਆਵਣ ਦੀ ਖ਼ੁਸ਼ਖ਼ਬਰੀ ਦੇਣ ਵਾਲਾ ਤੇ ਮਸੀਹ ਖ਼ੁਦ ਇਕੱਠੇ ਰਲ ਬੈਠੇ ਓਦਾਂ ਹੀ ਨਵੇਂ ਜਗਤ-ਜੀਵਨ ਦੇ ਸੰਦੇਸ਼ ਦੇ ਆਵਣ ਦੀ ਖ਼ਬਰ ਦੇਣ ਵਾਲੇ ਤੇ ਸੰਦੇਸ਼ ਇਕ ਰੂਪ ਹੋ ਜਗਤ ਕਲਿਆਣ ਦਾ ਕਾਰਨ ਬਣੇ।

SIKHBOOKCLUB.COM

---

1. ਗੁਰਮੁਖ ਗਾਡੀ ਰਾਹ ਚਲਾਇਆ।
2. ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ।

*(ਭਾਈ ਗੁਰਦਾਸ ਜੀ)*

# ਨਵਾਂ ਮਨੁਖ

ਇਹ ਵਿਚਾਰ ਪਿਛੇ ਆ ਚੁਕੀ ਹੈ ਕਿ ਯੁਗ ਪਲਟਾ ਅਸਲ ਵਿਚ ਮਨੁੱਖ ਚਲਣ ਦਾ ਹੀ ਪਲਟਾ ਹੈ । ਮਨੁੱਖ ਪਲਟੇ ਤੇ ਮਨੁੱਖ ਯੁਗ ਪਲਟਾਂ-ਦਾ ਹੈ । ਗੁਰੂ ਨਾਨਕ ਸਾਹਿਬ ਨੇ ਯੁਗ ਪਲਟੇ ਦੀ ਖ਼ਬਰ ਦਿਤੀ ਹੈ । ਨਵੇਂ ਯੁਗ ਦੇ ਆਵਣ ਦਾ ਸੰਦੇਸ਼ ਪੁਚਾਇਆ ਹੈ । ਉਸ ਦਾ ਰੂਪ ਮਨੁੱਖ ਚਲਣ ਨੂੰ ਨਵੇਂ ਰੂਪ ਵਿਚ ਢਾਲਣਾ ਹੈ । ਉਨ੍ਹਾਂ ਨੇ ਇਸ ਬੜੇ ਕਾਰਜ ਨੂੰ ਦਸ ਮਨੁੱਖ ਤਨ ਧਾਰ ਕੇ ਕੀਤਾ ਹੈ । ਪਹਿਲੀ ਚੀਜ਼ ਜੋ ਉਨ੍ਹਾਂ ਦੇ ਸੰਦੇਸ਼ ਵਿਚ ਆਈ, ਉਹ ਇਹ ਸੀ ਕਿ ਮਨੁੱਖ ਮਾਂਗਤ ਨਹੀਂ, ਸਗੋਂ ਜਗਤ-ਜੀਵਨ ਦਾ ਨਿਜ ਰੂਪ ਹੋਣ ਕਰਕੇ ਕੁਲ-ਮਾਲਕ ਬਾਦਸ਼ਾਹ ਹੈ । ਗ਼ੁਲਾਮ ਚਾਕਰ ਨਹੀਂ। ਮੰਗਣ ਏਸ ਦਾ ਆਪਣਾ ਸੁਭਾਵ ਨਹੀਂ, ਗ਼ਲਤ ਤਾਲੀਮ ਦੇ ਨਸ਼ੇ ਵਿਚ ਮਦਹੋਸ਼ ਹੋ ਭਿਖਾਰੀ ਬਣਿਆ ਹੋਇਆ ਹੈ । ਜੇ ਜਾਗ ਪਵੇ ਤਾਂ ਵਿਸ਼ਵ ਦਾ ਰਾਜਾ ਹੈ । ਇਹ ਮਾਂਗਤਪਣ ਤੇ ਗ਼ੁਲਾਮੀ ਉਸੇ ਤਰ੍ਹਾਂ ਹੀ ਹੈ ਜਿਸ ਤਰ੍ਹਾਂ ਕੋਈ ਮਹਾਰਾਜਾ ਸੌਂ ਜਾਵੇ ਤੇ ਸੁਫ਼ਨੇ ਵਿਚ ਭਿਖਾਰੀ ਬਣ ਦਰਵਾਜ਼ੇ ਦਰ-ਵਾਜ਼ੇ ਮੰਗੇ; ਪਰ ਜਾਗ ਦੇ ਆਉਣ ਨਾਲ ਹੀ ਉਸ ਦੀ ਇਹ ਦੀਨ ਦਸ਼ਾ ਮੁਕ ਜਾਵੇਗੀ । ਸੁਰਤ ਸੰਭਲਦਿਆਂ ਹੀ ਉਹ 'ਦੀਨ ਭਿਖਾਰੀ' ਤੋਂ 'ਦਾਤਾ ਨਰਪਤ[1] ਬਣ ਜਾਵੇਗਾ । ਇਹੋ ਹੀ ਹਾਲਤ ਮਨੁੱਖ ਦੀ ਹੈ । ਗੁਰੂ ਬਾਬੇ ਨੇ

1. ਨਰਪਤ ਏਕ ਸਿੰਘਾਸਨ ਸੋਇਆ ਸੁਪਨੇ ਭਇਆ ਭਿਖਾਰੀ ।
ਅਛਤ ਰਾਜ ਬਿਛਰਤ ਦੁਖ ਪਾਇਆ ਸੋ ਗਤਿ ਭਈ ਹਮਾਰੀ ।

*(ਰਵਿਦਾਸ ਜੀ)*

ਦਸਿਆ ਕਿ ਉਹ ਜਗਤ-ਜੀਵਨ ਦਾ ਨਿਜ ਸ੍ਵਰੂਪ ਹੋਣ ਕਰਕੇ ਜਗਤ ਸ਼ਰੋਮਣੀ ਦਾਤਾ ਹੈ । ਓਸ ਦਾ ਮਾਲਕ ਆਸਮਾਨ ਤੇ ਨਹੀਂ ਰਹਿੰਦਾ, ਓਸ ਦੇ ਹਿਰਦੇ ਵਿਚ ਰਹਿੰਦਾ ਹੈ । ਜਿਸ ਤਰ੍ਹਾਂ ਸ਼ੀਸ਼ੇ ਵਿਚ ਪ੍ਰਛਾਵਾਂ ਤੇ ਫੁੱਲਾਂ ਵਿਚ ਖੁਸ਼ਬੂ ਰਹਿੰਦੀ ਹੈ, ਉਸੇ ਤਰ੍ਹਾਂ ਹੀ ਤੇਰਾ ਮਾਲਕ ਤੇਰੇ ਨਾਲ ਰਹਿੰਦਾ[1] ਹੈ । ਨਾਲ ਕੀ ਰਹਿਣਾ ਹੋਇਆ ? ਤੂੰ ਓਹਦੇ ਵਿਚ, ਓਹ ਤੇਰੇ ਵਿਚ ਹੈ। ਓਤ ਪੋਤ ਮਿਲਾਪ ਹੋ ਰਿਹਾ ਹੈ । ਜੇ ਤੂੰ ਆਪਾ ਪਛਾਣੇ ਤਾਂ ਜਿਸ ਤਰ੍ਹਾਂ ਸੂਰਜ ਵਿਚ ਕਿਰਨ ਤੇ ਸਾਗਰ ਵਿਚ ਲਹਿਰ ਰਹਿੰਦੀ ਹੈ, ਉਸੇ ਤਰ੍ਹਾਂ ਤੇਰਾ ਤੇ ਓਸ ਦਾ ਸੰਬੰਧ ਹੈ ਓਹ ਤੈਥੋਂ ਪਰੇ ਨਹੀਂ ਤੇ ਤੂੰ ਓਸ ਬਿਨਾਂ ਨਹੀਂ[2]। ਇਹ ਭੁਲੇਖਾ ਕਿ ਤੂੰ ਫ਼ਰਸ਼ ਤੇ ਹੈਂ ਤੇ ਓਹ ਅਰਸ਼ ਤੇ, ਤੈਨੂੰ ਪਾਇਆ ਗਿਆ ਹੈ; ਕਿਉਂ ਕਿ ਤੂੰ ਭਾਵੇਂ ਫ਼ਰਸ਼ ਤੇ ਪਿਆ ਹੋਵੇਂ, ਓਹ ਤਾਂ ਅਰਸ਼ ਤੇ ਨਹੀਂ ਬੱਝਾ ਬੈਠਾ। ਜਗਤ-ਜੀਵਨ ਵਿਆਪਕ ਹੈ, ਉਹ ਹਰ ਥਾਂ ਹੈ । ਇਹ ਭੁਲ ਕੇ ਵੀ ਨਾ ਜਾਣੀਂ ਕਿ ਉਹ ਕਿਧਰੇ ਦੂਰ ਹੈ । ਉਹ ਹਰ ਜਗ੍ਹਾ ਹਾਜ਼ਰ ਹੈ, ਇਹੀ ਕਾਰਨ ਹੈ ਕਿ ਹਰ ਕਿਸੇ ਦੀ ਸੁਣਦਾ ਤੇ ਹਰ ਕਿਸੇ ਨੂੰ ਵੇਖਦਾ[3] ਹੈ । ਜਿਸ ਤਰ੍ਹਾਂ ਬਿਜਲੀ ਦੀ ਲਹਿਰ ਪਾਵਰ ਹਾਊਸ ਵਿਚੋਂ ਨਿਕਲ ਕੇ ਸਾਰੀ ਤਾਰ ਵਿਚ ਵਿਆਪ ਰਹੀ ਹੁੰਦੀ ਹੈ, ਉਹ ਕਿਤੇ ਵੀ ਘੱਟ ਵੱਧ ਨਹੀਂ ਹੁੰਦੀ ਤੇ ਜਿਥੇ ਵੀ ਸਵਿਚ ਜੁੜਦਾ ਹੈ, ਉਥੇ ਹੀ ਬੱਤੀ ਵਿਚੋਂ ਆਪਣਾ ਚਾਨਣ ਦੇ ਦੇਂਦੀ ਹੈ; ਚਾਨਣ ਦਾ ਮੱਧਮ ਜਾਂ ਤੇਜ਼ ਹੋਣਾ ਬੱਤੀ ਦੀ ਹੈਸੀਅਤ ਤੇ ਹੈ; ਪਰ ਚਾਨਣ ਬਿਜਲੀ ਦਾ ਪ੍ਰਕਾਸ਼ ਹੈ, ਬਿਜਲੀ ਰੂਪ ਨਹੀਂ; ਬਿਜਲੀ ਆਪਣੇ ਰੂਪ ਵਿਚ ਸਾਰੀ ਤਾਰ ਵਿਚ ਇਕੋ ਜੇਹੀ ਵਿਆਪ ਰਹੀ ਹੁੰਦੀ ਹੈ;

---

1. ਪੁਹਪ ਮਧ ਜਿਉ ਬਾਸ ਬਸਤ ਹੈ ਮੁਕਰ ਮਾਹਿ ਜੈਸੇ ਛਾਈ ।
ਤੈਸੇ ਹੀ ਹਰਿ ਬਸੈ ਨਿਰੰਤਰ ਘਟ ਹੀ ਖੋਜਹੁ ਭਾਈ ।
2. ਸੂਰਜ ਕਿਰਨ ਮਿਲੇ ਜਲ ਕਾ ਜਲ ਹੂਆ ।
ਜੋਤੀ ਜੋਤ ਰਲੀ ਸੰਪੂਰਨ ਥੀਆ ਰਾਮ ॥

*(ਬਿਲਾਵਲ ਮਹਲਾ ੫)*

3. ਏਹ ਮਨ ਮਤ ਜਾਨਹੁ ਹਰਿ ਦੂਰ ਹੈ ਵੇਖ ਹਦੂਰ ।
ਸਦਾ ਸੁਨਦਾ ਸਦ ਵੇਖਦਾ ਸਰਬ ਰਹਿਆ ਭਰਪੂਰ ॥
ਤਥਾ:- ਖੰਡ ਦੀਪ ਸਭ ਭੀਤਰ ਰਵਿਆ ਪੂਰ ਰਿਹਾ ਸਭ ਲੋਈ ।

ਏਸੇ ਤਰ੍ਹਾਂ ਹੀ ਜਗਤ–ਜੀਵਨ ਦੀ ਜੋਤੀ ਸਰਬ ਵਿਆਪ ਰਹੀ ਹੈ । ਸਰੀਰਾਂ ਦੀਆਂ ਬੱਤੀਆਂ ਪ੍ਰਾਣਾਂ ਦੇ ਸਵਿਚ ਦੁਆਰਾ ਜੁੜਨ ਕਰਕੇ ਪ੍ਰਕਾਸ਼ ਲੈਂਦੀਆਂ ਹਨ । ਇਹ ਇਸ ਪ੍ਰਕਾਸ਼ ਦਾ ਪ੍ਰਤੱਖ ਵਾਧਾ ਘਾਟਾ ਸਰੀਰਾਂ ਦੀ ਹੈਸੀਅਤ ਮੁਜਬ ਹੈ । ਜੋਤੀ ਪਿੱਛੇ ਇੱਕੋ ਜੇਹੀ ਹੈ । ਉਹ ਹਰ ਸਮੇਂ ਤੇ ਹਰ ਥਾਂ ਤੇ ਇਕੋ ਜੇਹੀ ਵਿਆਪ ਰਹੀ ਹੈ । ਉਸ ਵਿਚ ਵਾਧਾ ਘਾਟਾ ਨਹੀਂ[1] ਇਸ ਲਈ ਤੂੰ ਇਹ ਨਿਸ਼ਚਾ ਕਰ ਕਿ ਤੂੰ ਉਸ ਵਿਆਪਕ ਜੋਤੀ ਦਾ ਇਕ ਨਿਸ਼ਾਨ ਤਾਂ ਉਸ ਦਾ ਹਰ ਜ਼ਰਰਾ ਕਤਰਾ ਵੀ ਹੈ, ਕਿਉਂ ਜੋ ਉਹ ਜਲ, ਥਲ, ਮਹੀ, ਅਕਾਸ਼ ਤੇ ਵਣਾਂ [2] ਵਿਚ ਸਮਾ ਰਿਹਾ ਹੈ । ਇਸ ਲਈ ਹਰ ਇਕ ਜ਼ਰਰਾ, ਕਤਰਾ ਤੇ ਜੀਵ ਜੰਤੂ ਉਸ ਜੋਤੀ ਦਾ ਪ੍ਰਗਟ ਨਿਸ਼ਾਨ ਹੈ, ਪਰ ਤੂੰ ਇਨ੍ਹਾਂ ਸਾਰਿਆਂ ਨਿਸ਼ਾਨਾਂ ਵਿਚੋਂ ਸਰਬੋਤਮ ਹੈਂ, ਕਿਉਂ ਜੋ ਤੇਰੇ ਜਾਮੇ ਵਿਚ ਹੀ ਆਪਾ ਪਛਾਣਿਆਂ ਜਾ ਸਕਦਾ ਹੈ । ਇਉਂ ਜਾਣ ਲੈ ਕਿ ਕੋਈ ਘਰੋਂ ਵਿਛੜਿਆ ਹੋਇਆ ਪ੍ਰਦੇਸੀ ਦੇਸ਼ ਦਿਸਾਂਤਰੀ ਭੌਣ ਦੇ ਬਾਅਦ ਜਦ ਵਾਪਸ ਆਪ ਮੁਦੱਤਾਂ ਦੇ ਵਿਛੜੇ ਹੋਏ ਲਈ ਘਰ ਦਾ ਦਰਵਾਜ਼ਾ ਇਤਨਾ ਸੁਹਾਵਣਾ ਹੋਵੇਗਾ । ਇਹ ਮਨੁੱਖ ਸਰੀਰ ਵੀ ਤੇਰੇ ਘਰ ਦਾ ਦਰਵਾਜ਼ਾ ਹੈ ਬੇਅੰਤ ਲੰਮੇ ਸਫ਼ਰ ਕਰਨ ਦੇ ਬਾਅਦ ਜਿਸ ਨੂੰ ਵਗਿਆਨਕ ਵਿਕਾਸ (ਅਵੋਲਿਯੂਸ਼ਨ) ਦਾ ਚੱਕਰ ਤੇ ਬ੍ਰਾਹਮਣ ਆਵਾਗਵਾਨ ਕਹਿੰਦਾ ਹੈ, ਤੂੰ ਆਪਣੇ ਨਿਜ ਸਥਾਨ ਵਿਚ ਜਾਣ ਲਈ ਏਸੇ ਦਰਵਾਜ਼ੇ ਤੇ ਆਣ ਖਲੋਤਾ ਹੈਂ, ਇਸ ਲਈ ਇਹ ਦੁਲਰਭ[3] ਹੈ । ਇਹ ਅੰਮ੍ਰਿਤ ਕਾਇਆਂ ਹੈ, ਏਸ ਦੀ ਸੁੱਖ ਮੰਗ । ਇਹ ਸੰਸਾਰ ਦੀ ਬਾਜ਼ੀ[4] ਵਿਚੋਂ ਤੈਨੂੰ ਜਿਤਾਉਣ ਵਾਲਾ ਹੈ । ਸੋ ਇਸ ਕਾਇਆ ਵਿਚ ਬੈਠ ਕੇ ਨਿਜ ਸੁਰੂਪ ਨੂੰ ਪਹਿਚਾਨਣਾ ਹੈ, ਕਿਉਂ ਕਿ ਭਾਵੇਂ ਕਿਸੇ ਕੋਲੋਂ ਕਿਤਨੀਆਂ ਵੀ ਮਿਹਰਾਂ ਕਿਉਂ ਨਾ ਮੰਗੀ ਜਾਵੇ ਤੇ

---

1. ਜ਼ਿਮੀ ਜ਼ਮਾਨ ਕੇ ਵਿਖੇ ਸਮਸਤ ਏਕ ਜੋਤ ਹੈ ॥<br>ਨਾ ਬਾਧ ਹੈ ਨ ਘਾਟ ਹੈ ਨਾ ਬਾਧ ਘਾਟ ਹੋਤ ਹੈ ॥<br>(ਦਸਮ ਗ੍ਰੰਥ)
2. ਜਲ ਥਲ ਮਹੀਅਲ ਪੂਰਿਆ ਰਵਿਆ ਵਿਚ ਵਣਾ ।
3. ਦੁਰਲਭ ਦੇਹ ਪਾਈ ਵਡਭਾਗੀ ।
4. ਅੰਮ੍ਰਿਤ ਕਾਇਆ ਰਹੇ ਸੁਖਾਲੀ ਬਾਜੀ ਏਹ ਸੰਸਾਰੋ ।

ਕਿਤਨੀਆਂ ਵੀ ਬਰਕਤਾਂ ਕਿਉਂ ਨਾ ਪ੍ਰਾਪਤ ਕਰੇਂ, ਆਪਣਾ ਆਪ ਜਾਣੇ ਬਿਨਾਂ ਤੇਰੀ ਭੁਖ ਨਵਿਰਤ ਨਹੀਂ ਹੋਣੀ। ਕਿਉਂ ਕਿ ਜਦ ਤਕ ਭਰਮ ਹੈ ਤੂੰ ਉਤਨਾ ਚਿਰ ਭਿਖਾਰੀ ਹੀ ਰਹਿਣਾ ਹੈ। ਭਿਖਾਰੀ ਕਦੀ ਤ੍ਰਿਪ-ਤਿਆ ਨਹੀਂ ਤੇ ਆਪਣਾ ਆਪ ਜਾਣੇ ਬਿਨਾਂ ਭਿਖਾਰੀ ਪੁਣੇ ਦਾ ਭਰਮ ਨਹੀਂ ਜਾਣਾ। ਇਸ ਲਈ ਸਭ ਤੋਂ ਪਹਿਲਾਂ ਏਸ ਭਰਮ ਨੂੰ ਚੁਕਾਉਣ ਦਾ ਯਤਨ ਕਰ। ਤੇ ਭਰਮ ਆਪਣੇ ਆਪ ਨੂੰ ਜਾਣੇ ਬਿਨਾਂ ਨਹੀਂ ਜਾਣਾ।[1] ਸੋ ਜਦ ਆਪਣਾ ਆਪ ਜਾਣ ਲਏਂਗਾ ਤੈਨੂੰ ਪਤਾ ਲਗ ਜਾਵੇਗਾ ਜੁ ਤੂੰ ਮਾਂਗਤ ਗੁਲਾਮ ਨਹੀਂ ਸਗੋਂ ਖੁਦ ਮਾਲਕ ਦਾ ਨਿਜ ਸ੍ਵਰੂਪ ਹੈਂ ਇਸ ਸਿਖਿਆ ਨੂੰ ਸਿੱਖ, ਤੇ ਸਿੱਖ ਅਖਵਾ। ਏਸ ਦੇ ਨਾਲ ਹੀ ਇਹ ਵੀ ਜਾਣ ਲੈ ਕਿ ਤੂੰ ਪ੍ਰਮਾਣੂਆਂ ਤੋਂ ਜੁੜੀ ਹੋਈ ਕੋਈ ਅਨਸਥਿਰ ਨਿਮਾਣੀ ਜੇਹੀ ਸ਼ੈ ਨਹੀਂ, ਸਗੋਂ ਅਬਿ-ਨਾਸ਼ੀ ਜੋਤ ਸ੍ਵਰੂਪ[2] ਹੈਂ। ਤੂੰ ਨਿਮਾਣਾ ਨਾ ਹੋ। ਉਤਸ਼ਾਹ ਵਿਚ ਰਹੁ। ਤੂੰ ਜੰਗਲਾਂ ਵਿਚ ਨਾ ਭੱਜ। ਇਸ ਜਗਤ ਤੋਂ ਨਫ਼ਰਤ ਨਾ ਕਰ। ਇਹ ਕੋਈ ਓਪਰੀ ਸ਼ੈ ਨਹੀਂ। ਏਸ ਵਿਚ ਥਾਂ ਥਾਂ ਮੌਤ ਨਹੀਂ ਮਾਰ ਰਹੀ। ਇਹ ਪਲਟੇ ਨਵੇਂ ਖੇੜਿਆਂ ਲਈ ਆ ਰਹੇ ਹਨ। ਇਹ ਜਗਤ ਪਰਨਾਮੀ ਨਹੀਂ, ਇਹ ਅਸਲ ਵਿਚ ਹਰਿ ਦਾ ਆਪਣਾ ਰੂਪ ਹੈ। ਏਸ ਨੂੰ ਹਰੀ ਰੂਪ ਕਰ ਕੇ ਦੇਖ[3]। ਏਸ ਤੋਂ ਉਦਾਸ ਨਾ ਹੋ। ਏਸ ਵਿਚ ਖੇੜਾ ਹੀ ਖੇੜਾ ਹੈ। ਇਹ ਤੇ ਇਕ ਫੁਲਾਂ ਦੀ ਵਾੜੀ ਹੈ ਤੇ ਇਹ ਫੁਲ ਵੀ ਉਹ ਜਿਨ੍ਹਾਂ ਵਿਚ ਨਿੱਤ ਨਵੀਂ ਬਹਾਰ ਹੈ[4]। ਇਸ ਲਈ ਇਸ ਚਮਨ ਦੀ ਸੈਰ ਕਰ। ਬਾਹਰ ਕਿਉਂ ਭੱਜਾ ਫਿਰਦਾ ਹੈਂ, ਵਣੀਂ, ਕੰਦਰੀਂ ਤੇ ਪਹਾੜੀਂ ਕੁਝ ਨਹੀਂ ਛਿਪਿਆ ਹੋਇਆ। ਆਤਮ ਧਨ ਦਾ ਅਸਲ

---

1. ਕਹੁ ਨਾਨਕ ਬਿਨ ਆਪਾ ਚੀਨੇ ਮਿਟੈ ਭਰਮ ਕੀ ਕਾਈ।
   ਤਥਾ:- ਭਰਮ ਚੁਕਾਵਹੁ ਗੁਰਮੁਖ ਲਿਵਲਾਵਹੁ ਆਤਮ ਚੀਨਹੁ ਭਾਈ।
2. ਕਹੁ ਕਬੀਰ ਹਮ ਰਾਮ ਕੀ ਅੰਸ
3. ਏਹ ਵਿਸਵ ਸੰਸਾਰ ਤੁਮ ਦੇਖਦੇ-
   ਏਹ ਹਰਿ ਕਾ ਰੂਪ ਹੈ ਹਰਿ ਰੂਪ ਨਦਰੀ ਆਇਆ।
4. ਨਾਨਕ ਫੁਲਾਂ ਸੰਦੀ ਵਾੜ ਖਿੜਿਆ ਸਭ ਸੰਸਾਰ ਜਿਉ ॥

ਖ਼ਜ਼ਾਨਾ ਤਾਂ ਤੇਰੇ ਅੰਦਰ[1] ਹੈ । ਓਹ, ਤੇ ਓਸ ਦਾ ਜਲਵਾ ਤੇਰੇ ਨੈਣਾਂ ਵਿਚ ਸਮਾ ਰਿਹਾ ਹੈ ਉਹ ਪਰਮ ਸੁੰਦਰ ਜੋਤ ਬਣ ਤੇਰੇ ਵਿਚ ਜਗ ਰਿਹਾ ਹੈ । ਫਿਰ ਜੰਗਲ ਤੇ ਵੀਰਾਨਿਆਂ ਵਿਚ ਕਿਉਂ ਫਿਰਦਾ ਹੈਂ[2] ? ਜਿਨ੍ਹਾਂ ਨੇ ਵੀ ਸਰੀਰ ਦੇ ਅੰਦਰੋਂ ਭਾਲ ਕਰਨੋਂ ਉੱਕ, ਬਾਹਰ ਤਲਾਸ਼ ਕੀਤੀ ਉਹੋ ਹੀ ਦੁਖੀ ਏ । ਉਨ੍ਹਾਂ ਨੂੰ ਸੂਝ ਨਹੀਂ ਆਈ ਤੇ ਓੜਕ ਕੰਮ ਉਦੋਂ ਹੀ ਬਣਿਆ ਜਦੋਂ ਘਰ ਵਿਚੋਂ ਹੀ ਵਸਤ ਲੱਭ ਪਈ, ਪਰ ਲੱਭੀ ਗੁਰਮੁਖਾਂ ਨੂੰ[3] । ਗੱਲ ਕੀ, ਨਵੇਂ ਯੁਗ ਦੇ ਨਵੇਂ ਮਨੁਖ ਨੂੰ ਨਵਾਂ ਜੀਵਨ ਪ੍ਰਦਾਨ ਕਰਦਿਆਂ ਹੋਇਆਂ ਪਹਿਲਾਂ ਇਹ ਯਕੀਨ ਕਰਾ ਦਿਤਾ ਗਿਆ ਕਿ ਉਹ ਨਾ ਕਿਸੇ ਦਾ ਗੁਲਾਮ ਹੈ ਤੇ ਨਾ ਕਿਸੇ ਦੇ ਦੁਆਰੇ ਦਾ ਭਿਖਾਰੀ । ਉਹ ਨਿਮਾਣਾ, ਨਿਰਾਸ ਤੇ ਅਸ਼ਕਤ ਨਹੀਂ, ਸਗੋਂ ਜਗਤ ਜੀਵਨ ਕੁਲ ਮਾਲਕ ਦਾ ਨਿਜ ਸਰੂਪ ਹੈ, ਸ੍ਰੀ ਵਾਹਿਗੁਰੂ ਜੀ ਦੀ ਵਿਆਪਕ ਜੋਤੀ ਤੋਂ ਜਗੀ ਹੋਈ ਇਕ ਜੋਤ ਹੈ, ਪਰ ਪੁਰਾਤਨਤਾ ਨੇ ਓਸ ਨੂੰ ਲੋਰੀਆਂ ਦੇ ਦੇ ਸੁਲਾਇਆ ਹੋਇਆ ਹੈ । ਉਹ ਹੁਣ ਜਾਗ ਉਠੇ, ਆਪਾ ਸੰਭਾਲੇ ਤੇ ਬਾਕੀ ਦੇ ਜਗਤ ਨੂੰ ਜੀਵਨ ਦਾਨ ਦੇਵੇ। ਓਸ ਨੂੰ ਹੁਣ ਆਸਮਾਨਾਂ ਤੋਂ ਹੁਕਮ ਨਹੀਂ ਦਿਤੇ ਜਾਣਗੇ, ਕਿਉਂਕਿ ਉਹ ਮਹਿਕੂਮ ਨਹੀਂ ਰਿਹਾ । ਹਾਕਮ ਤੇ ਮਹਿਕੂਮ ਤੋਂ ਬਿਨਾਂ ਹਕੂਮਤ ਕਾਹਦੀ ? ਤੇ ਹੁਕਮ ਕਿਹੇ ? ਹੁਣ ਉਹ ਆਪ ਹੈ, ਤੇ ਆਪਣੇ ਲਈ ਆਪ ਨਿਯਮ ਬਣਾਏਗਾ ।

ਇਸ ਜਾਗੇ ਹੋਏ ਮਨੁਖ ਨੂੰ ਜਦ ਵਾਕ਼ਿਆ ਕਰ ਦਿਤਾ ਗਿਆ ਕਿ ਤੇਰਾ ਨਿਜ ਸਰੂਪ ਜਗਤ ਜੀਵਨ ਸ੍ਰੀ ਵਾਹਿਗੁਰੂ ਸਰਬ ਵਿਆਪਕ ਹੈ ਤਾਂ

1. ਜੰਗਲ ਜੰਗਲ ਕਿਆ ਭਵਹਿ ਵਣ ਕੰਡਾ ਮੋੜਹੇ ।
ਵਸੀ ਰਬ ਹਿਆਲੀਏ ਜੰਗਲ ਕਿਆ ਢੂੰਡੇਹੁ ॥
2. ਚਿਰਾ ਬੇਹੂਦਾ ਸੇ ਗਰਦੀ ਬ ਸਹਾਰਾਓ ਬਦਸ਼ਤੇ ਐ ਦਿਲ
ਚੂੰ ਆਂ ਸੁਲਤਾਨੇ ਖ਼ੁਬਾਂ ਕਰਦਾ ਅੰਦਰ ਦੀਦਾ ਮੰਜ਼ਲਾਹਾ ॥
3. ਸਰੀਰਹੁ ਭਾਲਣਿ ਕੋ ਬਾਹਰਿ ਜਾਏ ।
ਨਾਮੁ ਨ ਲਹੈ ਬਹੁਤੁ ਵੇਗਾਰਿ ਦੁਖ ਪਾਏ ।
ਮਨਮੁਖ ਅੰਧੇ ਸੂਝੈ ਨਾਹੀ
ਫਿਰਿ ਘਿਰਿ ਆਇ ਗੁਰਮੁਖਿ ਵਥੁ ਪਾਵਣਿਆ ॥

ਫਿਰ ਇਹ ਸਮਾਜ ਵਿਚ ਭੇਦ ਕਿਸ ਤਰ੍ਹਾਂ ਕਰ ਸਕਦਾ ਹੈ ? ਓਸ ਦੇ ਲਈ ਕੋਈ ਉੱਚਾ ਨੀਵਾਂ, ਕੋਈ ਛੋਟਾ ਕੋਈ ਵੱਡਾ ਕਿਸ ਤਰ੍ਹਾਂ ਬਣ ਸਕਦਾ ਹੈ ? ਵਰਨਾਂ ਦੀਆਂ ਵੰਡਾਂ ਤੇ ਜਾਤਾਂ ਦੇ ਝਮੇਲੇ ਕਿਸ ਤਰ੍ਹਾਂ ਕਾਇਮ ਰਹਿ ਸਕਦੇ ਹਨ ? ਜਦ ਉਹ ਦੇਖਦਾ ਹੈ ਕਿ ਉਸ ਦਾ ਨਿਜ ਸਵਰੂਪ ਪਰਮਾਤਮਾ ਸਾਰੀਆਂ ਲਕੜੀਆਂ ਵਿਚ ਸਮਾਈ ਹੋਈ ਅੱਗ ਤੇ ਸਾਰੇ ਦੁਧ ਵਿਚ ਸਮਾ ਰਹੇ ਘਿਓ ਵਾਂਗ ਹਰ ਮਨੁਖ ਵਿਚ ਵਿਆਪ ਰਿਹਾ ਹੈ, ਫਿਰ ਉਹ ਘਟਾਂ ਘਟਾਂ ਵਿਚ ਓਸ ਨੂੰ ਵਿਆਪਕ ਦੇਖਦਾ ਹੋਇਆ ਕਿਸੇ ਨੂੰ ਨੀਚ[1] ਤੇ ਕਿਸੇ ਨੂੰ ਊਚ ਕਿਸ ਤਰ੍ਹਾਂ ਸਮਝ ਸਕਦਾ ਹੈ ? ਓਸ ਨੇ ਜਾਣ ਲਿਆ ਕਿ ਇਹ ਜਾਤ ਪਾਤ ਦਾ ਭੇਦ ਸਭ ਫਕੜਬਾਜ਼ੀ ਹੀ ਹੈ । ਅਸਲ ਵਿਚ ਤਮਾਮ ਜੀਵ ਇਕੋ ਜੇਹੇ ਹਨ ਕਿਉਂ ਕਿ ਸਾਰਿਆਂ ਵਿਚ ਇਕੋ ਦਾ ਪ੍ਰਛਾਵਾਂ[2] ਪੈ ਰਿਹਾ ਹੈ । ਸੰਸਾਰ ਵਿਚ ਸਭਨਾਂ ਦਾ ਬਾਪ ਇਕ ਹੈ ਤੇ ਸਭ ਮਨੁੱਖ ਓਸ ਦੇ ਪੁਤਰ[3] ਹਨ । ਇਸ ਵਾਸਤੇ ਨਵੇਂ ਮਨੁਖ ਨੇ ਜਾਤ ਪਾਤ, ਊਚ ਨੀਚ, ਛੂਤ ਛਾਤ ਤੇ ਵਰਨ ਵੰਡ ਸਭ ਨੂੰ ਮੁਕਾ ਦੇਣਾ ਹੈ। ਓਸ ਨੇ ਮਨੁੱਖ ਮਾਤ੍ਰ ਨੂੰ ਸਮਾਨ ਕਰ ਜਾਣਨਾ ਹੈ । ਇਸ ਸੁੰਦਰ ਸਮਾਜ ਵਿਚ ਜੋ ਆਤਮਾ ਵਿਆ-ਪਕਤਾ ਦੇ ਅਧਾਰ ਉਤੇ ਮਨੁੱਖ ਮਾਤਰ ਦੀ ਸਮਾਨ ਪਦਵੀ ਕਾਇਮ ਕਰ ਕੇ ਬਣਨੀ ਹੈ, ਸੇਵਾ ਮਨੁੱਖ ਧਰਮ ਹੋਵੇਗਾ, ਕਿਉਂਕਿ ਪ੍ਰਾਣੀ ਮਾਤਰ ਪ੍ਰਭੂ-ਰੂਪ ਹੋਣ ਕਰਕੇ ਪਿਆਰਿਆਂ ਲਈ ਸੇਵਾ ਦੇ ਯੋਗ ਹਨ । ਖ਼ਲਕਤ ਦੀ ਸੇਵਾ ਕਰਨੀ ਹੀ ਖ਼ਾਲਕ ਨੂੰ ਰੀਝਾਣਾ ਹੈ । ਜਿਹੜਾ ਇਸ ਜਗਤ ਵਿਚ ਸੇਵਾ ਕਰੇਗਾ ਉਸ ਦਾ ਹੀ ਅੱਛਾ ਸੰਵਰੇਗਾ[4] । ਇਸ ਜਾਗੇ ਮਨੁੱਖ ਨੇ ਇਹ ਜਾਣ ਲਿਆ ਹੈ ਕਿ ਜੋ ਜੋ ਵੀ ਕੀਤਾ ਗਿਆ ਹੈ, ਓਹ ਮਾਲਕ ਦਾ ਕੀਤਾ ਹੋਇਆ ਹੈ । ਇਸ ਵਾਸਤੇ ਹਰ ਇਕ ਦਾ ਸੇਵਕ ਹੋਣਾ ਮਾਲਕ ਦਾ

---

1. ਸਗਲ ਬਨਸਪਤ ਮਹਿ ਬੈਸੰਤਰ ਸਗਲ ਮਹਿ ਘੀਆ ।
ਊਚ ਨੀਚ ਮਹਿ ਜੋਤ ਸਮਾਨੀ ਘਟ ਘਟ ਮਾਧਉ ਜੀਆ ॥
2. ਫਕੜ ਜਾਤੀ ਫਕੜ ਨਾਉ ਸਭਨਾ ਜੀਆ ਇਕੋ ਛਾਓ ।
3. ਏਕ ਪਿਤਾ ਏਕਸ ਕੇ ਹਮ ਬਾਰਿਕ ਤੂੰ ਮੇਰਾ ਗੁਰਹਾਈ ॥
4. ਵਿਚਿ ਦੁਨੀਆਂ ਸੇਵ ਕਮਾਈਐ ਤਾਂ ਦਰਗਹਿ ਬੈਸਨ ਪਾਈਐ ॥

ਹੀ ਸੇਵਾਦਾਰ ਹੋਣਾ ਹੈ[1] । ਇਹ ਜਾਗਿਆ ਹੋਇਆ ਮਨੁੱਖ ਬੁਰਾਈ ਵਲ ਤਾਂ ਪੈ ਸਕਦਾ ਹੀ ਨਹੀਂ, ਕਿਉਂ ਜੋ ਓਸ ਨੂੰ ਪਤਾ ਹੈ ਕਿ ਮਾਲਕ ਮੇਰੇ ਅੰਦਰ ਵਿਆਪਕ ਹੈ। ਮੇਰਾ ਕਰਨਾ ਤਾਂ ਕਿਤੇ ਰਿਹਾ ਓਹ ਮੇਰੇ ਸੰਕਲਪ ਨੂੰ ਵੀ ਬੁਝਦਾ ਹੈ । ਇਸ ਲਈ ਅਚੇਤ[2] ਪਾਪ ਤੋਂ ਵੀ ਡਰਨਾ ਚਾਹੀਦਾ ਹੈ। ਇਹ ਕਾਇਦਾ ਹੀ ਹੈ ਕਿ ਜੇ ਪਾਹਰੂ ਸਿਰ ਤੇ ਖਲੋਤਾ ਹੋਵੇ ਤਾਂ ਚੋਰ ਨੂੰ ਚੋਰੀ ਕਰਨ ਦਾ ਹੀਆ ਨਹੀਂ ਪੈਂਦਾ, ਪਾਹਰੂ ਦੀ ਗ਼ੈਰ ਹਾਜ਼ਰੀ ਵਿਚ ਮਨ ਚੋਰੀ ਵਾਸਤੇ ਲਲਚਦਾ ਹੈ । ਨਵੇਂ ਮਨੁਖ ਨੇ ਉਸ ਨੂੰ ਨਿਕਟ ਕਰ ਜਾਨਣਾ ਹੈ । ਫਿਰ ਬੁਰਾਈ ਕਿਸ ਤਰ੍ਹਾਂ ਹੋ ਸਕੇ ? ਬੁਰਾਈ ਤਾਂ ਦੂਰੀ ਵਿਚ ਹੀ ਹੋ ਸਕਦੀ ਹੈ । ਇਹ ਤਾਂ ਅੰਧੇਰੇ ਦੀ ਚੀਜ਼ ਹੈ । ਜਦ ਪ੍ਰਕਾਸ਼ ਸਵਰੂਪ ਜਗਤ ਜੀਵਨ ਪ੍ਰਭੂ ਨੂੰ ਨਿਕਟ ਕਰ ਜਾਣਿਆ ਜਾਏ ਫਿਰ ਬੁਰਾਈ ਕਿਸ ਤਰ੍ਹਾਂ ? ਪਰਧਨ, ਪਰਦਾਰਾਂ ਦੇ ਲਈ ਲਾਲਚ ਕਿਸ ਤਰ੍ਹਾਂ ਹੋ ਸਕੇ ? ਜਦ ਮਨ ਦਾ ਜਾਨਣਹਾਰ ਕੋਲ ਹੈ ਤਾਂ ਫਿਰ ਝੂਠ ਕਿਸ ਤਰ੍ਹਾਂ ਬੋਇਆ ਜਾ ਸਕੇ ? ਅਜੇਹਾ ਕਰਨ ਵਾਲਾ ਤਾਂ ਯਕੀਨਨ ਮੂਰਖ ਹੋਵੇਗਾ[3] । ਸੋ ਇਸ ਨਵੇਂ ਮਨੁਖ-ਚਲਨ ਦੇ ਸਮਾਜ ਵਿਚ, ਨਾ ਗਿਲਾਨੀ ਹੋ ਸਕਦੀ ਹੈ ਤੇ ਨਾ ਪਾਪ । ਹਾਂ ਜੇ ਜਗਤ ਦੀ ਰੰਗ ਬਰੰਗੀ ਚਾਲ ਵੇਖ ਕੇ ਮਨ ਦੂਸਰੇ ਦੇ ਯਥਾਰਥ ਲਈ ਲਲਚਾਵੇ, ਤਾਂ ਈਰਖਾ ਤੇ ਵਾਦ ਨਾ ਕਰੇ, ਸਗੋਂ ਆਪ ਓਹੋ ਜੇਹੇ ਸ੍ਰੇਸ਼ਟ ਕਰਮ ਕਰੇ ਜਿਨ੍ਹਾਂ ਕਰ ਕੇ ਦੂਸਰੇ ਨੂੰ ਓਹ ਵਸਤ ਪ੍ਰਾਪਤ[4] ਹੋਈ ਹੈ, ਤੇ ਲਵੇ । ਹਰ ਪਦਾਰਥ ਇਸ ਦੇ ਲਈ ਹੈ, ਉੱਦਮ ਕਰੇ ਤੇ ਪਾਵੇ । ਕਮਾਈ ਕਰਨ ਵਾਲੇ ਨੂੰ ਸੁਖੀ ਹੋ ਪਦਾਰਥ ਭੋਗਣ ਦੀ ਆਗਿਆ; ਪਰ

1. ਜੋ ਜੋ ਕੀਨੋ ਹਮ ਤਿਸਕੇ ਦਾਸ । ਪ੍ਰਭ ਮੇਰੇ ਕੋ ਸਗਲ ਨਿਵਾਸ ॥
2. ਨਰ ਅਚੇਤ ਪਾਪ ਤੇ ਡਰ ਰੇ ।
3. ਨਿਕਟ ਬੁਝੈ ਸੋ ਬੁਰਾ ਕਿਉਂ ਕਰੇ ।
   "ਨਿਕਟ ਨਾ ਦੇਖ ਪਰਗਹਿ ਜਾਏ । ਦਰਬ ਹਿਰੇ ਮਿਥਿਆ ਕਰਖਾਏ।"
   "ਨਿਕਟ ਨ ਜਾਨੇ ਬੋਲੇ ਕੂੜ, ਮਾਇਆ ਮੋਹ ਮੁਠਾ ਮੂੜ ॥"
4. ਕਾਹੂ ਦੀਨੇ ਪਾਟ ਪਟੰਬਰ ਕਾਹੂ ਪਲੰਘ ਨਿਵਾਰਾ ॥
   ਕਾਹੂ ਗਰੀ ਗੋਦਰੀ ਨਾਹੀ ਕਾਹੂ ਖਾਨ ਪਰਾਰਾ ॥
   ਅਹਿਰਖ ਵਾਦ ਨਾ ਕੀਜੈ ਰੇ ਮਨ ਸੁਕ੍ਰਿਤ ਕਰ ਕਰ ਲੀਜੈ ਰੇ ਮਨ ॥

ਇਤਨਾ ਜਾਣ ਲਵੇ ਕਿ ਇਹ ਉੱਦਮ ਤੇ ਬਲ ਸਰਬ–ਵਿਆਪਕ ਜਗਤ–ਜੀਵਨ ਦੀ ਦਾਤ ਹੈ । ਖ਼ੁਦੀ ਵਿਚ ਨਾ ਬਝ ਜਾਵੇ। ਦਾਤ ਲਵੇ ਪਰ ਦਾਤਾ ਨੂੰ ਵੀ ਚੇਤੇ ਰੱਖੇ । ਇਸ ਤਰ੍ਹਾਂ ਨਿਸ਼ਚਿੰਤ ਹੋ ਜਾਵੇਗਾ[1] ਉੱਦਮ ਕਰਨਾ ਹੈ, ਪਰ ਕਪਟ ਨਹੀਂ ਕਰਨਾ । ਕਪਟ ਕੀਤਾ ਵੀ ਕੀਹਦੇ ਨਾਲ ਜਾਵੇ ਦੂਜਾ ਤਾਂ ਕੋਈ ਹੈ ਹੀ ਨਹੀਂ । ਇਸ ਲਈ ਇਸ ਦਾ ਖਿਆਲ ਭੁਲ ਕੇ ਵੀ ਨਹੀਂ ਹੋਣਾ ਚਾਹੀਦਾ[2] । ਮਨੁਖ ਸਮਾਜ ਜਦ ਇਸ ਦੇਵ ਚਲਨ ਦੇ ਆਸਰੇ ਕਾਇਮ ਹੋਵੇਗਾ, ਸਾਰੇ ਉੱਦਮ ਕਰਨਗੇ ਤੇ ਕਪਟ ਕੋਈ ਕਰੇਗਾ ਨਹੀਂ। ਈਰਖਾ–ਵਾਦ ਦੀ ਥਾਂ ਪਿਆਰ ਤੇ ਮੁਹੱਬਤ, ਗਿਲਾਨੀ ਦੀ ਥਾਂ ਸੇਵਾ ਤੇ ਦਵੈਸ਼ ਦੀ ਥਾਂ ਪ੍ਰੀਤ ਲੈ ਲਵੇਗੀ ਤਾਂ ਇਹ ਜਗਤ ਬੇਗਮਪੁਰ ਹੋ ਜਾਵੇਗਾ । ਇਹੋ ਹੀ ਵਸਤੀ ਇਸ ਨਵੇਂ ਮਨੁਖ ਨੇ ਵਸਾਣੀ ਹੈ । ਇਸ ਸੜ ਰਹੇ ਭਿਖਾਰੀ ਗ਼ੁਲਾਮਾਂ ਦੇ ਜਗਤ ਨੂੰ ਇਸ ਓਦਰੇ ਹੋਏ ਨਿਰਾਸਾ ਦੀ ਦੁਨੀਆਂ ਨੂੰ, ਬੇਗ–ਮਪੁਰ ਬਣਾ ਦੇਣਾ ਹੈ । ਏਥੋਂ ਦੁਖਾਂ ਤੇ ਅੰਦੋਹਾਂ ਦਾ ਨਾਮ ਵੀ ਨਹੀਂ ਰਹਿਣ ਦੇਣਾ[3] । ਸਭ ਨੂੰ ਮਾਲਕ ਦਾ ਰੂਪ ਮੰਨ ਇਕੋ ਜੇਹਾ ਕਰ ਲੈਣਾ ਹੈ । ਕੋਈ ਉਚਾ ਨੀਵਾਂ ਨਹੀਂ ਰਹਿਣਾ । ਹਾਕਮ ਮਹਿਕੂਮ ਨਹੀਂ ਰਹਿਣੇ । ਹਕੂਮਤਾਂ ਨਹੀਂ ਹੋਣਗੀਆਂ । ਖਿਰਾਜ ਤੇ ਮਾਲੀਈ ਕੀ ਤਸ਼ਵੀਸ਼ ਮਿਟ ਜਾਣੀ ਹੈ । ਖ਼ਤਾ ਨਹੀਂ ਰਹਿਣੀ ਫਿਰ ਖ਼ੌਫ ਕਿਸ ਦਾ ? ਜਦ ਜਾਗ ਕੇ ਜੋਤ ਸਵਰੂਪ ਹੋ ਗਏ ਤਾਂ ਫਿਰ ਜਵਾਲਾ ਕਿਉਂ[4] ? ਇਹ ਇਕ ਨਵਾਂ ਵਤਨ ਬਣਨਾ ਹੈ, ਜਿਸ ਵਿਚ ਸ਼ੁਰੂ ਦਾ ਨਾਮ ਉੱਠ ਜਾਣਾ ਹੈ । ਸਦਾ ਖ਼ੈਰ ਹੀ ਖੈਰ ਹੋ ਜਾਣੀ ਹੈ । ਦੂਸਰਾ ਤੀਸਰਾ ਕੋਈ ਰਹਿਣਾ ਨਹੀਂ । ਸਾਰੇ ਇਕ ਬਰਾਬਰ ਹੋ ਜਾਣੇ ਹਨ[5] । ਇਹ ਹੈ ਨਵੀਂ ਦੁਨੀਆਂ ਜੋ ਨਵੇਂ ਮਨੁਖ ਨੇ ਬਣਾਣੀ ਹੈ । ਇਹੋ

---

1. ਉਦਮ ਕਰੇਦਿਆ ਜਿਉ ਤੂੰ ਕਮਾਵਦਿਆ ਸੁਖ ਭੁੰਚ ॥
   ਧਿਆਇਦਿਆ ਤੂੰ ਪ੍ਰਭੂ ਮਿਲ ਨਾਨਕ ਉਤਰੀ ਚਿੰਤ ॥
2. ਭੂਲੇ ਮਨ ਮੇਰੇ ਕਪਟ ਨ ਕੀਜੈ ॥
3. ਬੇਗਮਪੁਰਾ ਸ਼ਹਰ ਕੋ ਨਾਉ ਦੂਖ ਅੰਦੋਹ ਨਹੀ ਤਹਿ ਨਾਉ ॥
4. ਨਹ ਤਸ਼ਵੀਸ਼ ਖਰਾਜ ਨਾ ਮਾਲ, ਖੌਫ ਨ ਖਤਾ ਨ ਤਰਸ ਜਿਵਾਲ ।
5. ਅਬ ਮੋਹਿ ਖੂਬ ਵਤਨ ਗਹਿ ਪਾਈ । ਊਣਾ ਖੈਰ ਸਦਾ ਮੇਰੇ ਭਾਈ ।
   ਦੋਮ ਨ ਸੋਮ ਏਕ ਸੋ ਆਹੀ ।

ਨਵਾਂ ਪਲਟਾ ਹੈ ਜੋ ਜਗਤ ਵਿਚ ਆਉਣਾ ਹੈ । ਏਸ ਇਨਕਲਾਬ ਦੀ ਖ਼ਬਰ ਹੀ ਗੁਰੂ ਨਾਨਕ ਦੇਵ ਜੀ ਨੇ ਦਿਤੀ ਹੈ । ਤੇ ਇਹੋ ਹੀ ਨਵਾਂ ਮਨੁਖ ਚਲਨ ਦਰਸਾ, ਉਹਨਾਂ ਨੇ ਨਵਾਂ ਮਨੁਖਤ ਜਗਤ ਵਿਚ ਪੈਦਾ ਕੀਤਾ ਹੈ ।

SIKHBOOKCLUB.COM

# ਸਿੱਖ

ਪਿਛਲੇ ਯੁਗ ਵਿਚ ਮਨੁਖ ਦੀ ਹੈਸੀਅਤ ਨੀਵੀਂ ਹੋਣ ਕਰਕੇ ਉਸ ਦੇ ਫ਼ਰਜ਼ ਭੀ ਥੋੜੇ ਸਨ । ਓਹ ਅਰਸ਼ਾਂ ਤੇ ਬੈਠੇ ਮਾਲਕ ਦੇ ਘੱਲੇ ਗਏ ਹੁਕਮਾਂ ਨੂੰ ਸੁਣ ਉਨ੍ਹਾਂ ਦੀ ਅਤਾਇਤ ਕਰਨ ਲਈ ਹੀ ਸੀ । ਹੁਕਮ ਆਏ ਤੇ ਓਹਨੇ ਸੁਣ ਲਏ ਅਤੇ ਵਧ ਤੋਂ ਵਧ ਆਪਣੀ ਪਰਵਾਨਗੀ ਦਾ ਸਬੂਤ ਦੇਣ ਲਈ ਕੋਈ ਰਸਮ ਅਦਾ ਕਰ ਛੱਡੀ, ਪਰ ਨਵੇਂ ਯੁਗ ਦੇ ਨਵੇਂ ਮਨੁਖ ਦੀ ਹੈਸੀਅਤ ਬਹੁਤ ਉਚੇਰੀ ਹੋ ਗਈ ਹੈ, ਜਿਸ ਕਰਕੇ ਉਸ ਦੇ ਫ਼ਰਜ ਵੀ ਵਧੇਰੇ ਹੋ ਗਏ ਹਨ । ਉਹ ਖ਼ੁਦ ਮਾਲਕ ਕਰਾਰ ਦਿਤਾ ਗਿਆ ਹੈ, ਉਸਨੇ ਆਪਣੀ ਰਹਿ-ਬਰੀ ਆਪ ਕਰਨੀ ਹੈ, ਓਹ ਗੁਲਾਮ ਨਹੀਂ ਅਜ਼ਾਦ ਹੈ । ਓਹ ਕਿਸੇ ਦੇ ਦਰਵਾਜ਼ੇ ਦਾ ਮੰਗਤਾ ਨਹੀਂ, ਆਪਣੇ ਪੈਰਾਂ ਤੇ ਖਲੋਤਾ ਹੈ ਇਸ ਕਰਕੇ ਕਿ ਨਿਰੇ ਹੁਕਮ ਹੀ ਸੁਣ ਛਡਣੇ ਉਸ ਲਈ ਕਾਫ਼ੀ ਨਹੀਂ ਹਨ ਬਲਕਿ ਨਵੇਂ ਜੀਵਨ ਨੂੰ ਸਿੱਖਣਾ ਉਸ ਦਾ ਕਰਤਵ ਹੈ । ਜੀਵ ਜੁਗਤੀ ਸਿੱਖਣੀ ਅਤੇ ਸਿੱਖਣੀ ਵੀ ਅਜੇਹੀ ਕਿ ਜਿਹੜੀ ਜੀਵਨ ਰੂਪ ਬਣ ਜਾਵੇ,ਝੱਟ ਪਲ ਦਾ ਕੰਮ ਨਹੀਂ ਹੁੰਦਾ । ਓਹਦੇ ਲਈ ਵਕਤ ਚਾਹੀਦਾ ਹੈ । ਮੁਦਤਾਂ ਦੀਆਂ ਕੁਰਾਹੇ ਪਈਆਂ ਹੋਈਆਂ ਮਨੋ ਬਿਰਤੀਆਂ ਨੂੰ ਰੋਕ ਕੇ ਸਿਧੇ ਰਸਤੇ ਪਾਣਾ ਤਕੜੇ ਅਭਿਆਸ ਦਾ ਕੰਮ ਹੈ। ਸੁਭਾਵਾਂ ਦਾ ਬਦਲਨਾ ਪਹਾੜਾਂ ਦਾ ਚੀਰਨਾ ਹੈ । ਜਨਮ ਜਨਮਾਂਤ੍ਰਾਂ ਦੀ ਅਗਿਆਨ ਦੀ ਲਗੀ ਹੋਈ ਸਿਆਹੀ[1] ਨੂੰ

1. ਜਨਮ ਜਨਮ ਕੀ ਇਸ ਮਨ ਕੋ ਮਲ ਲਾਗੀ ਕਾਲਾ ਹੋਇਆ ਸਿਆਹ ॥

ਗਿਆਨ ਦੇ ਪਾਣੀ ਨਾਲ ਧੋਣਾ ਇਕ ਕਰੜੀ ਘਾਲ ਹੈ । ਇਸ ਕਰਕੇ ਗੁਰੂ ਨਾਨਕ ਦੇਵ ਜੀ ਨੇ ਕੇਵਲ ਨਵੇਂ ਯੁਗ ਦਾ ਸੰਦੇਸ਼ ਦੇ ਕੇ ਹੀ ਬੱਸ ਨਾ ਕਰ ਦਿਤੀ, ਸਗੋਂ ਮਨੁਖ ਨੂੰ ਨਵੇਂ ਯੁਗ ਦੀ ਜੁਗਤ ਸਮਝਾਣ ਲਈ ਪਾਠਸ਼ਾਲਾ ਖੋਲ੍ਹ ਦਿਤੀ । ਇਸ ਪਾਠਸ਼ਾਲਾ ਵਿਚ ਆਤਮਕ, ਮਾਨਸਕ ਅਤੇ ਸਰੀਰਕ ਤਿੰਨਾਂ ਹੀ ਕਿਸਮਾਂ ਦੀ ਸਿਖਿਆ ਦਿਤੀ ਜਾਂਦੀ ਸੀ ਅਤੇ ਇਸ ਨੂੰ ਧਰਮ-ਸਾਲਾ ਕਹਿੰਦੇ ਸਨ । ਹੁਣ ਮਨੁਖ ਨਵਾਂ ਚਲਨ ਸਿਖਣ ਲਈ ਧਰਮਸਾਲਾ ਵਿਚ ਪੜ੍ਹਨੇ ਪਿਆ ਅਤੇ ਉਸ ਨੂੰ ਸਿਖ ਕਹਿਣ ਲਗ ਪਏ । ਉਹ ਭੀ ਸਿਖ ਅਖਵਾਣਾ ਚਾਹੁੰਦਾ ਸੀ, ਕਿਉਂਕਿ ਉਹ ਸਿਖਿਆ ਜੁ ਪਾ ਰਿਹਾ ਸੀ; ਪਰ ਇਹ ਸਿਖਿਆ ਕੇਵਲ ਸੁਣਨੀ ਅਤੇ ਸਮਝਣੀ ਹੀ ਨਹੀਂ, ਸਗੋਂ ਕਮਾਉਣੀ ਸੀ, ਜੀਵਨ ਦਾ ਰੂਪ ਬਣਾਉਣੀ ਸੀ । ਜਾਂ ਇਉਂ ਕਿਹਾ ਜਾਏ ਕਿ ਸਿੱਖ ਨੇ ਸਿੱਖੀ ਕੇਵਲ ਸਿਖਣੀ ਹੀ ਨਹੀਂ ਸਗੋਂ ਸਿੱਖੀ ਦਾ ਜੀਵਨ ਜੀਉਣਾ ਸੀ । ਸੋ ਇਸ ਭਾਰੀ ਕਾਰਜ ਦਾ ਆਰੰਭ ਗੁਰੂ ਨਾਨਕ ਦੇਵ ਜੀ ਨੇ ਸੰਮਤ ੧੫੫੪ ਵਿਚ ਸੁਲਤਾਨਪੁਰੋਂ ਕਰ ਦਿਤਾ । ਓਹਨਾਂ ਦੀ ਸਿਖਿਆ ਵਿਚ ਚਾਰ ਚੀਜ਼ਾਂ ਸਨ-ਨਾਮ ਜਪਣਾ, ਚੜ੍ਹਦੀ ਕਲਾ ਵਿਚ ਰਹਿਣਾ, ਭਾਣਾ ਮੰਨਣਾ ਅਤੇ ਸਰਬੱਤ ਦਾ ਭਲਾ ਚਾਹੁਣਾ । ਨਾਮ ਨਾਮੀ ਦੀ ਯਾਦ ਸੀ । ਨਾਮੀ ਜੋਤ ਸਰੂਪ ਸ੍ਰੀ ਵਾਹਿਗੁਰੂ ਸੀ । ਮਨੁਖ ਭੀ ਉਸ ਜੋਤ ਤੋਂ ਜਗੀ ਹੋਈ ਇਕ ਬੱਤੀ ਸੀ । ਇਸ ਕਰਕੇ ਨਾਮ ਜਪਨਾ ਓਹਦੇ ਲਈ ਆਪਣੇ ਨਿਜ ਆਪ ਨੂੰ ਚੇਤਾ ਕਰਨਾ ਸੀ । ਇਹ ਸਹੀ ਆਪੇ ਦੇ ਯਾਦ ਔਣ ਤੇ ਉਹ ਪੁਰਾਣਾ ਭਰਮ, ਕਿ ਮੈਂ ਮੰਗਤਾ ਗੁਲਾਮ ਹਾਂ ਸੁਤੇ ਹੀ ਦੂਰ ਹੋ ਜਾਣਾ ਸੀ । ਨਿਰਾਸਤਾ ਅਤੇ ਮਾਯੂਸੀਆਂ ਉੱਡ ਜਾਣੀਆਂ ਸਨ । ਮਨੁਖ ਮਨ ਚੜ੍ਹਦੀ ਕਲਾ ਵਿਚ ਹੋ ਜਾਣਾ ਸੀ । ਹੁਣ ਚੂੰਕਿ ਆਪਣਾ ਆਪ ਮਹਾਨ ਜੋਤ ਨਾਲ ਇਕ ਮਿਕ ਸੀ ਅਤੇ ਆਪਣੇ ਮਨ ਦੀਆਂ ਤਰਬਾਂ ਕੁਲ ਮਾਲਕ ਦੇ ਮਨ ਦੀ ਖਰਜ ਨਾਲ ਮਿਲ ਕੇ ਵੱਜ ਉਠੀਆਂ, ਇਸ ਕਰਕੇ ਭਾਣਾ ਮਿੱਠਾ ਲੱਗਣਾ ਕੁਦਰਤੀ ਗੱਲ ਸੀ । ਜਗਤ ਜੀਵਨ ਜੋਤ ਇਸ ਤੋਂ ਮਨੁਖੀ ਜੋਤੀ ਜਗ ਰਹੀ ਹੈ, ਚੂੰਕਿ ਹਰ ਮਨੁਖ ਵਿਚ ਵਿਆਪਕ ਹੈ, ਇਸ ਵਾਸਤੇ ਸਾਰਿਆਂ ਦਾ

ਭਲਾ ਚਾਹੁਣਾ ਆਪਣੇ ਮਾਲਕ ਨੂੰ ਪ੍ਰਸੰਨ ਕਰਨਾ ਸੀ ।[1] ਖ਼ਾਲਕ ਖ਼ਲਕਤ ਵਿਚ ਸੀ ਅਤੇ ਖ਼ਲਕਤ ਖ਼ਾਲਕ ਵਿਚ ਵਸਦੀ ਸੀ, ਜਿਸ ਕਰਕੇ ਖ਼ਲਕਤ ਦਾ ਭਲਾ ਲੋੜਨਾ ਖ਼ਾਲਕ ਨੂੰ ਪ੍ਰਸੰਨ ਕਰਨਾ ਸੀ । ਇਸ ਨਵੇਂ ਉਚੇਰੇ ਮਨੁਖ ਚਲਣ ਨੂੰ ਸਮਝਾਉਣ ਲਈ, ਜਿਥੇ ਪਰਚਾਰ ਦੀ ਭਾਰੀ ਲੋੜ ਸੀ, ਉਥੇ ਪੁਰਾਤਨਤਾ ਦੀਆਂ ਰੁਕਾਵਟਾਂ ਨੂੰ ਭੀ ਹਟਾਉਣਾ ਜ਼ਰੂਰੀ ਸੀ । ਇਸ ਲਈ ਇਕ ਮਨੁਖ ਜਾਮੇ ਦੀ ਉਮਰੇ ਕਾਫ਼ੀ ਨਹੀਂ ਸੀ, ਸੋ ਗੁਰੂ ਨਾਨਕ ਨੇ ਦਸ ਜਾਮੇ ਧਾਰਨ ਕੀਤੇ । ਉਹ ਇਕ ਹੱਥ ਵਿਚ ਨਵੇਂ ਜੀਵਨ ਤੋਂ ਜਗੀ ਕੋਈ ਮਨੁਖ ਜੋਤੀ ਨੂੰ ਲੈ ਅਗੇ ਵਧੇ ਅਤੇ ਦੂਸਰੇ ਹੱਥ ਨਾਲ ਪੁਰਾਤਨਤਾ ਦੇ ਛੋੜਾਂ ਨੂੰ ਕੱਟਦੇ ਗਏ । ਓਹਨਾਂ ਨੂੰ ਪਹਿਲੇ ਤਨ ਵਿਚ ਆਪਣਾ ਪੂਰਾ ਗੀਤ ਸੁਣਾ ਦਿਤਾ, ਦੂਸਰੇ ਤਨ ਵਿਚ ਮਨੁੱਖ ਨੂੰ ਪੁਰਾਤਨਤਾ ਦਾ ਪਾਇਆ ਹੋਇਆ ਇਹ ਭਰਮ ਦੂਰ ਕੀਤਾ ਕਿ ਜੀਵਨ ਮਨੋਰਥ ਦੀ ਸਫਲਤਾ ਅਤੇ ਮਾਲਕ ਨਾਲ ਗੱਲਾ ਕਰਨ ਲਈ ਕਿਸੇ ਇਕ ਖਾਸ ਬੋਲੀ ਦੀ ਲੋੜ ਹੁੰਦੀ ਹੈ ਅਤੇ ਮਜ਼੍ਹਬੀ ਪ੍ਰੋਹਤ ਕੋਲੋਂ ਉਹ ਬੋਲੀ ਸਿਖਿਆਂ ਹੀ ਮਨੁਖ ਜੀਵਨ ਸਫਲ ਹੋ ਸਕਦਾ ਹੈ। ਦੂਜਾ ਜਾਮਾ ਧਾਰ ਗੁਰੂ ਨਾਨਕ ਨੇ ਦਸਿਆ ਕਿ ਜਿਸ ਤਰ੍ਹਾਂ ਮਾਂ ਆਪਣੇ ਬੱਚਿਆਂ ਦੀ ਟੁਟੀ ਫੁਟੀ ਬੋਲੀ ਭੀ ਸਮਝ ਲੈਂਦੀ ਹੈ, ਅਤੇ ਜੇ ਬੱਚਾ ਗੂੰਗਾ ਹੋਵੇ ਤਾਂ ਉਸ ਦੀਆਂ ਸੈਨਤਾਂ ਹੀ ਸਮਝ ਜਾਂਦੀ ਹੈ, ਇਸੇ ਤਰ੍ਹਾਂ ਜਗਤ ਜੀਵਨ ਪ੍ਰਭੂ ਮਨੁਖ ਦੇ ਮਾਤਾ ਪਿਤਾ ਦੀ ਥਾਂ ਹਨ । ਮਨੁਖ ਕਿਸੇ ਬੋਲੀ ਵਿਚ ਭੀ ਕਿਉਂ ਨਾ ਬੋਲੇ ਉਹ ਉਸ ਨੂੰ ਸਮਝ ਜਾਂਦੇ ਹਨ । ਬੋਲਣਾ ਤੇ ਕਿਤੇ ਰਿਹਾ ਉਹ ਤੇ ਅਣਬੋਲੀਆਂ ਰਮਜ਼ਾਂ ਭੀ ਬੁਝਦੇ ਹਨ । ਇਸ ਤਰ੍ਹਾਂ ਸਤਿਗੁਰੂ ਨੇ ਮਨੁਖ ਨੂੰ ਮਜ਼੍ਹਬੀ ਮੁਕੱਦਸਾਂ ਦੀਆਂ ਕਾਇਮ ਕੀਤੀਆਂ ਹੋਈਆਂ ਬੋਲੀਆਂ ਦੇ ਬੰਧਨ ਤੋਂ ਆਜ਼ਾਦ ਕੀਤਾ ਤੇ ਪੁਰਾਤਨਤਾ ਦੀ ਜ਼ੰਜੀਰ ਦੀ ਇਕ ਭਾਰੀ ਕੜੀ ਕੱਟ ਸੁੱਟੀ ! ਤੀਜਾ ਤਨ ਧਾਰ ਸਤਿਗੁਰਾਂ ਜਾਤ ਪਾਤ ਛੂਤ ਛਾਤ ਦੇ ਭੇਦ ਨੂੰ ਮਿਟਾਣ ਲਈ ਅਤੇ ਮਨੁੱਖ ਨੂੰ ਇਕੋ ਸੂਰਜ ਦੀਆਂ ਕਿਰਣਾਂ, ਇਕ ਦੂਜੇ ਨੂੰ ਸਮਝ, ਇਕ ਮਿੱਕ ਹੋ ਜਾਣ ਲਈ ਲੰਗਰ ਜਾਰੀ

1. ਕਬੀਰ ਖਾਲਕ ਖਲਿਕ ਮੇਂ, ਖਲਕ ਵਸੇ ਰੱਬ ਮਾਹਿ ।

ਕੀਤੇ । ਇਹਨਾਂ ਲੰਗਰਾਂ ਵਿਚ ਨੀਵੇਂ ਉਚੇ, ਬਰਾਹਮਣ, ਸੂਦ,ਮੋਮਨ, ਕਾਫਰ, ਅਤੇ ਰਾਣਾ-ਰੰਕ ਇਕੱਠੇ ਬਹਿ ਪ੍ਰਸ਼ਾਦ ਛਕਦੇ ਸਨ । ਇਹ ਧਾਰਨਾਂ ਪੁਰਾਣੇ ਨਿਜ਼ਾਮ ਤੇ ਇਕ ਤਕੜੀ ਸੱਟ ਸੀ ਜਿਸ ਦੇ ਦੂਰ ਹੋ ਜਾਣ ਕਰ ਕੇ ਮਨੁਖ ਸਮਾਜ ਵਿਚੋਂ ਵਿਤਕਰੇ ਦੂਰ ਹੋਏ । ਚੋਥੇ ਜਾਮੇ ਵਿਚ ਸਤਿ-ਗੁਰਾਂ ਨੇ ਮਨੁਖ ਨੂੰ ਇਹ ਸਮਝਾਇਆ ਕਿ ਚੂੰਕਿ ਤੇਰਾ ਪ੍ਰਭੂ ਤੇਰੇ ਅੰਦਰ ਤੇ ਤੂੰ ਉਸ ਦੇ ਵਿਚ ਸਮਾ ਰਿਹਾ ਹੈ, ਇਸ ਲਈ ਚੜ੍ਹਦੇ ਲਹਿੰਦੇ ਰੁਖ਼ ਦਰ-ਵਾਜ਼ੇ ਰੱਖ ਖ਼ਾਸ ਕਿਸਮ ਦੇ ਮੰਦਰ ਬਣਾਉਣ ਦੀ ਕੋਈ ਜ਼ਰੂਰਤ ਨਹੀਂ । ਮਾਲਕ ਸਭ ਦਾ ਹੈ, ਮਾਲਕ ਦੇ ਮੰਦਰ ਸਭ ਦੇ ਹਨ । ਖ਼ਾਸ ਕਿਸਮ ਦੇ ਮੰਦਰ ਬਣਾਉਣੇ, ਖ਼ਾਸ ਤਰਫ਼ ਦਰਵਾਜ਼ੇ ਰਖਣੇ ਅਤੇ ਖ਼ਾਸ ਖ਼ਾਸ ਜਾਤੀਆਂ ਨੂੰ ਅੰਦਰ ਆਉਣ ਅਤੇ ਨਾ ਆਉਣ ਦੇ ਕਾਇਦੇ ਕਾਇਮ ਕਰਨੇ ਸਭ ਪੁਰਾਤਨਤਾ ਦੇ ਪਾਏ ਹੋਏ ਝਮੇਲੇ ਹਨ । ਸਤਿਗੁਰਾਂ ਨੇ ਨਮੂਨੇ ਦੇ ਤੌਰ ਤੇ ਇਕ ਹਰੀ ਦਾ ਮੰਦਰ ਬਣਾ ਕੇ ਦਸਿਆ ਓਹਦੇ ਚਵ੍ਹੀਂ ਪਾਸੀਂ ਦਰਵਾਜ਼ੇ ਰਖੇ ਗਏ ਅਤੇ ਓਹਦੇ ਵਿਚ ਚੁਤਰਫ਼ੋਂ ਹੀ ਚਾਰੋਂ ਵਰਨਾਂ[1] ਅਤੇ ਚਵ੍ਹਾਂ ਰੰਗਾਂ [2] ਦੇ ਲੋਕਾਂ ਨੂੰ ਆਵਣ ਦੀ ਖੁਲ੍ਹ ਦਿਤੀ ਗਈ । ਇਸ ਮੰਦਰ ਦੀ ਅਜਬ ਰਚਨਾ ਨੂੰ ਤੱਕ ਖ਼ਲਕਤ ਦੇ ਮੂੰਹੋਂ ਖ਼ਾਹ ਮਖ਼ਾਹ ਨਿਕਲ ਗਿਆ, ''ਭਾਵੇਂ ਦੁਨੀਆਂ ਵਿਚ ਬੇਅੰਤ ਮੰਦਰ ਹਨ, ਪਰ ਇਹੋ ਜਿਹਾ ਸੁੰਦਰ ਕੋਈ ਨਹੀਂ ਇਹ ਅਤਿ ਸੋਹਣਾ ਹੋਵੇ ਵੀ ਕਿਉਂ ਨਾ, ਬੱਧਾ ਜੋ ਉਸ ਨੇ ਜਿਸ ਦੇ ਹਿਰਦੇ ਵਿਚ ਕੁਲ ਮਾਲਕ ਨਿਵਾਸ ਕਰ ਰਿਹਾ ਹੈ ਅਤੇ ਉਹ ਜਗਤ ਜੀਵਨ ਪ੍ਰਭੂ ਨਾਲ ਇਕ ਮਿਕ ਹੋ ਬਿਧਾਤਾ ਦਾ ਨਿਜ ਰੂਪ ਹੋਇਆ ਹੈ ।[3] ਪੰਜਵੇਂ ਤਨ ਵਿਚ ਪੁਰਾਤਨਤਾ ਦਾ ਇਹ ਭਾਰਾ ਜਾਲ ਤੋੜਕੇ ਸੁਟ ਪਾਇਆ ਕਿ ਆਤਮ ਕਿਸੇ ਇਕ ਖ਼ਾਸ ਸ਼ਰੇਣੀ ਦਾ ਵਿਰਸਾ ਅਤੇ ਖ਼ਾਸ ਮਜ਼ਹਬ ਦੀ ਮਲਕੀਅਤ ਹੈ । ਆਪ ਨੇ ਨਵੇਂ ਮਨੁਖ ਨੂੰ ਸਮਝਾਇਆ ਕਿ ਗਿਆਨ ਰੋਸ਼ਨੀ ਹੈ ਜੀਵਨ ਜੋਤੀ ਦੀ ਅਤੇ ਉਹ ਜੋਤ ਵਿਆਪਕ ਹੈ ਅਤੇ ਉਸ ਦੇ ਚਾਨਣ ਤੋਂ

1. ਬ੍ਰਾਹਮਣ, ਛੱਤ੍ਰੀ, ਸ਼ੂਦਰ, ਵੈਸ਼ ।
2. ਗੋਰੇ, ਕਾਲੇ, ਪੀਲੇ, ਅਤੇ ਤਾਂਬੇ ਰੰਗੇ ।
3. ਡਿਠੇ ਸਭੇ ਥਾਂ ਨਹੀਂ ਤੁਧ ਜੇਹਿਆ ॥ ਬਧੋਹੁ ਪੁਰਖ ਬਿਧਾਤੇ ਤਾਂ ਤੂੰ ਸੋਹਿਆ ॥

ਸਾਰਿਆਂ ਵਿਚ ਚਾਨਣ ਹੁੰਦਾ ਹੈ। ਇਹੋ ਗੱਲ ਗੁਰੂ ਤੋਂ ਸਮਝਣੀ [1]ਹੈ ਕਿ ਗਿਆਨ ਪ੍ਰਦਾਤੀ ਜੋਤ ਹਰ ਘਟ ਵਿਚ ਜਗ ਰਹੀ ਹੈ ਅਤੇ ਜਿਸ ਹਿਰਦੇ ਤੋਂ ਇਹ ਪੁਰਾਤਨਤਾ ਦੇ ਪਰਦੇ ਉਤਰ ਜਾਂਦੇ ਹਨ, ਉਥੋਂ ਹੀ ਉਸ ਦਾ ਪ੍ਰਕਾਸ਼ ਪ੍ਰਗਟ ਹੋ ਜਾਂਦਾ ਹੈ। ਆਪ ਨੇ ਇਸ ਗੱਲ ਨੂੰ ਦ੍ਰਿੜ ਕਰਾਣ ਲਈ ਆਤਮ ਗਿਆਨ ਦਾ ਇਕ ਗ੍ਰੰਥ ਰਚਿਆ, ਜਿਸ ਵਿਚ ਆਪਣੀ ਤਰਫ਼ੋਂ ਦਿਤੇ ਗਏ ਆਤਮ ਗਿਆਨ ਤੋਂ ਬਿਨਾਂ ਮੁਖ਼ਤਲਿਫ਼ ਜਾਤੀਆਂ ਵ ਮਜ਼ਹਬਾਂ ਅਤੇ ਜਿਨਸਾਂ ਦੇ ਆਤਮ ਗਿਆਨ ਨੂੰ ਇਕੱਠਿਆਂ ਕਰ ਇਕ ਜਿਲਦ ਵਿਚ ਬੰਨ੍ਹਿਆਂ। ਇਹ ਗ੍ਰੰਥ ਤਾਂ ਆਤਮ ਗਿਆਨ ਦਾ ਸੀ ਅਤੇ ਆਤਮ ਗਿਆਨ ਹੀ ਜਗਤ ਦੇ ਅੰਧੇਰੇ ਵਿਚ ਚਾਨਣਾ ਕਰਦਾ ਹੈ ਜਿਸ ਕਰਕੇ ਉਸ ਨੂੰ ਗੁਰੂ ਗ੍ਰੰਥ ਕਿਹਾ ਗਿਆ। ਛੇਵੇਂ ਜਾਮੇ ਵਿਚ ਇਹ ਸਮਝਾਇਆ ਕਿ ਜੇ ਪੁਰਾ-ਤਨਤਾ ਦੇ ਜੋਸ਼ ਵਿਚ ਕੋਈ ਪ੍ਰਾਣੀ ਪਗਲਾ ਹੋ ਜਾਵੇ ਅਤੇ ਸਿਖਿਆ ਸੁਣਨ ਦੀ ਥਾਂ ਸੁਣਾਉਣ ਵਾਲਿਆਂ ਨੂੰ ਕੁੱਟਣ ਉਠ ਦੌੜੇ ਤਾਂ ਉਸ ਪਾਗਲ ਤਨ ਦੀ ਸ਼ਸ਼ਤਰ ਨਾਲ ਗਤੀ ਕਰ ਦੇਣੀ ਚਾਹੀਦੀ ਹੈ ਅਤੇ ਅਜੇਹਾ ਕਰਨਾ ਉਸ ਪ੍ਰਾਣੀ ਉਤੇ ਦਯਾ ਕਰਨੀ ਹੈ। ਜਿਸ ਤਰ੍ਹਾਂ ਕੋਈ ਸਰਜਨ ਕਿਸੇ ਬੀਮਾਰ ਦੇ ਕੈਂਸਰੇ ਹੋਏ ਅੰਗ ਨੂੰ ਦਯਾ ਪੂਰਤ ਹੋ ਕੱਟ ਦੇਂਦਾ ਹੈ, ਕਿਉਂਕਿ ਜੇ ਨਾ ਕੱਟੇ ਤਾਂ ਸਾਰਾ ਜਿਸਮ ਹੀ ਖ਼ਰਾਬ ਹੋ ਜਾਣ ਦਾ ਡਰ ਹੁੰਦਾ ਹੈ, ਉਸੇ ਤਰ੍ਹਾਂ ਹੀ ਪੁਰਤਨਤਾ ਦੇ ਜ਼ਹਿਰ ਨਾਲ ਕੈਂਸਰੇ ਹੋਏ ਅੰਗ ਨੂੰ ਕੱਟ ਦੇਣਾ ਭੀ ਮਨੁਖ ਜਾਤੀ ਤੇ ਤਰਸ ਕਰਨਾ ਹੈ। ਸਤਵੇਂ ਜਾਮੇਂ ਇਹ ਸਿੱਖਿਆ ਦਿਤੀ ਹੈ ਕਿ ਪੁਰਾਤਨਤਾ ਨਾਲ ਪਾਗਲ ਹੋਏ ਵੱਢ ਖਾਨੇ ਮਨੁਖਾਂ ਦੀ ਗਤੀ ਹਿਤ ਜੋ ਹਥਿਆਰ ਪਹਿਨਿਆ ਜਾਏ ਉਸ ਦੇ ਚਲਾਣ ਦਾ ਸੰਜਮ ਧਾਰਨ ਕਰਨਾ ਹੈ। ਅਜੇਹਾ ਨਾ ਹੋਵੇ ਕਿ ਉਹ ਤਰਸ ਦੀ ਥਾਂ ਕ੍ਰੋਧ ਦੇ ਜਜ਼ਬੇ ਦੇ ਅਧੀਨ ਹੋ ਮਿਆਨੋਂ ਬਾਹਰ ਆ ਜਾਵੇ ਅਤੇ ਉਪਕਾਰ ਦੀ ਥਾਂ ਬਦਲਾ ਲੈਣ ਲਗ ਪਵੇ। ਇਹ ਭਾਰਾ ਸੰਜਮ ਦ੍ਰਿੜ ਕਰਾਣ ਲਈ ਇਹ ਸਿਖਾਇਆ ਗਿਆ ਕਿ ਸ਼ਸ਼ਤਰ ਸਦਾ ਗਾਤਰੇ ਰਖੋ ਪ੍ਰੰਤੂ ਬਾਹਰ ਨਹੀਂ ਕੱਢਣਾ। ਅਠਵਾਂ ਤਨ ਬਹੁਤ ਥੋੜੇ ਸਮੇਂ ਲਈ ਸੀ।

1. ਗੁਰ ਸਾਖੀ ਜੋਤ ਪ੍ਰਗਟ ਹੋਏ ॥ ਤਿਸਦੇ ਚਾਨਣ ਸਭ ਮਹਿ ਚਾਨਣ ਹੋਏ ॥

ਉਹ ਕੇਵਲ ਏਨੀ ਗੱਲ ਦਾ ਹੀ ਚਮਤਕਾਰ ਸੀ ਕਿ ਆਤਮ ਗਿਆਨੀ ਵਡੇਰੀ ਉਮਰ ਦਾ ਹੀ ਵਿਰਸਾ ਨਹੀਂ ਹੁੰਦਾ, ਕਿਉਂਕਿ ਉਹ ਸਿਖੀ ਹੋਈ ਚੀਜ਼ ਨਹੀਂ ਹੁੰਦੀ ਸਗੋਂ ਸਫੁਟ ਚਸ਼ਮੇ ਵਾਂਗ ਆਤਮਾ ਦੀ ਗਹਿਰਾਈ ਵਿਚੋਂ ਸੁਤੇ ਸਿੱਧ ਹੀ ਪ੍ਰਕਾਸ਼ਦਾ ਹੈ। ਨੌਵੇਂ ਜਾਮੇ ਵਿਚ ਮਨੁਖ ਮਾਤਰ ਨੂੰ ਆਪਣਾ ਆਪ ਜਾਣ, ਦੂਜਿਆਂ ਦੀ ਭਲਾਈ ਲਈ ਆਪਾ ਕੁਰਬਾਨ ਕਰਨ ਦੀ ਜਾਚ ਸਿਖਾਈ ਗਈ ਅਤੇ ਇਹ ਦੱਸਿਆ ਗਿਆ ਕਿ ਜਗਤ ਭਲਾਈ ਦੇ ਦਾਹ-ਵੇਦਾਰਾਂ ਲਈ ਸੰਸਾਰ ਦੀ ਕਿਸੇ ਵੱਡੀ ਤੋਂ ਵੱਡੀ ਹਕੂਮਤ ਦਾ ਰੋਹਬ ਭੀ ਇਰਾਦਿਆਂ ਨੂੰ ਕਮਜ਼ੋਰ ਕਰਨ ਵਾਲਾ ਨਹੀਂ ਹੋ ਸਕਦਾ। ਜੀਉਂਦਾ ਮਨੁਖ ਆਪਾ ਵਾਰ ਮੁਰਦਿਆਂ ਨੂੰ ਜਿੰਦਾ ਕਰ ਜਾਂਦਾ ਹੈ। ਸ਼ਹੀਦ ਖ਼ੂਨ ਕੌਮਾਂ ਦੀਆਂ ਮੁਰਦਾ ਨਾੜੀਆਂ ਵਿਚ ਨਵੇਂ ਸਿਰਿਓਂ ਜਾਨ ਪਾ ਦਿੰਦਾ ਹੈ। ਇਹ ਮਹਾਨ ਸਿਖਿਆ ਜ਼ਬਾਨੀ ਹੀ ਨਹੀਂ ਦਿਤੀ ਗਈ, ਕਿਸੇ ਤਖ਼ਤੇ ਬੋਰਡ ਤੇ ਲਿਖ ਕੇ ਹੀ ਨਹੀਂ ਸਮਝਾਈ ਗਈ ਸਗੋਂ ਪਿਛਲਿਆਂ ਤਮਾਮ ਸਬਕਾਂ ਵਾਂਗ ਇਹ ਸੰਥਾ ਭੀ ਅਮਲੀ ਹੀ ਪੜ੍ਹਾਈ ਗਈ ਅਤੇ ਗੁਰੂ ਨਾਨਕ ਦੇ ਨੌਵੇਂ ਜਾਮੇ[1] ਨੇ ਆਪਣੇ ਆਪ ਨੂੰ ਮਜ਼ਲੂਮਾਂ ਲਈ ਕੁਰਬਾਨ ਕਰਵਾ, ਸੀ ਨਾ ਕਰਦਿਆਂ ਹੋਇਆਂ, ਸੀਸ ਦੇ ਨਵੇਂ ਮਨੁਖ ਨੂੰ ਪ੍ਰਉਪਕਾਰ ਹਿਤ ਕੁਰਬਾਨ ਹੋਣ ਲਈ ਤਿਆਰ ਕੀਤਾ। ਦਸਵੇਂ ਸਰੀਰ ਵਿਚ, ਜੋ ਆਖ਼ਰੀ ਸੀ, ਸਾਰੀ ਸੰਥਾ ਨੂੰ ਇਹ ਪੜ੍ਹ ਕੇ ਦੁਹਰਾਇਆ ਗਿਆ ਅਤੇ ਫਿਰ ਸਿਖੇ ਹੋਏ ਮਨੁਖ ਦਾ ਇਮਤਿਹਾਨ ਲਿਆ। ਉਹ ਕਿਸ ਤਰ੍ਹਾਂ ਪਾਸ ਹੋਇਆ ਅਤੇ ਉਸ ਨੇ ਕਿਸ ਤਰ੍ਹਾਂ ਆਪਣੀ ਵਿਰਾਸਤ ਸੰਭਾਲੀ, ਇਸ ਦਾ ਜ਼ਿਕਰ ਅਗਲੇ ਬਾਬ ਵਿਚ ਆਵੇਗਾ। ਇਥੇ ਇਤਨਾ ਹੀ ਸਮਝ ਲੈਣਾ ਚਾਹੀਦਾ ਹੈ ਕਿ ਢਾਈ ਸੌ ਸਾਲਾਂ ਦਾ ਸਮਾਂ, ਜਿਸ ਵਿਚ ਗੁਰੂ ਨਾਨਕ ਨੇ ਦਸ ਤਨ ਧਾਰ ਮਨੁਖ ਨੂੰ ਨਵਾਂ ਚਲਣ ਸਿਖਾਇਆ, ਸਿਖਸ਼ਾ ਦਾ ਸਮਾਂ ਸੀ ਅਤੇ ਇਸ ਸਮੇਂ ਨਵੇਂ ਚਲਣ ਵਾਲੇ ਵਿਦਿਆਰਥੀਆਂ ਨੂੰ ਸਿਖ ਕਿਹਾ ਜਾਂਦਾ ਰਿਹਾ।

1. ਸਾਧਨ ਹੇਤ ਇਤੀ ਜਿਨ ਕਰੀ। ਸੀਸ ਦੀਆ ਪਰ ਸੀ ਨ ਉਚਰੀ॥
ਧਰਮ ਹੇਤ ਸਾਕਾ ਜਿਨ ਕੀਆ। ਸੀਸ ਦੀਆ ਪਰ ਸਿਰਰੁ ਨ ਦੀਆ॥

# ਸਿੰਘ

ਗੁਰੂ ਨਾਨਕ ਨੇ ਪਹਿਲੇ ਜਾਮੇ ਵਿਚ ਨਵੇਂ ਮਨੁਖ ਚਲਣ ਦਾ ਸੰਦੇਸ਼ ਸੁਣਾ ਅਤੇ ਬਾਕੀ ਦੇ ਨਵਾਂ ਵਿਚ ਉਸ ਨੂੰ ਦ੍ਰਿੜ ਕਰਵਾ ਆਪਣਾ ਕੰਮ ਖ਼ਤਮ ਕਰ ਲਿਆ । ਉਨ੍ਹਾਂ ਨੇ ਸਮਝ ਲਿਆ ਕਿ ਓਹ ਜੋ ਕੁਝ ਮਨੁਖ ਨੂੰ ਸਮਝਾਉਣ ਆਏ ਸਨ, ਉਹ ਮਨੁਖ ਜਾਤੀ ਦੇ ਇਕ ਖ਼ਾਸ ਤਬਕੇ ਨੇ, ਜੋ ਸਿਖ ਬਣਿਆਂ ਸੀ, ਸਿਖ ਲਿਆ ਹੈ । ਹੁਣ ਉਨ੍ਹਾਂ ਨੇ ਮਨੁਖ ਨੂੰ ਸੁਤੰਤਰ ਜਗਤ ਮਾਲਕ ਹੋਣ ਦੀ ਸਨਦ ਦੇਣ ਤੋਂ ਪਹਿਲਾਂ ਉਸ ਦਾ ਇਮਤਿਹਾਨ ਲੈਣਾ ਵਾਜਬ ਸਮਝਿਆ । ਚੁਨਾਂਚਿ ਇਮਤਿਹਾਨ ਦੀ ਤਾਰੀਖ਼ ਪਹਿਲੀ ਵਿਸਾਖ਼ ਸੰਮਤ ੧੭੫੬ ਬਿ: ਰਖੀ ਗਈ । ਹੁਣ ਗੁਰੂ ਨਾਨਕ ਦਸਵੇਂ ਜਾਮੇ ਵਿਚ ਸੀ ਅਤੇ ਜੋਤ ਨੂੰ ਭਾਵੇਂ 'ਨਾਨਕ' ਹੀ ਕਹਿੰਦੇ ਸਨ, ਪਰ ਸਰੀਰ ਦਾ ਨਾਮ ਗੋਬਿੰਦ ਰਾਇ ਸੀ। ਗੁਰੂ ਗੋਬਿੰਦ ਰਾਇ ਦੀ ਆਗਿਆ ਨਾਲ ਮੁੱਕਰਰ ਤਾਰੀਖ਼ ਤੇ ਦੂਰ ਦੂਰ ਦੇਸਾਂ ਤੋਂ ਸਿੱਖ ਸ੍ਰੀ ਅਨੰਦਪੁਰ ਸਾਹਿਬ ਜੋ ਓਦੋਂ ਸਤਿਗੁਰਾਂ ਦਾ ਨਿਵਾਸ ਅਸਥਾਨ ਸੀ, ਪੁੱਜੇ । ਇਹ ਇਕੱਠ ਭਾਵੇਂ ਕੁਝ ਹਜ਼ਾਰਾਂ ਦਾ ਹੀ ਸੀ ਪਰ ਸਹੀ ਮਾਨਿਆਂ ਵਿਚ ਇਹ ਬਹੁਤ ਬੜਾ ਇਕੱਠ ਸੀ; ਕਿਉਂ ਜੋ ਇਕ ਤਾਂ ਓਦੋਂ ਸਫ਼ਰ ਕਰਨ ਦੇ ਸਾਇੰਟਿਫ਼ਿਕ ਸਾਧਨ ਕੋਈ ਨਹੀਂ ਸਨ ਤੇ ਦੂਜੇ ਪੁਰਾਤਨਤਾ ਪੂਰੇ ਜ਼ੋਰ ਨਾਲ ਰੋਕ ਪਾ ਰਹੀ ਸੀ । ਚਾਲੇ ਪਾ ਰਿਹਾ ਚਰਚ ਤੇ ਖ਼ਤਮ ਹੋ ਰਹੀ ਹਕੂਮਤ ਖਿਝ ਕੇ ਪੂਰੇ ਜ਼ੋਰ ਨਾਲ ਰਾਹ ਰੋਕਣ ਦਾ ਯਤਨ ਕਰ ਰਹੇ ਸਨ । ਉਸ ਸਫ਼ਰ ਨੂੰ ਤਕ ਕੇ ਹੀ ਕਿਸੇ ਕਵੀ

ਨੇ ਕਿਹਾ ਸੀ, "ਭਾਵੇਂ ਗੁਰੂ ਆਗਿਆ ਨਾਲ ਸਿੱਖ ਪ੍ਰੀਤ ਦੇ ਬਝੇ ਮਾਹੀ ਵਲ ਤੁਰੇ ਜਾਂਦੇ ਹਨ, ਪਰ ਰਸਤਾ ਬੜਾ ਬਿਖਮ ਹੈ । ਰਾਹ ਵਿਚ ਔਕੜਾਂ, ਜੰਗਲ ਤੇ ਬਲਾਵਾਂ ਹਨ, ਲੱਖਾਂ ਸ਼ੇਰ ਬੁੱਕਦੇ ਅਤੇ ਨਾਗ ਫੁੰਕਾਰਦੇ ਹਨ, ਸ਼ੀਂਹ ਰਾਹ ਰੋਕੀ ਖੜੋਤੇ ਹਨ । ਸੁਆਦਲੀ ਗੱਲ ਇਹ ਹੈ ਕਿ ਜਿਹੜੇ ਇਹ ਮੁਸ਼ਕਲਾਂ ਲੰਘ ਮੰਜ਼ਲ ਤੇ ਅੱਪੜ ਭੀ ਗਏ, ਉਹਨਾਂ ਨੂੰ ਭੀ ਇਮਤਿਹਾਨ ਦੇਣਾ ਪਵੇਗਾ । ਜੋ ਪਾਸ ਹੋਏ, ਮਾਲਕ ਦੇ ਦਰ ਉਹੀ ਪ੍ਰਵਾਨ ਹੋਣਗੇ"[1]। ਓੜਕ ਸਭ ਮੁਸ਼ਕਲਾਂ ਲੰਘ ਸਿੰਘ ਸਿੱਖ ਗੁਰੂ ਦਰ ਆ ਹੀ ਜੁੜੇ । ਵਸਤੀਓਂ ਥੋੜੀ ਦੂਰ ਇਕ ਰਮਣੀਕ ਟਿੱਲੇ ਤੇ ਦਿਵਾਨ ਸਜ ਗਿਆ ਅਤੇ ਇਮਤਿਹਾਨ ਹੋਣ ਲੱਗਾ । ਇਮਤਿਹਾਨ ਵਿਚ ਬਹੁਤ ਸੁਆਲ ਨਾ ਕੀਤੇ ਗਏ ਸਗੋਂ ਸਭ ਤੋਂ ਪਹਿਲਾਂ ਅਤੇ ਪ੍ਰਧਾਨ ਸੁਆਲ ਹੀ ਪੁਛਿਆ ਗਿਆ । ਉਹ ਸੀ ਮਨੁਖ ਦਾ ਆਪਣੀ ਜ਼ਾਤ ਨੂੰ ਸਮਝਣਾ । ਗੁਰੂ ਨਾਨਕ ਨੇ ਪਿਹਲੇ ਦਿਨ ਹੀ ਉਸ ਨੂੰ ਆ ਕੇ ਦੱਸਿਆ ਸੀ ਕਿ "ਉਹ ਜੋਤ ਸਰੂਪ ਹੈ । ਅਬਿਨਾਸ਼ੀ ਜੋਤ ਤੋਂ ਜਗੀ ਹੋਈ ਬੱਤੀ ਹੈ। ਜਗਤ ਜੀਵਨ ਸਾਗਰ ਦੀ ਇਕ ਲਹਿਰ ਹੈ । ਉਸ ਦਾ ਰੂਪ ਭਾਵੇਂ ਬਦਲ ਜਾਏ, ਜਾਤ ਨਹੀਂ ਬਦਲ ਸਕਦੀ । ਉਹ ਅਬਿਨਾਸ਼ੀ ਦਾ ਅਕਸ ਹੋਣ ਕਰਕੇ ਅਬਿਨਾਸ਼ੀ ਹੈ। ਉਸ ਨੂੰ ਦ੍ਰਿੜ ਕਰ ਲੈਣਾ ਚਾਹੀਦਾ ਹੈ ਕਿ ਉਸ ਦਾ ਨਿਜ ਸਰੂਪ ਅਮਰ ਜੋਤੀ ਹੈ । ਮੌਤ ਉਸ ਨੂੰ ਮਾਰ ਨਹੀਂ ਸਕਦੀ, ਸਗੋਂ ਪਲਟੇ ਨਵੇਂ ਖੇੜੇ ਲਿਆਉਂਦੇ ਹਨ" । ਸੋ ਇਸ ਵੱਡੇ ਸੁਆਲ ਦਾ ਉਤ੍ਰ ਪੁਛਿਆ ਗਿਆ ਪਰ ਪੁਛਿਆ ਗਿਆ ਅਮਲੀ ਤੌਰ ਤੇ। ਸਤਿਗੁਰਾਂ ਨਿਰਾ ਜ਼ਬਾਨੀ ਗਿਆਨ ਕਦੀ ਨਹੀਂ ਸੀ ਦਿਤਾ, ਉਹ ਹਰ ਗਲ ਨੂੰ ਅਮਲੀ ਤੌਰ ਤੇ ਹੀ ਸਮਝਾਂਦੇ ਸਨ। ਇਸ ਕਰ ਕੇ ਪ੍ਰਸ਼ਨਾਂ ਦਾ ਉੱਤਰ ਭੀ ਅਮਲੀ ਤੌਰ ਤੇ ਹੀ ਮੰਗਿਆ। ਦਸਵੇਂ ਜਾਮੇ

---

1. ਮੁਸ਼ਕਲ ਮਿਲਣ ਮਾਹੀ ਨੂੰ ਹੀਰੇ, ਔਝੜ ਝੰਗ ਬਲਾਈਂ ॥
ਕਰ ਕਰ ਸ਼ੇਰ ਜਮਾਤੀਂ ਬੈਠੇ, ਨਾਗ ਕੁੰਡਲ ਬਲ ਪਾਈਂ ।
ਪੰਧ ਮੁਹਾਲ ਨ ਦੌਂਦੇ ਜਾਵਣ, ਮੱਲ ਡਾਕੇ ਬਹਿਣ ਸਰਾਈਂ ।
ਅੱਗੇ ਬੇਪਰਵਾਹ ਰੰਝੇਟਾ, ਡਾਢੇ ਮਿਲਣ ਸਜਾਈਂ ।

*(ਹਜ਼ੂਰੀ 'ਬਿਹੰਗਮ' ਕਵੀ)*

ਵਿਚ ਟਿਕੇ ਹੋਏ ਨਾਨਕ ''ਗੁਰੂ ਗੋਬਿੰਦ ਰਾਇ'' ਦੀਵਾਨ ਵਿਚ ਖੜੇ ਹੋ ਗਏ ਅਤੇ ਉਨ੍ਹਾਂ ਨੇ ਆਪਣੇ ਮਿਆਨ ਵਿਚੋਂ ਦੋਧਾਰਾ ਖੰਡਾ ਧੂਹ, ਇਕੱਠ ਵੱਲ ਮੁਖ਼ਾਤਬ ਹੋ, ਗਰਜ ਕੇ ਕਿਹਾ:''ਮੈਨੂੰ ਜਗਤ ਕਲਿਆਨ ਹਿਤ ਇਕ ਸਿਰ ਦੀ ਲੋੜ ਹੈ । ਉਠੋ, ਜੋ ਤੁਹਾਡੇ ਵਿਚੋਂ ਸਿਰ ਕਟਵਾਣਾ ਚਾਹੁੰਦਾ ਹੈ।'' ਸਤਿਗੁਰਾਂ ਦੇ ਲਲਕਾਰਾ ਮਾਰਦਿਆਂ ਹੀ ਇਕ ਸਿੱਖ ਉਠਿਆ । ਇਸ ਦਾ ਨਾਂ 'ਦਯਾ ਰਾਮ' ਸੀ। ਇਹ ਲਾਹੌਰ ਦਾ ਰਹਿਣ ਵਾਲਾ ਅਤੇ ਪੁਰਾਣੀ ਸਮਾਜ ਦੀ ਵੰਡ ਅਨੁਸਾਰ ਜਾਤ ਦਾ ਖਤਰੀ ਸੀ । ਸਤਿਗੁਰੂ ਉਸ ਨੂੰ ਪਕੜ ਕੇ ਇਕ ਤੰਬੂ ਵਿਚ ਲੈ ਗਏ । ਲੋਕਾਂ ਨੇ ਤੰਬੂ ਦੇ ਅੰਦਰੋਂ ਚਲਦੇ ਖੰਡੇ ਦੀ ਝਣਕਾਰ ਸੁਣੀ ਅਤੇ ਖ਼ੂਨ ਦੀ ਧਾਰਾ ਬਾਹਰ ਵਗਦੀ ਹੋਈ ਦੇਖੀ।[1] ਸਤਿਗੁਰ ਫਿਰ ਦੀਵਾਨ ਵਿਚ ਆ ਗਏ ਅਤੇ ਫ਼ੁਰਮਾਇਆ, ''ਇਕ ਹੋਰ ਸਿਰ ਦੀ ਲੋੜ ਹੈ । ਤਾਂ ਧਰਮ ਚੰਦ, ਹਸਤਨਾ ਪੁਰੀ ਜੱਟ, ਸਿਰ ਹਾਜ਼ਰ ਕਰ ਖੜੋਤੇ । ਉਹਨਾਂ ਨਾਲ ਵੀ ਪਹਿਲਾਂ ਵਾਂਗ ਹੀ ਬੀਤੀ । ਤੀਜੀ ਆਵਾਜ਼ ਤੇ ਬਿਦਰ ਨਿਵਾਸੀ ''ਸਾਹਿਬ ਚੰਦ'' ਚੌਥੀ ਤੇ ਪੁਰੀ ਦੇ ਰਹਿਣ ਵਾਲੇ ''ਮੋਹਕਮ ਚੰਦ'', ਅਤੇ ਪੰਜਵੀਂ ਵਾਰ ਗਯਾ ਦੇ ਨਿਵਾਸੀ ''ਹਿੰਮਤ ਰਾਜ'' ਖੜੇ ਹੋਏ । ਜਦ ਇਹ ਪੰਜ ਵਾਰੀ ਸੀਸ ਭੇਟ ਕਰਨ ਹਿਤ ਹੰਸੂ ਹੰਸੂ ਕਰਦੇ ਸਾਂਹਮਣੇ ਆ ਗਏ ਤਾਂ ਸਤਿਗੁਰਾਂ ਫ਼ੁਰਮਾਇਆ, ''ਬੱਸ ਮੇਰਾ ਕਾਰਜ ਸਿੱਧ ਹੋਇਆ ਹੈ । ਮੇਰਾ ਮਨੋਰਥ ਮਨੁਖ ਨੇ ਜਾਣ ਲਿਆ ਹੈ। ਉਸ ਨੇ ਨਿਜ ਸਰੂਪ ਅਮਰ ਜੋਤੀ ਦੀ ਪਹਿਚਾਨ ਕਰ ਲਈ ਹੈ । ਉਹ ਮੌਤ ਨੂੰ ਮਾਰ ਗਿਆ ਹੈ । ਪੰਜ ਪ੍ਰਗਟ ਹੋ ਗਏ ਅਤੇ ਹੋਰ ਬੇਅੰਤ ਇਸੇ ਤਰ੍ਹਾਂ ਸਿਦਕੀ ਹਨ । ਤਾਂ ਤੇ ਹੁਣ ਭਰੋਸਾ ਪੱਕਾ ਹੋ ਗਿਆ ਕਿ ਇਸ ਪੰਥ ਦੀ ਬਹੁਤ ਬਿਰਧੀ ਹੋਵੇਗੀ[2] ।'' ਇਤਨਾ ਕਹਿ ਆਪ ਨੇ ਅੰਮ੍ਰਿਤ

SIKHBOOKCLUB.COM

1. ਸਤਿਗੁਰਾਂ ਨੇ ਪਹਿਲਾਂ ਹੀ ਤੰਬੂ ਦੇ ਅੰਦਰ ਬਕਰੇ ਬਨ੍ਹਵਾ ਛੱਡੇ ਸਨ ਆਪ ਨੇ ਖੰਡਾ ਮਾਰ ਬੱਕਰੇ ਦਾ ਸਿਰ ਕਟਿਆ ਸੀ । ਉਸ ਦੇ ਖ਼ੂਨ ਦੀ ਧਾਰ ਹੀ ਲੋਕਾਂ ਨੇ ਤੰਬੂ ਵਿਚੋਂ ਬਾਹਰ ਵਗਦੀ ਹੋਈ ਦੇਖੀ ।

*(ਪੰਥ ਪ੍ਰਕਾਸ਼)*

2. ਆਦਿ ਗੁਰੂ ਸਿਖੀ ਜਬ ਪਰਖੀ ।

ਤਿਆਰ ਕੀਤਾ । ਇਨ੍ਹਾਂ ਪੰਜਾ ਨੂੰ ਛਕਾਇਆ ਅਤੇ ਹੁਕਮ ਦਿੱਤਾ, ''ਤੁਸੀਂ ਪੁਰਾਤਨਤਾ ਦੀ ਮਿਰਗਾਵਲੀ ਦੇ ਮੁਕਾਬਲੇ ਦੇ 'ਸਿੰਘ' ਰੂਪ ਹੋ ਪ੍ਰਗਟ ਹੋ । ਮੈਂ ਤੁਹਾਨੂੰ ਅਜ ਤੋਂ ''ਸਿੰਘ'' ਕਹਿੰਦਾ ਹਾਂ । ਤੁਸੀਂ ਦਯਾ ਸਿੰਘ, ਧਰਮ ਸਿੰਘ, ਹਿੰਮਤ ਸਿੰਘ, ਮੋਹਕਮ ਸਿੰਘ ਅਤੇ ਸਾਹਿਬ ਸਿੰਘ, ਹੋ । ਤੁਸੀਂ ਪਹਿਲਾਂ ਨਿਤਰੇ ਪੰਜ ਪਿਆਰੇ ਹੋ । ਤੁਸੀਂ ਪੂਰਨ ਮਨੁਖ ਹੋ । ਤੁਸੀਂ ਖ਼ੁਦ ਮਾਲਿਕ ਹੋ । ਤੁਸੀਂ ਗੁਰੂ ਖ਼ਾਲਸਾ ਹੋ। ਤੁਸਾਂ ਆਪਣੀ ਆਪ ਅਗਵਾਈ ਅਤੇ ਜਗਤ ਦੀ ਕਲਿਆਨ ਵੀ ਕਰਨੀ ਹੈ। ਲਓ ਸੰਭਾਲੋ ਆਪਣੀ ਵਿਰਾ-ਸਤ । ਮੈਂ ਮਨੁਖ ਤਨ ਧਾਰਿਆ ਹੈ । ਪਹਿਲਾਂ ਮੈਨੂੰ ਹੀ ਗੁਰਭਾਈ ਬਣਾਓ । ਅੰਮ੍ਰਿਤ ਪਿਲਾਓ । ਰਹਿਬਰੀ ਕਰੋ । ਮੈਂ ਅੱਜ ਤੁਹਾਨੂੰ ਆਪਣੀ ਥਾਂ ਤੇ ਗੁਰੂ ਥਾਪਦਾ ਹਾਂ । ਹੁਣ ਜਗਤ ਕਲਿਆਣ ਦੀ ਵਾਗ ਡੋਰ ਪੰਜਾਂ ਦੇ ਹੱਥ ਵਿਚ ਹੀ ਰਹੇਗੀ [1] । ਜਿਸ ਤਰ੍ਹਾਂ ਮੈ ਪਹਿਲੇ ਜਾਮੇ ਵਿਚ ਇਮਤਿਹਾਨ ਲੈ ''ਲਹਿਣੇ'' ਨੂੰ ਪੂਰਾ ਪੁਰਖ ''ਅੰਗਦ'' ਬਣਾ, ਗੁਰੂ ਥਾਪਿਆ ਸੀ, ਓਸੇ ਤਰ੍ਹਾਂ ਅੱਜ ਤੁਹਾਨੂੰ ਖ਼ਾਲਸਾ ਹੀ ਗੁਰੂ ਹੈ [2] ਖ਼ਾਲਸਾ ਹੀ ਅਗਾਂਹ ਨੂੰ ਪਾਹੁਲ ਦਿਆ ਕਰੇਗਾ । ਖ਼ਾਲਸਾ ਹੀ ਮੋਇਆਂ ਨੂੰ ਬਖਸ਼ੇਗਾ । ਜੋ ਪੰਜ ਕਹਿਣਗੇ ਓਹੀ ਪ੍ਰਵਾਨ ਹੋਵੇਗਾ । ਖ਼ਾਲਸਾ ਹੀ ਜੋਤ ਸਰੂਪ ਹੈ । ਜੋ ਉਸ ਦੀ ਪੂਜਾ

---

ਅੰਗਦ ਕਾਇਮ ਏਕ ਰਹਾਨਾ । ਤਹ ਪ੍ਰਤਾਪ ਸਿੱਖ ਬੜ੍ਹੈ ਮਹਾਨਾ ।
ਅਬ ਤੌਂ ਪਜ ਸਿਦਕਯੁਕਤ ਨਿਕਸੇ । ਪੰਥ ਅਧਿਕ ਅਬ ਇਨਸੇ ਖਿਗਸੇ ।
ਜਾਨ ਲਿਓ ਅਬ ਹਮ ਨਿਸਚੇ ਹੈ । ਸਿਦਕੀ ਸਿਖ ਅਰ ਬਹੁਤੇ ਹੈਂ ।

*(ਪੰਥ ਪ੍ਰਕਾਸ਼)*

1. ਖ਼ਾਲਸਾ ਗੁਰੂ ਹੈ ਗੁਰੂ ਖ਼ਾਲਸਾ ਕਰੂੰ ਮੈ ਅਬ,
ਜੈਸੇ ਗੁਰੂ ਨਾਨਕ ਜੀ ਅੰਗਦ ਕੋ ਕੀਨਿਓ
ਸ਼ੰਕ ਨਾ ਕਰੀਜੇ, ਸਾਵਧਾਨ ਹੋਇ ਦੀਜੇ,
ਅਬ ਅੰਮ੍ਰਿਤ ਛਕਾਵੋ ਮੋਹਿ ਜੈਸੇ ਤੁਮ ਲੀਨਿਓ ॥
ਕਾਲ ਹੂੰ ਕੋ ਕਾਲ, ਅਸਕੇਤ ਹੈ ਅਕਾਲ ਪ੍ਰਭੂ,
ਦੀਰਘ ਕਿਰਪਾਲ ਯੂੰ ਹੁਕਮ ਹਮੇ ਦੀਨਿਓ ॥
ਥਾਪਨ ਧਰਮ ਕੋ, ਉਥਾਪਨ ਭਰਮ ਕੋ,
ਕੁਕਰਮਨ ਕੋ ਥਾਪਨ ਸਿਮਰ ਨਾਮ ਚੀਨਿਓ ॥

*(ਸੂਰਜ ਪਰਕਾਸ਼)*

2. ਅਹੈ ਗੁਰੂ ਖ਼ਾਲਸਾ ਹੋਇ ॥

ਕਰੇਗਾ ਪੂਰਨ ਪਦ ਲਏਗਾ । ਜੋ ਇਸ ਤੋਂ ਬਾਂਛੇਗਾ ਫਲ ਪਾਏਗਾ [1] । ਇਤਨਾ ਕਹਿ ਸਤਿਗੁਰਾਂ ਨੇ ਖੁਦ ਪੰਜਾਂ ਦੇ ਹਥੋਂ ਅੰਮ੍ਰਿਤ ਪਾਨ ਕੀਤਾ [2]। ਮਰਯਾਦਾ ਪ੍ਰਸ਼ੋਤਮ ਸਤਿਗੁਰਾਂ ਨੇ ਆਪਣਾ ਨਾਮ ਭੀ ਇਸ ਦਿਨ ਤੋਂ ''ਗੋਬਿੰਦ ਸਿੰਘ'' ਰੱਖ ਲਿਆ । ਇਹ ਸਿਖਿਆ ਦਾ ਆਖ਼ਰੀ ਦਿਨ ਸੀ । ਹੁਣ ਮਨੁਖ ਖ਼ੁਦ ਸਿੱਖ ਚੁਕਾ ਸੀ । ਇਮਤਿਹਾਨ ਵਿਚ ਪਾਸ ਹੋ ਗਿਆ ਸੀ। ਇਸ ਕਰਕੇ ਜਗਤ ਕਲਿਆਨ ਦੀ ਵਾਗ ਡੋਰ ਉਸ ਦੇ ਸਪੁਰਦ ਕਰ ਦਿਤੀ ਗਈ । ਉਸ ਦਾ ਨਾਮ ਖ਼ਾਲਸਾ ਰੱਖਿਆ ਗਿਆ । ਖ਼ਾਲਸਾ ਗੁਰੂ ਵਿਚ ਅਤੇ ਗੁਰੂ ਪਰਮੇਸ਼ਰ ਵਿਚ ਇਕ-ਮਿਕ ਹੋ ਗਿਆ । ਮਨੁਖ ਦੇ ਅੰਦਰੋਂ ਜੋਤ ਜਾਗ ਉਠੀ । ਉਸ ਨੇ ਲਲਕਾਰਾ ਮਾਰਿਆ । ਉਹ ਉਤਸ਼ਾਹ ਵਿਚ ਆ ਬੁੱਕ ਉੱਠਿਆ । ਪੁਰਾਤਨਤਾ ਦੀ ਮ੍ਰਿਗਾਵਲੀ ਭੱਜ ਉੱਠੀ । ਅੱਜ ਤੋਂ ਸਮੁੱਚਾ ਪਾਸ ਹੋਇਆ ਮਨੁਖ 'ਖਾਲਸਾ' ਤੇ ਇਕੱਲਾ ਇਕੱਲਾ

---

1. ਗੁਰ ਘਰ ਕੀ ਮਰਯਾਦਾ ਪੰਚੋਂ ਪੰਚੋਂ ਪਾਹੁਲ ਪੂਰਬ ਪੀਨ ॥
ਹੋਇ ਤਨਖਾਹੀਆ ਬਖਸ਼ੇ ਪੰਚੋਂ, ਪਹੁਲ ਦੇ ਮਿਲ ਪੰਚ ਪਰਬੀਨ ॥
ਲਖੇ ਪੰਚ ਕੀ ਵਡ ਵਡਿਆਈ, ਪੰਚੋਂ ਕਰੇਂ ਸੋ ਨਿਫਲ ਨ ਚੀਨ ॥
ਭੋਜਨ ਛਾਦਨ ਪੰਚਨ ਅਰਪੈ, ਅਰਜ਼ ਕਰੇਂ ਤਿਨ ਬਾਂਛਤ ਲੀਨ ॥
ਤਥਾ:-
ਸਿੰਘ ਸੁ ਰਹਤ ਪੰਚ ਜੋ ਮਿਲਹਿ ॥ ਮਮ ਸਵਰੂਪ ਸੋ ਸੋ ਦੇਖਹੁ ਭਲਹਿ ॥
ਮਨੋ ਕਾਮਨਾ ਤਿਨ ਤੇ ਪ੍ਰਾਪਤ ॥ ਸ਼ਰਧਾ ਧਰੇ ਚਿੰਤ ਦੁਖ ਖਾਪਤ ॥
ਸਿਖ ਪੰਚੋਂ ਮਹਿ ਮੇਰੇ ਵਾਸਾ ॥ ਪੂਰਨ ਕਰੋ ਧਰਹੁ ਜਿਹ ਆਸਾ ॥
ਗੁਰੂ ਖਾਲਸਾ, ਖਾਲਸਾ ਗੁਰੂ ॥ ਅਬ ਤੇ ਹੋਈ ਐਸੀ ਬਿਧ ਸ਼ੁਰੂ ॥
ਆਪਨੀ ਜੋਤ ਖਾਲਸੇ ਬਿਖੇ ॥ ਹਮ ਨੇ ਧਰੀ ਜੋ ਕਲਜੁਗ ਪਿਖੇ ॥

*(ਸੂਰਜ ਪਰਕਾਸ਼)*

2. ਪੂਰਨ ਪਰਮ ਜੋਤ ਪੰਥ ਕੋ ਅਦੋਤ ਪ੍ਰਭੂ,
ਉਠ ਕੇ ਸੰਘਾਸਨ ਤੇ ਖੜੇ ਆਪ ਹੋਇ ਕਰ ॥
ਵਾਹਿਗੁਰੂ ਉਬਾਚਿਤੂ ਸੋ ਪਾਹੁਲ ਕੋ ਜਾਚਤ,
ਬਿਸਾਲ ਤੇਜ ਰਾਚਤ ਇਕਤ ਕਰ ਦੋਇ ਕਰ ॥
ਖੜਗ ਨਿਖਿੰਗ ਕਟ ਕਮ ਕੇ ਖੁੰਦਗ ਕੰਧ,
ਜਮਧਰ ਧਾਰ ਕੇ ਕਦਰ ਚਕਰ ਦੋਇ ਕਰ ॥
ਜੈਸੇ ਮਮ ਦੀਪ ਬਿਧਿ ਸੰਗ ਤੁਮ ਲੀਨ ਪੰਚੋਂ,
ਤੈਸੇ ਮੋਹਿ ਦੀਜੈ ਸੰਦੇਹ ਸਭ ਖੋਹਿ ਕਰ ॥

*(ਸੂਰਜ ਪਰਕਾਸ਼)*

'ਸਿੰਘ' ਕਰ ਸਦਿਆ ਗਿਆ। ਏਹੀ ਖ਼ਾਲਸਾ ਗੁਰੂ ਰੂਪ ਸਗੋਂ ਅਕਾਲ ਪੁਰਖ ਦੀ ਮੂਰਤਿ ਕਰ, ਥਾਪਿਆ ਗਿਆ[1] ।

---

1. ਗੁਰੂ ਖਾਲਸਾ ਮਾਨਿਜੈ ਪ੍ਰਗਟ ਗੁਰੂ ਕੀ ਦੇਹ ॥
ਜੋਇ ਸਿਖ ਮਿਲਬੋ ਚਹੇ ਖੋਜ ਇਨੋ ਮੈ ਲੇਹ ॥੨੪॥
ਅਕਾਲ ਪੁਰਖ ਕੀ ਮੂਰਤਿ ਏਹ ।
ਪ੍ਰਗਟਿਓ ਆਪ ਖਾਲਸਾ ਦੇਹ ।੨੮॥

*(ਰਹਿਤ ਨਾਮਾ ਭਾਈ ਪ੍ਰਹਿਲਾਦ ਸਿੰਘ)*



SIKHBOOKCLUB.COM

# ਅੰਮ੍ਰਿਤ ਸੰਸਕਾਰ

ਕੁਦਰਤ ਦੇ ਨਿਜ਼ਾਮ ਵਿਚ ਇਕ ਪਰਸਿੱਧ ਕਾਇਦਾ ਹੈ ਕਿ ਹਰ ਅਰੂਪ ਸ਼ਕਤੀ ਆਪਣੇ ਰੂਪਵਾਨ ਨਿਸ਼ਾਨ ਨਾਲ ਪ੍ਰਗਟ ਹੁੰਦੀ ਹੈ । ਤੇ ਹੋਵੇ ਵੀ ਕਿਉਂ ਨਾ ? ਜਦ ਮੁੱਢ ਵਿਚ ਅਰੂਪ ਪ੍ਰਭੂ ਦ੍ਰਿਸ਼ਟਮਾਨ ਜਗਤ ਦਾ ਰੂਪ ਧਾਰ ਕੇ ਪ੍ਰਗਟ ਹੋ ਰਹੇ ਹਨ । ਮਜ਼੍ਹਬੀ ਦੁਨੀਆਂ ਦੇ ਸਭ ਤੋਂ ਪੁਰਾਣੇ ਸਾਹਿਤ ਵਿਚ ਇਹ ਦਸਿਆ ਗਿਆ ਹੈ ਕਿ ਅਰੂਪ ਓਂਕਾਰ ਨੇ ਆਪਣੀ ਇੱਛਾ ਨਾਲ ਆਪਣੇ ਆਪ ਨੂੰ ਇਕ ਤੋਂ ਅਨੇਕ ਰੂਪ ਕਰ, ਨਿਰਤਮ ਜਗਤ ਦੇ ਨਿਸ਼ਾਨ ਵਿਚ ਪ੍ਰਗਟ ਕੀਤਾ ਹੈ । ਏਸੇ ਤਰ੍ਹਾਂ ਹੀ ਵਿਗਿਆਨ ਵੀ ਮੰਨਦਾ ਹੈ । ਉਹ ਈਸ਼ਵਰ ਦੀ ਹੋਂਦ ਵਿਚ ਨਿਸ਼ਚਾ ਕਰੇ ਯਾ ਨਾ ਕਰੇ; ਪਰ ਇਸ ਗੱਲ ਦਾ ਕਾਇਲ ਹੈ ਕਿ ਰੂਪਵਾਨ ਜਗਤ ਕਿਸੇ ਅਰੂਪ ਸਤਯਾ ਦਾ ਆਪਣੇ ਆਪ ਨੂੰ ਪ੍ਰਗਟ ਕਰਨ ਹਿਤ ਧਰਿਆ ਹੋਇਆ ਨਿਸ਼ਾਨ ਹੈ । ਉਸ ਦੀ ਪ੍ਰਕਿਤਕ ਖੋਜ ਅੱਜ ਤਕ ਚਲਦੀ ਚਲਦੀ ਏਥੋਂ ਤਕ ਪਹੁੰਚੀ ਹੈ ਕਿ ਪ੍ਰਕ੍ਰਿਤਕ ਦਾ ਮੂਲ ਕਾਰਨ ਬਿਜਲੀ ਹੈ ਤੇ ਬਿਜਲੀ ਈਲੈਕਟ੍ਰੋਨ ਦੀ ਹਾਲਤ ਲੈਣ ਤੋਂ ਪਹਿਲੇ ਅਰੂਪ ਸੀ । ਖ਼ਾਸ ਸਮੇਂ ਤੇ ਉਹ ਅਰੂਪ ਬਿਜਲੀ ਇਲੈਕ-ਟ੍ਰੋਨ ਦਾ ਰੂਪ ਲੈਂਦੀ ਹੋਈ ਅਸਥੂਲ ਮਾਦੇ ਦਾ ਰੂਪ ਫੜ, ਜਗਤ ਦੀ ਘਾੜਤ ਘੜਦੀ ਹੈ । ਭਾਵ ਕੀ, ਕਿ ਰੂਪਵਾਨ ਪ੍ਰਕ੍ਰਿਤਕ ਜਗਤ, ਅਰੂਪ ਦਾਮਨਿਕ ਸ਼ਕਤੀ ਦਾ ਇਕ ਪਰਗਟ ਨਿਸ਼ਾਨ ਹੈ ।

ਇਹ ਹਨ ਉਨ੍ਹਾਂ ਦੇ ਖ਼ਿਆਲ ਜਿਨ੍ਹਾਂ ਨੇ ਜਗਤ ਦੇ ਇਕ ਅੰਗ

ਕੇਵਲ ਪ੍ਰਿਤੀ ਦੀ ਹੀ ਕਿਸੇ ਹਦ ਤਕ ਖੋਜ ਕੀਤੀ ਹੈ । ਪਰ ਜਿਨ੍ਹਾਂ ਪ੍ਰਿਤੀ ਤੋਂ ਉਤਾਂਹ ਉਠ, ਮਾਦੇ ਨੂੰ ਬਾਕਾਇਦਾ ਰੱਖ, ਕੰਮ ਕਰ ਰਹੀ ਵਿਆਪਕ ਮਰਜ਼ੀ ਤੇ ਮਰਜ਼ੀ ਵਾਲੇ ਦੀ ਵੀ ਖੋਜ ਕੀਤੀ ਹੈ, ਉਨ੍ਹਾਂ ਦਾ ਵੀ ਖ਼ਿਆਲ ਏਹੀ ਹੈ, ਕਿ ਅਸਥੂਲ ਜਗਤ ਕਿਸੇ ਸੂਖਮ ਹਸਤੀ ਦਾ ਆਪਣੇ ਆਪ ਨੂੰ ਪ੍ਰਗਟ ਕਰਨ ਹਿਤ ਧਾਰਿਆ ਹੋਇਆ ਰੂਪ ਹੈ ।[1] ਗੱਲ ਕੀ, ਕੀ ਆਸਤਕ ਤੇ ਕੀ ਨਾਸਤਕ, ਕੀ ਆਤਮਵਾਦੀ ਤੇ ਕੀ ਅਨਾਤਮਵਾਦੀ ਸਾਰੇ ਇਸ ਗੱਲ ਤੇ ਸਹਿਮਤ ਹਨ ਕਿ ਅਰੂਪ ਸਤਯਾ, ਨਿਸ਼ਾਨਾ ਕਰਕੇ ਹੀ ਰੂਪਵਾਨ ਜਗਤ ਵਿਚ ਪਰਗਟ ਹੁੰਦੀ ਹੈ । ਜੇ ਜ਼ਰਾ ਖੋਜੀਏ ਤਾਂ ਇਹ ਕਾਇਦਾ ਜਗਤ ਵਿਚ ਰੋਜ਼ ਵਿਆਪ ਰਿਹਾ ਦਿੱਸ ਆਉਂਦਾ ਹੈ । ਪ੍ਰਿਤਕ ਮੰਡਲ ਵਿਚ ਹਜ਼ਾਰਾਂ ਮੀਲਾਂ ਦੀ ਦੂਰੀ ਤੇ ਬਿਨਾਂ ਥਮਾਂ ਤੋਂ ਖਲੋਤੇ ਡਲ੍ਹ ਡਲ੍ਹ ਕਰਦੇ ਤਾਰੇ, ਚੰਦ ਤੇ ਸੂਰਜ ਸਾਨੂੰ ਕਸ਼ਸ਼ੇ ਸਿਕਲ (ਗਰੈਵਿਟੀ) ਦੀ ਹੋਂਦ ਦਾ ਸਬੂਤ ਦੇਂਦੇ ਹਨ । ਅਸੀਂ ਦੇਖਦੇ ਹਾਂ ਕਿ ਉਹ ਬਗੈਰ ਤਣਾਵਾਂ ਤੋਂ ਤਣੇ ਹੋਏ ਤੇ ਬਗੈਰ ਥੰਮਾਂ ਤੋਂ ਖਲਤੇ ਹੋਏ ਹਨ । ਉਨ੍ਹਾਂ ਨੂੰ ਯਕੀਨਨ ਇਹ ਖਿੱਚ ਦੀ ਸਤਯਾ ਹੀ ਆਪਣੀ ਥਾਂ ਤੇ ਕਾਇਮ ਰਖੀ ਖਲੋਤੀ ਹੈ । ਦਰਿਆਵਾਂ ਵਿਚ ਆਏ ਹੋਏ ਹੜ੍ਹ ਇਸ ਗੱਲ ਦਾ ਸਬੂਤ ਦੇਂਦੇ ਹਨ ਕਿ ਦੂਰ ਪਏ ਪਹਾੜੀ, ਵਰਖਾ ਹੋਈ ਹੈ । ਓਸ ਵਰਖਾ ਦਾ ਅਰੂਪ ਦ੍ਰਿਸ਼ ਜੋ ਸਾਨੂੰ ਨਹੀਂ ਦਿੱਸਦਾ, ਹੜ੍ਹ ਕਰਕੇ ਹੀ ਸਾਡੇ ਤੇ ਪ੍ਰਗਟ ਹੁੰਦਾ ਹੈ ਅਕਾਸ਼ ਤੇ ਬਣੇ ਹੋਏ ਬੱਦਲ ਹੀ ਸਾਨੂੰ ਇਹ ਗੱਲ ਦਸਦੇ ਹਨ ਕਿ ਗਰਮੀ ਨਾਲ ਧਰਤੀ ਦਾ ਪਾਣੀ ਭਾਪ ਬਣ ਕੇ ਉਤਾਂਹ ਉਡਦਾ ਹੈ । ਜਾਨਦਾਰਾਂ ਦੀ ਦੁਨੀਆਂ ਵਿਚ ਆ ਜਾਓ । ਮੋਰਾਂ ਦੀਆਂ ਕੂਕਾਂ, ਅੰਬਾਂ, ਤੇ ਫੁਲਾਂ ਨਾਲ ਪਏ ਪਿਆਰ ਨੂੰ ਦਰਸਾਉਂਦੇ ਹਨ । ਮਹਾਵਤ ਦੇ ਬੱਚੇ ਦੇ ਧਤ ਧਤ ਕਰਨ ਤੇ ਹਾਥੀ ਦਾ ਉਹਦੀ ਇੱਛਾ ਅਨੁਸਾਰ ਤੁਰ ਪੈਣਾ ਹੀ ਓਸ ਅਰੂਪ ਖ਼ੌਫ ਨੂੰ ਪ੍ਰਗਟ ਕਰਦਾ ਹੈ ਜੋ ਹਾਥੀ ਦੇ ਮਨ ਵਿਚ ਅੰਕਸ ਦੀ ਮਾਰ ਤੋ ਪੈਦਾ ਹੋ ਰਿਹਾ ਹੈ । ਮਨੁਖ-ਦੁਨੀਆ ਵਿਚ ਭੀ ਇਹੋ ਹਾਲਤ ਹੈ । ਬੁਲ੍ਹਾਂ ਤੇ ਆਏ ਹਾਸੇ ਤੇ ਚਾਂਘੀਆਂ

1. ਤੂੰ ਪੇਡੁ ਸਾਖ ਤੇਰੀ ਫੂਲੀ, ਤੂੰ ਸੂਖਮ ਹੋਆ ਅਸਥੂਲੀ ।

ਅਰੂਪ ਖੁਸ਼ੀ, ਨੈਣਾ ਵਿਚ ਆਏ ਹੰਝੂ ਤੇ ਠੇਡੇ ਹਾਓਕੇ ਅਰੂਪ ਗ਼ਮ ਮਥੇ ਪਈਆਂ ਤਿਊੜੀਆਂ ਤੇ ਅੱਖਾਂ ਦੀ ਲਾਲੀ, ਅਰੂਪ ਕ੍ਰੋਧ, ਨੂੰ ਪਰਗਟ ਕਰਦੀ ਹੈ । ਗੱਲ ਕੀ, ਸਾਰੀ ਅਰੂਪ-ਦੁਨੀਆਂ ਤੇ ਅਰੂਪ ਜਜ਼ਬੇ ਨਿਸ਼ਾਨਾ ਕਰ ਕੇ ਹੀ ਪ੍ਰਗਟ ਹੁੰਦੇ ਹਨ । ਨਿਸ਼ਾਨਾ ਕਰ ਕੇ ਹੀ ਬਾਦਸ਼ਾਹੀਆਂ ਦੇ ਦਬਦਬੇ ਤੇ ਹਕੂਮਤ ਲੋਕਾਂ ਦੇ ਦਿਲ ਤੇ ਨਕਸ਼ ਹੁੰਦੇ ਹਨ ਉਨ੍ਹਾਂ ਦੀਆਂ ਧੁਜਾਂ ਖੜੀਆਂ ਕੀਤੀਆਂ ਜਾਂਦੀਆਂ ਹਨ । ਕਿਸੇ ਹਕੂਮਤ ਦਾ ਸ਼ਤਰੂ ਸਾਰਾ ਜ਼ੋਰ ਓਸ ਦੇ ਨਿਸ਼ਾਨ ਨੂੰ ਮਿਟਾਉਣ ਤੇ ਝੰਡੇ ਨੂੰ ਉਖੇੜਨ ਤੇ ਲਗਾ ਦੇਂਦਾ ਹੈ । ਕੌਣ ਨਹੀਂ ਜਾਣਦਾ ਕਿ ਇਕ ਹਕੂਮਤ ਦੀ ਥਾਂ ਦੂਸਰੀ ਕਾਇਮ ਹੋਣ ਦਾ ਤਰੀਕਾ ਇਕੋ ਹੈ ਕਿ ਇਕ ਦਾ ਝੰਡਾ ਪੁਟ ਕੇ ਉਥੇ ਦੂਸਰੀ ਦਾ ਲਗਾ ਦਿਤਾ ਜਾਵੇ । ਝੰਡਾ ਕੀ ਹੈ ਇਕ ਲਕੜੀ ਜਾਂ ਲੋਹੇ ਦਾ ਪੋਲ ਤੇ ਉਸ ਦੇ ਸਿਰੇ ਤੇ ਲਹਿਰਾ ਰਹੀ ਇਕ ਟਾਕੀ । ਇਕ ਹਕੀਰ ਜਿਹੀ ਚੀਜ਼ ਦੇ ਪੁੱਟਣ ਨਾਲ ਹਕੂਮਤ ਕਿਸ ਤਰ੍ਹਾਂ ਪੁੱਟੀ ਗਈ । ਪੋਲ ਦੇ ਉਖੇੜਨ ਨਾਲ ਰਾਜ ਕਿਸ ਤਰ੍ਹਾਂ ਉਖੜ ਗਿਆ ? ਓਸ ਦਾ ਉੱਤਰ ਬਿਲਕੁਲ ਸਿੱਧਾ ਸਾਦਾ ਹੈ; ਕਿ ਇਹ ਪੋਲ ਤੇ ਟਾਕੀ ਇਸ ਕਰ ਕੇ ਨਹੀਂ ਉਖੇੜੇ ਗਏ ਕਿ ਇਹਨਾਂ ਦੀ ਬਤੌਰ ਇਕ ਪੋਲ ਤੇ ਟਾਕੀ ਦੇ ਕੋਈ ਹੈਸੀਅਤ ਸੀ, ਬਲਕਿ ਇਸ ਵਾਸਤੇ ਪੁੱਟੇ ਗਏ ਕਿ ਇਹ ਕਿਸੇ ਰਾਜ ਤੇ ਹਕੂਮਤ ਦਾ ਨਿਸ਼ਾਨ ਸਨ। ਹਕੂਮਤ ਦਾ ਅਰੂਪ ਦਬਦਬਾ ਇਸ ਰੂਪਵਾਨ ਨਿਸ਼ਾਨ ਕਰਕੇ ਪ੍ਰਗਟ ਹੁੰਦਾ ਸੀ । ਇਸ ਕਰਕੇ ਇਸ ਨਿਸ਼ਾਨ ਦਾ ਪੁਟਿਆ ਜਾਣਾ ਹੀ ਉਸ ਹਕੂਮਤ ਦੇ ਦਬਦਬੇ ਦਾ ਖ਼ਤਮ ਹੋ ਜਾਣਾ ਸੀ । ਇਸ ਜਗਤ ਪ੍ਰਸਿਧ ਕਾਇਦੇ ਨੂੰ ਮੁਖ ਰਖ-ਦਿਆਂ ਹੀ ਦਸਵੇਂ ਜਾਮੇ ਵਿਚ ਟਿਕੇ ਹੋਏ ਨਾਨਕ, ਗੁਰੂ ਗੋਬਿੰਦ ਰਾਏ ਨੇ ਆਪਣਾ ਨਿਜ ਸਵਰੂਪ ਪਰ ਪਹਿਚਾਨ ਅਮਰ ਹੋ ਚੁਕੇ ਨਵੇਂ ਮਨੁਖ ਦਾ ਅੰਦਰਲਾ ਨਿਸ਼ਚਾ ਜ਼ਾਹਰ ਕਰਨ ਲਈ ਪ੍ਰਗਟ ਨਿਸ਼ਾਨ ਦੇ ਤੌਰ ਤੇ ਸੰਸ-ਕਾਰ ਕਾਇਮ ਕੀਤਾ । ਫ਼ੁਰਮਾਇਆ, ਇਸ ਤਰ੍ਹਾਂ ਕਿ ਇਹ ਅਮਰ ਲੋਕਾਂ ਦਾ ਪੰਥ ਯਾਨੀ ਜੀਵਨ ਦਾ ਰਸਤਾ ਕਾਇਮ ਹੋਵੇ ਤੇ ਚਲੇ । ਏਹ ਸੰਸਕਾਰ ਚੂੰਕਿ ਜੀਵਨ ਨੂੰ ਇਕ ਨਵੇਂ ਰੰਗ ਵਿਚ ਢਾਲਨ ਹਿਤ ਕੀਤਾ ਜਾਣਾ ਸੀ,

ਇਸ ਲਈ ਇਸ ਨੂੰ ਪਾਹੁਲ ਵੀ ਕਿਹਾ ਗਿਆ ਹੈ । ਪਾਹੁਲ ਮਜ਼ਹਬੀ ਸਾਹਿਬ ਵਿਚ ਇਕ ਪੁਰਾਣਾ ਪਦ ਸੀ, ਜਿਸ ਦੇ ਅਰਥ ਪਾਹੁਲ ਚੜ੍ਹਾਨਾ ਅਰਥਾਤ ਖ਼ਾਸ ਕਿਸਮ ਦਾ ਰੰਗ ਦੇਣ ਲਈ ਤਿਆਰੀ ਕਰਨਾ ਸੀ । ਪਰ ਏਥੇ ਅਮਰ ਜੀਵਨ ਦਿਤਾ ਜਾਣਾ ਸੀ । ਇਸ ਵਾਸਤੇ ਇਸ ਪਾਹੁਲ ਨੂੰ ਅੰਮ੍ਰਿਤ ਸੰਸਕਾਰ ਕਿਹਾ ਗਿਆ । ਇਸ ਸੰਸਕਾਰ ਦੁਆਰਾ ਮਨੁਖ ਦੇ ਅੰਦਰ ਆਏ ਹੋਏ ਉਸ ਬੜੇ ਈਮਾਨ ਦਾ ਮੁਜ਼ਾਹਿਰਾ ਹੋਣਾ ਸੀ ਜਿਸ ਰਾਹੀਂ ਉਸ ਦਾ ਮਨ ਇਹ ਮੰਨ ਗਿਆ ਸੀ, ਕਿ ਉਹ ਆਪਣੇ ਵਿਚ ਅਬਿਨਾਸ਼ੀ ਜੋਤੀ ਸਵਰੂਪ ਦੀ ਅੰਸ਼ ਹੈ ਤੇ ਉਸ ਨੇ ਇਸ ਸ਼ਰੀਰ ਬਤੀ ਦੀ ਚਿਮਨੀ ਥਾਂਗ ਧਾਰਨ ਕੀਤਾ ਹੋਇਆ ਹੈ । ਸਰੀਰ ਭਾਵੇਂ ਸ਼ਮਾਂ ਪਾ ਕੇ ਟੁੱਟ ਜਾਵੇ ਪਰ ਉਸ ਨੂੰ ਮੌਤ ਮਾਰ ਨਹੀਂ ਸਕਦੀ । ਉਹ ਅਮਰ ਹੈ । ਏਸੇ ਲਈ ਇਸ ਸੰਸਕਾਰ ਦੇ ਉਹ ਆਦਮੀ ਅਧਿਕਾਰੀ ਸਮਝੇ ਗਏ ਜੋ ਆਪਣੇ ਅਮਰ ਜੀਵਨ ਨੂੰ ਮਹਿਸੂਸ ਕਰ, ਜਗਤ ਉਪਕਾਰ ਹਿਤ ਆਪਣੇ[1] ਸਿਰ ਹਥੇਲੀ ਤੇ ਰਖ ਸ੍ਰੀ ਗੁਰੂ ਦੇਵ ਜੀ ਦੇ ਕਹਿਣ ਤੇ ਸਾਹਮਣੇ ਆਏ, ਤੇ ਜਗਤ ਸੇਵਾ ਲਈ ਸਿਰ ਦੇਣ ਵਲੋਂ ਬੇਪ੍ਰਵਾਹ ਹੋ ਗਏ ।

ਹੁਣ ਨਵਾਂ ਮਨੁਖ ਚਲਨ ਪ੍ਰਗਟ ਤੌਰ ਤੇ ਬਨਾਇਆ ਜਾਣ ਲਗਾ । ਚਲਣ ਕਿਸੇ ਨ ਕਿਸ ਰੂਪ ਵਿਚ ਪਿਛਲੇ ਯੁਗ ਵਿਚ ਵੀ ਬਨਾਇਆ ਜਾਂਦਾ ਸੀ । ਪਰ ਉਸ਼ ਦੇ ਬੁਨਿਆਦੀ ਤਸਵਰੰ ਵਿਚ ਗ਼ਲਤੀ ਰਹਿ ਜਾਣ ਕਰਕੇ ਸਾਰੇ ਜੀਵਨ ਵਿਚ ਭੁਲ ਵਿਆਪ ਜਾਂਦੀ ਸੀ । ਭੁੱਲ ਦਾ ਜ਼ਿਕਰ ਪਿਛੇ ਹੋ ਚੁਕਾ ਹੈ । ਇਸ ਨਵੇਂ ਜੀਵਨ ਸੰਸਕਾਰ ਸਮੇਂ ਪੂਰਨ ਗੁਰੂ ਨੇ ਇਹ ਖ਼ਿਆਲ ਰਖਿਆ ਕਿ ਨਵੇਂ ਮਨੁਖ ਦਾ ਜੀਵਨ ਹਰ ਪਹਿਲੂ ਤੋਂ ਮੁਕੰਮਲ ਬਣਾਇਆ ਜਾਵੇ । ਨਾ ਕਿਸੇ ਸ਼ਕਤੀ ਦੀ ਤਰੁੱਟੀ ਰਹੇ ਤੇ ਨਾ ਕਿਸੇ ਦਾ ਮਰਯਾਦਾ ਤੋਂ ਵਧ ਜ਼ੋਰ । ਕੁਦਰਤ ਦੇ ਨਿਜ਼ਾਮ ਵਿਚ ਗਹੁ ਕਰ ਤਕੀਏ ਤਾਂ ਜੀਵਨ ਦੇ ਬੁਨਿਆਦੀ ਸਵ-ਰੂਪ ਵਿਚ ਦੋ ਸ਼ਕਤੀਆਂ ਕੰਮ ਕਰਦੀਆਂ ਨਜ਼ਰ ਆਉਂਦੀਆਂ ਹਨ, ਇਕ ਤੇਜ

1. "ਜਉ ਤਉ ਪ੍ਰੇਮ ਖੇਲਣ ਕਾ ਚਾਉ । ਸਿਰੁ ਧਰਿ ਤਲੀ ਗਲੀ ਮੇਰੀ ਆਉ ।
ਇਤੁ ਮਾਰਗਿ ਪੈਰੁ ਧਰੀਜੈ, ਸਿਰੁ ਦੀਜੈ ਕਾਣਿ ਨ ਕੀਜੈ ।"

ਹੈ ਤੇ ਦੂਜੀ ਸ਼ਾਂਤੀ । ਏਹੋ ਹੀ ਬਨਾਸ-ਪਤੀ ਦੇ ਜੀਵਨ ਵਿਚ ਪਾਣੀ ਤੇ ਧੁਪ ਦਾ ਰੂਪ ਧਾਰਨ ਕਰਦੀ ਹੈ । ਇਹੋ ਹੀ ਕਲਾ, ਸ਼ਕਤੀ ਦੀ ਦੁਨੀਆਂ ਦੇ ਵਿਚ ਪਾਣੀ ਤੇ ਅੱਗ ਰੂਪ ਇਕੱਠੀ ਹੈ, ਸਟੀਮ ਉਪਜਾਂਦੀ ਹੈ । ਇਹੋ ਹੀ ਫਲਾਂ ਦਾ ਰੂਪ ਲੈ ਬਾਗਾਂ ਵਿਚ ਕਰੜਾ ਸਿਕੜ ਤੇ ਨਰਮ ਗੁਦੇ ਦਾ ਰੂਪ ਪਕੜਦੀ ਹੈ । ਇਹੋ ਹੀ ਫੁਲਵਾੜੀ ਵਿਚ ਫੁੱਲ ਤੇ ਕੰਡਾ ਹੋ ਦਿਸ ਆਉਂਦੀ ਹੈ । ਇਹੋ ਹੀ ਹੈਵਾਨ ਦੀ ਦੁਨੀਆਂ ਵਿਚ ਮਾਂ ਤੇ ਬਾਪ ਦਾ ਰੂਪ ਲੈਂਦੀ ਹੈ । ਪੁਰਾਤਨਤਾ ਇਨ੍ਹਾਂ ਵਿਚੋਂ ਆਮ ਤੌਰ ਤੇ ਇਕ ਸ਼ਕਤੀ ਨੂੰ ਪ੍ਰਵਾਨ ਕਰ ਦੇਂਦੀ ਸੀ । ਚੁਨਾਂਚਿ ਪੁਰਾਣੇ ਪਲਸਤੀਨ ਦੇ ਪਹਾਰੇ ਵਿਚੋਂ ਘੜਿਆ ਜੀਵਨ ਕਿਸੇ ਦਾ ਹੁਕਮ ਮੰਨਣ ਤੇ ਆਪਣਾ ਮਨਾ-ਉਣ ਵਾਲਾ ਹੋਣ ਕਰਕੇ ਸ਼ਕਤੀ ਤੇ ਵਧੇਰਾ ਨਿਸਚਾ ਕਰਦਾ ਸੀ । ਉਨ੍ਹਾਂ ਦੀ ਜ਼ਬਾਨ ਤੇ ਤਲਵਾਰ ਚੜ੍ਹੀ ਰਹਿੰਦੀ ਸੀ । ਉਹ ਹਕੂਮਤ ਨੂੰ ਸ਼ਕਤੀ ਦੀ ਧੀ ਕਹਿੰਦੇ ਸਨ । ਉਹਨਾਂ ਦੇ ਖ਼ਿਆਲ ਵਿਚ[1] ਹਾਕਮ ਤਲਵਾਰ ਦਾ ਪੁੱਤਰ ਸੀ ਤੇ ਦੂਸਰੇ ਬੰਨੇ ਪੰਜਾਬ ਦੇ ਪਹਾਰਿਓਂ ਘੜਿਆ ਹੋਇਆ ਚਲਨ ਨਿਰਾ-ਸਤਾ ਤੇ ਮਾਯੂਸੀਆਂ ਦੇ ਅਧੀਨ ਕੇਵਲ ਸ਼ਾਂਤੀ ਸ਼ਾਂਤੀ ਪੁਕਾਰਦਾ ਸੀ ਇਸ ਵਧੀ ਹੋਈ ਸ਼ਾਂਤੀ ਦੇ ਕਾਰਨ ਕੌਮ ਕਰਮ ਯੋਗ ਤੋਂ ਵੀ ਗਿਰ ਗਈ ਤੇ ਇਸ ਚਲਨ ਨੂੰ ਧਾਰਨ ਕਰਨ ਵਾਲੀਆਂ ਜਾਤੀਆਂ ਤੇ ਮੁਰਦਿਹਾਨ ਜੇਹੀ ਵਰਤੀ[2]

---

1. ਇਸ ਖਿਆਲ ਨੂੰ ਹਿੰਦ ਦੇ ਇਤਹਾਸ ਵਿਚ ਨਾਦਰ ਸ਼ਾਹ ਦੇ ਮੂੰਹੋਂ ਅਖਵਾਇਆ ਗਿਆ ਹੈ। ਜਦੋਂ ਉਸ ਦੇ ਪੁਤਰ ਨਾਸਰ ਸ਼ਾਹ ਨੂੰ ਜਦ ਕਿ ਉਹ ਮਫਤੂਹ ਮੁਗਲ ਹਰਮ ਦੀਆਂ ਸ਼ਾਹ ਰੰਗੀਲੇ ਦੀ ਲੜਕੀ ਨਾਲ ਵਿਆਹਿਆ ਗਿਆ, ਮੁਗਲ ਹਰਮ ਦੀਆਂ ਸ਼ਾਹਜ਼ਾਦੀਆਂ ਨੇ ਪੁਛਿਆ ਕਿ ਉਹ ਆਪਣਾ ਕੁਰਸੀ ਨਾਮਾ ਸੁਣਾਵੇ ਤਾਂ ਉਦਾਸ ਹੋ ਕੇ ਕੈਂਪ ਵਿਚ ਮੁੜ ਆਏ ਨੌਜਵਾਨ ਸ਼ਾਹਜ਼ਾਦੇ ਨੂੰ ਉਸ ਦੇ ਵਿਜਈ ਪਿਤਾ ਨਾਦਰ ਸ਼ਾਹ ਨੇ ਸਮਝਾਇਆ ਕਿ ਤੇਰਾ ਕੁਰਸੀ ਨਾਮਾ ਇਹ ਹੈ:-
   ਮਨਮ ਨਾਸਰ, ਪਿਸਰਿ ਨਾਦਰ ਵ ਨਾਦਰ ਪਿਸਰਿ ਸ਼ਮਸ਼ੇਰ ।
   ਮੈਂ ਨਾਸਰ, ਨਾਦਰ ਸ਼ਾਹ ਦਾ ਪੁਤਰ ਹਾਂ ਤੇ ਨਾਦਰ ਸ਼ਮਸ਼ੇਰ ਦਾ ਪੁਤਰ ਹੈ ॥
2. ਏਸੇ ਹੀ ਤਾਲੀਮ ਦਾ ਨਤੀਜਾ ਸੀ ਕਿ ਸਾਰੀ ਪ੍ਰਜਾ ਤੇ ਰੋਸ ਕਰਨ ਦੇ ਬਾਵਜੂਦ ਵੀ ਮਹਾਰਾਜਾ ਰਾਮ ਚੰਦਰ ਮਤ੍ਰੇਈ ਮਾਂ ਦੇ ਖੜਯੰਤ੍ਰ ਤੇ ਅਧੀਨ ਰਾਜ ਛਡ ਬਨਬਾਸ ਨੂੰ ਚਲੇ ਗਏ ।
   ਮਹਾਰਾਜਾ ਭਰਥਰੀ ਆਪਣੀ ਰਾਣੀ ਦੀ ਬਦਚਲਨੀ ਦੀ ਪੜਤਾਲ ਕਰਨ ਤੇ ਉਸ ਨੂੰ ਛੱਨ ਦੇਣ ਦੀ ਥਾਂ ਆਪ ਫਕੀਰ ਹੋ ਗਏ । ਗੋਪੀ ਚੰਦ, ਪੂਰਨ ਤੇ ਗੌਤਮ ਜੇਹੇ ਹੋਨਹਾਰ ਰਾਜ ਪੁਤਰ ਸਨਿਆਸੀ ਹੋ ਗਏ ।

ਰਹਿੰਦੀ ਸੀ । ਸੋ ਹੁਣ ਪੂਰਨ ਗੁਰੂ ਨੇ ਏਸ ਖ਼ਿਆਲ ਨਾਲ, ਕਿ ਨਵਾਂ ਮਨੁਖ ਪੂਰਨ ਕਲਾਧਾਰੀ ਜਗਤ ਦੀ ਜਿਮੇਂਵਾਰੀ ਨੂੰ ਸੰਭਾਲਨ ਵਾਲਾ ਬਣਨਾ ਹੈ। ਉਸ ਨੇ ਤਮਾਮ ਜਗਤ ਵਿਚ ਪੁੰਨ ਦਾ ਪ੍ਰਤਾਪ ਵਧਾਣਾ ਤੇ ਪਾਪ ਨੂੰ ਖਪਾਣਾ ਹੈ ।[1] ਸਾਧੂ ਨੂੰ ਨਿਵਾਜਨਾ ਤੇ ਧਰਮ ਸ਼ਤਰੂਆਂ ਨੂੰ ਦਮਨ ਕਰਨਾ ਹੈ ਉਹਦੇ ਵਿਚ ਦੋਵੇਂ ਗੁਣ ਭਰਨ ਦਾ ਨਿਸਚਾ ਕੀਤਾ । ਜਾਂ ਇਉਂ ਸਮਝ ਲਵੋ ਕਿ ਜਿਸ ਤਰ੍ਹਾਂ ਕਿਸੇ ਬ੍ਰਿਖਸ਼ ਨੂੰ ਪਾਲ, ਫਲਨ ਫੁੱਲਨ ਯੋਗ ਬਨਾਨ ਲਈ, ਇਹ ਜਰੂਰੀ ਹੁੰਦਾ ਹੈ ਕਿ ਉਸ ਨੂੰ ਲੋੜਵੰਦਾ ਪਾਣੀ ਤੇ ਵਾਜਬ ਧੁਪ ਪਹੁੰਚਾਈ ਜਾਏ, ਇਸੇ ਤਰ੍ਹਾਂ ਹੀ ਇਸ ਮਨੁਸ਼ ਨੂੰ ਸਤਿਗੁਰਾਂ ਨੇ ਦੋਵੇਂ ਗੁਣ ਦੇਣੇ ਜਰੂਰੀ ਸਮਝੇ । ਪਿਛੇ ਜਾਂ ਕੋਈ ਧਿਰ ਨਿਰਾ ਤੇਜ ਦੇਂਦੀ ਸੀ, ਜਿਸ ਕਰਕੇ, ਉਹ ਝੁਲਸ ਜਾਂਦਾ ਸੀ ਤੇ ਜਾਂ ਦੂਜੇ ਬੰਨੇ ਉਸ ਨੂੰ ਪਾਣੀ ਵਿਚ ਹੀ ਡੋਬ ਦਿਤਾ ਜਾਂਦਾ ਸੀ, ਜਿਸ ਕਰਕੇ ਉਹ ਸੁੱਕ ਜਾਂਦਾ ਸੀ । ਸਤਿਗੁਰਾਂ ਨੇ ਤੇਜ ਤੇ ਸ਼ਕਤੀ ਦੋਵੇਂ ਦੇਣਾ ਚਾਹੇ । ਉਹ ਇਕ ਨਾਰੀ ਮਨੁਖ ਪੈਦਾ ਕਰਨ ਲਗੇ ਸਨ । ਇਸ ਲਈ ਉਨ੍ਹਾਂ ਨੇ ਫੁਰਮਾਇਆ ਕਿ ਮਨੁਖ ਮਾਂ ਤੇ ਬਾਪ ਦੋਹਾਂ ਦੇ ਇਕੱਠ ਨਾਲ ਹੀ ਪੈਦਾ ਹੁੰਦਾ ਹੈ ! ਇਸ ਲਈ ਕੁਦਰਤ ਦੇ ਇਸ਼ ਅਟਲ ਨਿਯਮ ਅਨੁਸਾਰ ਨਵਾਂ ਪੈਦਾ ਹੋਣ ਵਾਲਾ ਨਾਦੀ ਮਨੁਖ 'ਖਾਲਸਾ, ਵੀ ਨਾਦੀ[2] ਮਾਂ ਅਤੇ ਬਾਪ ਦੋਹਾਂ ਦੇ ਮਿਲਾਪ ਨਾਲ ਪੈਦਾ ਹੋਵੇਗਾ । ਆਪਨੇ ਪੁਰਾਤਨਤਾ[3] ਦੇ ਐਨ ਉਲਟ ਖ਼ਾਲਸੇ ਦਾ ਅੰਮ੍ਰਿਤ ਸੰਸਕਾਰ ਕਰਨ ਸਮੇਂ ਆਪਣੇ ਨਾਲ ਆਪਣੀ ਧਰਮ ਪਤਨੀ ਸ੍ਰੀ ਸਾਹਿਬ ਦੇਵਾ ਜੀ ਵੀ ਨੂੰ ਖੜਾ

---

1. ਪੁੰਨ ਪਰਤਾਪਨ ਬਾਢਿ ਜੈਤਧੁਨ, ਤਾਪਨ ਕੇ ਬਹੁ ਪੁੰਜ ਖਪੈਂਗੇ ।
ਸਾਧ ਸਮੂਹ ਪ੍ਰਸਨ ਫਿਰੈਂ ਜਗ ਸਤ੍ਰੁ ਸਭੈ ਅਵਲੋਕ੍ਰ ਚਪੈਂਗੇ ।

(ਦਸਮ ਗ੍ਰੰਥ)

2. ਨਰ ਨਾਰੀ ਦੋਵੈਂ ਤੇ ਸੰਤਾਨਾ, ਪ੍ਰਗਟ ਹੋ ਸਭਹੂ ਜਗ ਜਾਨਾ ।
ਹੋਣ ਖ਼ਾਲਸਾ ਸੰਤਤ ਕਾਲਾ, ਚਲ ਆਈ ਭਾ ਭੋਲ ਬਿਸਾਲਾ।

(ਸੂਰਜ ਪ੍ਰਕਾਸ਼)

3. ਪਿਛਲੇ ਯੁਗ ਵਿਚ ਦੀਖਛਤ ਕਰਨ, ਬੈਤ ਕਰਨ ਜਾਂ ਬਿਪ-ਤਸਮਾਂ ਦੇਣ ਵੇਲੇ ਮਰਦ ਹੀ ਸੰਸਕਾਰ ਕਰਦਾ ਸੀ । ਉਂਝ ਹੀ ਜਗਤ ਰਾਹਬਰੀ ਲਈ ਯਾ ਤਾਂ ਰਾਮ, ਕ੍ਰਿਸ਼ਨ, ਬੁਧ, ਮੂਸਾ, ਈਸਾ, ਮੁਹਮੰਦ ਆਦਿ ਮਰਦ ਯਾ ਦੂਜੇ ਪਾਸੇ ਦੁਰਗਾ, ਸੀਤਲਾ, ਆਦਿ ਕੁਆਰੀਆਂ ਕੁੜਿਆਂ ਹੀ ਨਿਸਚੇ ਕੀਤੀਆਂ ਗਈਆਂ ਸਨ । ਵਿਆਹ ਔਰਤ ਮਰਦ ਦੀ ਜੋੜੀ ਕਦੇ ਵੀ ਆਚਾਰਯ ਨਹੀਂ ਸੀ ਮੰਨੀ ਗਈ ।

ਕਰ ਲਿਆ । ਚੁਨਾਂਚਿ ਆਪ ਨੇ ਆਪਣੇ ਆਪ ਨੂੰ ਨਵੇਂ ਜੰਮੇ ਨਾਦੀ ਪੁਤਰ ਖ਼ਾਲਸੇ ਦਾ ਪਿਤਾ ਤੇ ਸਾਹਿਬ ਦੇਵਾ ਜੀ ਨੂੰ ਉਸ ਦੀ ਮਾਤਾ ਕਰਾਰ ਦਿਤਾ । ਪਿਤਾ ਵਲੋਂ ਤੇਜ ਤੇ ਮਾਤਾ ਵਲੋਂ ਸ਼ਾਂਤੀ ਉਸ ਦੇ ਚਲਨ ਵਿਚ ਭਰੀ ਗਈ । ਇਨ੍ਹਾਂ ਦੋਹਾਂ ਦੈਵੀ ਗੁਣਾ ਨੂੰ ਦੋਹਾਂ ਨਿਸ਼ਾਨਾਂ ਵਿਚ ਪ੍ਰਗਟ ਕੀਤਾ ਗਿਆ । ਤੇਜ ਨੂੰ ਬਾਪ ਦੇ ਹਥ ਵਿਚ ਫੜੇ ਹੋਏ ਖੰਡੇ ਦੀ ਰਾਹੀਂ ਤੇ ਸ਼ਾਂਤੀ ਨੂੰ ਮਾਤਾ ਦੇ ਬੁਕ ਵਿਚ ਭਰੇ ਹੋਏ ਮਿਠੇ ਪਤਾਸਿਆਂ ਦੇ ਰੂਪ ਵਿਚ । ਹੁਣ ਸੰਸਕਾਰ ਆਰੰਭ ਹੋਇਆ।

ਆਗਿਆ ਅਨੁਸਾਰ ਨਵੇਂ ਆਤਮ ਇਮਤਿਹਾਨ ਵਿਚ ਪਾਸ ਹੋਏ ਭੁਜੰਗੀ ਜਿਨ੍ਹਾਂ ਨੂੰ ਪਿਆਰਿਆਂ ਦਾ ਖ਼ਿਤਾਬ ਦਿਤਾ ਗਿਆ, ਸਣ ਕੇਸੀਂ ਇਸ਼ਨਾਨ ਕਰ, ਸਾਫ਼ ਬਸਤਰ ਪਹਿਨ, ਦੀਵਾਨ ਵਿਚ ਆ ਖਲੋਤੇ । ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਗਿਆ ਤੇ ਅਗਾਂਹ ਲਈ ਅਧਿਕਾਰ ਦਿਤਾ ਗਿਆ ਕਿ ਉਹ ਹੋਰ ਅਧਿਕਾਰੀਆਂ ਨੂੰ ਗੁਰੂ ਰੂਪ ਹੋ ਸਤਿਗੁਰਾਂ ਦੀ ਥਾਂ ਤੇ ਆਪ ਅੰਮ੍ਰਿਤ ਛਕਾਣ, ਤੇ ਉਨ੍ਹਾਂ ਨਵੇਂ ਸਜਿਆਂ ਹੋਇਆਂ ਵਿਚੋਂ ਫਿਰ ਕੋਈ ਇਕੱਠੇ ਹੋ ਅਗਾਂਹ ਅਧਿਕਾਰੀਆਂ ਨੂੰ ਛਕਾ ਸਕਦੇ ਹਨ । ਸੰਸਕਾਰ ਏਸੇ[1]

---

1. ਗੁਰੂ ਦੀ ਹਜ਼ੂਰੀ ਵਿਚ ਦੀਵਾਨ ਸਜੇ । ਇਸ ਵਿਚ ਅੰਮ੍ਰਿਤ ਅਧਿਕਾਰੀ ਮਾਈ ਭਾਈ, ਸਣਕੇਸੀਂ ਅਸਨਾਨ ਕਰ,ਸਵਛ ਬਸਤਰ ਪਹਿਨ, ਕੱਛ, ਕੜਾ, ਕ੍ਰਿਪਾਨ, ਕੰਘਾ, ਸਜਾ ਹਾਜ਼ਰ ਹੋਣ, ਤੇ ਸਤਿਗੁਰਾਂ ਦੀ ਹਜ਼ੂਰੀ ਵਿਚ ਖੜੇ ਹੋ ਅੰਮ੍ਰਿਤ ਜਾਚਨਾ ਕਰਨ । ਤਦ ਪੰਜ ਸ਼ਸਤਰ ਧਾਰੀ ਸਿੰਘ ਜੋ ਰਹਿਤ ਬਹਿਤ ਵਿਚ ਤਿਆਰ ਬਰਤਿਆਰ ਹਨ ਉਸੇ ਤਰ੍ਹਾਂ ਹੀ ਸਣਕੇਸੀਂ ਅਸ਼ਨਾਨ, ਸਵਛ ਬਸਤਰ ਪਹਿਨ ਅਕਾਲ ਪੁਰਖ ਅਗੇ ਪਹਿਲੇ ਅਰਦਾਸ ਸੋਧਨ ਕਿ ਉਹ ਅਕਾਲ ਆਗਿਆ ਅਨੁਸਾਰ ਚਲਾਏ ਹੋਏ ਗੁਰੂ ਗੋਬਿੰਦ ਸਿੰਘ ਜੀ ਦੇ ਪੰਥ ਤੇ ਚਲਦੇ ਹੋਏ ਇਨ੍ਹਾਂ ਅਧਿਕਾਰੀਆਂ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਣ ਲਗੇ ਹਨ । ਪਰੰਤੂ ਉਨ੍ਹਾਂ ਦੀਆਂ ਮਨੁਖੀ ਕਮਜ਼ੋਰੀਆਂ ਨੂੰ ਮੁਆਫ ਕਰਦੇ ਹੋਏ ਉਨ੍ਹਾਂ ਨੂੰ ਪੰਜਾਂ ਦੇ ਰੂਪ ਵਿਚ ਤਕ ਆਪਣਾ ਬਲ ਬਖਸ਼ੇ ਕਿ ਉਹ ਇਸ ਪਾਵਨ ਮ੍ਰਯਾਦਾ ਨੂੰ ਨਿਭਾ ਸਕਣ । ਅਰਦਾਸੇ ਤੋਂ ਬਾਅਦ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਲਵੇ ਤੇ ਫਿਰ ਪੰਜ ਪਿਆਰੇ ਸਰਬ ਲੋਹ ਦੇ ਬਾਟੇ ਦੇ, ਜੋ ਕਿਸੇ ਟਿਕਵੇਂ ਸੁਨਹਿਰ ਜਾਂ ਚੌਖਟੇ ਤੇ ਰਖਿਆ ਹੋਵੇ ਗਿਰਦ ਬੀਰ ਆਸਣ ਲਗਾ ਕੇ ਸਜ ਜਾਣ । ਬਾਟੇ ਵਿਚ ਪਏ ਹੋਏ ਸਵਛ ਜਲ ਤੇ ਪਤਾਸਿਆਂ ਵਿਚ ਖੰਡਾ ਫੇਰਨਾ ਸ਼ੁਰੂ ਕਰ ਦੇਣ ਤੇ ਨਾਲ ਨਾਲ ਬਾਣੀ ਦਾ ਪਾਠ ਕਰੀ ਜਾਣ ਤੇ ਅੰਮ੍ਰਿਤ ਅਧਿਕਾਰੀ ਸ੍ਰੀ ਵਾਹਿਗੁਰੂ ਜੀ ਦੇ ਨਾਮ ਸਿਮਰਨ ਵਿਚ ਮਗਨ ਰਹਿਣ । ਬਾਣੀ ਦਾ ਪਾਠ ਖ਼ਤਮ ਹੋ ਜਾਣ ਤੇ ਪੰਜ ਪਿਆਰੇ ਫਿਰ ਅਰਦਾਸਾ ਸੋਧਣ ਕਿ ''ਹੇ ਪ੍ਰਭੂ ਆਪ ਦੀ ਆਗਿਆ ਅਨੁਸਾਰ ਅੰਮ੍ਰਿਤ ਤਿਆਰ ਹੈ ।

(ਬਾਕੀ ਦਾ ਫੁਟਨੋਟ ਅਗਲੇ ਸਫ਼ੇ ਤੇ)

ਤਰ੍ਹਾਂ ਹੀ ਹੋਵੇ ।

ਸਤਿਗੁਰਾਂ ਇਕ ਸਰਬ ਲੋਹ ਦਾ ਬਾਟਾ ਮੰਗਵਾਇਆ ਜਿਸ ਵਿਚ ਸ਼ਫ਼ਲ ਜਲ ਪਾਇਆ ਗਿਆ । ਸ੍ਰੀ ਮਾਤਾ ਸਾਹਿਬ ਦੇਵਾ ਜੀ ਨੇ ਪਤਾਸੇ ਪਾ ਦਿਤੇ । ਪਿਤਾ ਗੁਰਦੇਵ ਜੀ ਨੇ ਬਾਣੀ ਪੜ੍ਹਦਿਆਂ ਹੋਇਆਂ ਖੰਡਾ ਫੇਰਿਆ, ਤੇ ਇਹ ਸ਼ਕਤੀ ਤੇ ਸ਼ਾਂਤੀ ਦਾ ਭਰਿਆ ਹੋਇਆ ਅੰਮ੍ਰਿਤ ਨਵੇਂ ਮਨੁਖ ਖ਼ਾਲਸੇ ਨੂੰ ਛਕਾ ਦਿਤਾ ਗਿਆ । ਪਹਿਲਾਂ ਪੰਜ ਚੁਲੇ ਪਿਲਾ ਅੰਦਰ ਅਮਰਤਾ ਦਿਤੀ ਗਈ, ਫਿਰ ਨੈਣਾਂ ਵਿਚ ਛੱਟੇ ਮਾਰ ਨਿਗਾਹਾਂ ਨੂਰੀ ਕੀਤੀਆਂ ਗਈਆਂ, ਤੇ ਸਿਰ ਵਿਚ ਅੰਮ੍ਰਿਤ ਤ੍ਰੌਕ ਸਰਦਾਰ ਬਣਾਇਆ ਗਿਆ। ਇਸ ਅੰਮ੍ਰਿਤ ਦੇ ਪੀਣ ਨਾਲ ਮਨੁਖ ਦਾ ਨਵਾਂ ਜਨਮ ਹੋਇਆ । ਉਹ ਆਇੰਦਾ ਲਈ ਆਪਣੇ ਨਾਦੀ ਜੀਵਨ ਵਿਚ ਪਿਤਾ ਗੋਬਿੰਦ ਸਿੰਘ ਤੇ ਮਾਤਾ ਸਾਹਿਬ ਦੇਵਾਂ ਦਾ ਪੁਤਰ ਹੋਇਆ । ਉਸ ਦਾ ਜਨਮ ਉਸ ਸੁਭਾਗ ਟਿੱਬੇ ਕੇਸਗੜ੍ਹ ਤੇ ਮੰਨਿਆ ਗਿਆ ਤੇ ਉਹ ਵਾਸੀ ਅਨੰਦਪੁਰ ਦਾ ਹੋਇਆ । ਉਸ ਨੇ ਸ਼ਾਂਤੀ ਤੇ ਸ਼ਕਤੀ ਭਰਿਆ ਅੰਮ੍ਰਿਤ ਪਾਨ ਕੀਤਾ ਸੀ । ਇਸ ਕਰਕੇ ਸੰਸਾਰ ਦੇ ਪ੍ਰਾਣੀ ਮਾਤਰ ਲਈ ਉਹ ਪਤਾਸਿਆਂ ਵਾਂਗ ਮਿਠਾ ਤੇ ਜਲ ਵਾਂਗ ਸਰਲ ਤੇ ਠੰਢਕ ਪਹੁੰਚਾਣ ਵਾਲਾ ਬਣਾਇਆ ਗਿਆ । ਪਰ ਆਸੁਰੀ ਬਲ ਦੇ ਮਾਨ ਮਦ ਮੱਤਿਆਂ ਲਈ; ਖੰਡੇ ਵਰਗਾ ਤੇਜ਼ ਤੇ ਅਸਪਾਤ ਵਰਗਾ ਸਖ਼ਤ ਹੋਇਆ । ਇਹ ਸੀ ਅੰਤ੍ਰੀਵ ਚਲਨ ਦੀਆਂ ਸ਼ਕਤੀਆਂ ਜਿਨ੍ਹਾਂ ਦਾ ਪ੍ਰਗਟ ਹੋਇਆ ਨਿਸ਼ਾਨ ਅੰਮ੍ਰਿਤ ਸੰਸਕਾਰ ਦੀ ਰਾਹੀਂ ਪ੍ਰਗਟ ਕੀਤਾ ਗਿਆ ।

---

((ਪਿਛਲੇ ਸਫ਼ੇ ਦਾ ਬਾਕੀ ਫ਼ੁਟਨੋਟ)

ਆਪ ਆਪਣੀ ਮਿਹਰ ਨਾਲ ਛਕਾਵਣ ਤੇ ਛਕਣ ਵਾਲਿਆਂ ਨੂੰ ਬਰਕਤ ਬਖਸ਼ੇ ।'' ਇਸ ਤੋਂ ਬਾਅਦ ਅਧਿਕਾਰੀਆਂ ਵਿਚੋਂ ਇਕ ਇਕ ਬੀਰ ਆਸਨ ਬੈਠਦਾ ਜਾਏ ਤੇ ਜਥੇਦਾਰ (ਜੇ ਅੰਮ੍ਰਿਤ ਛਕਣ ਵਾਲੇ ਜ਼ਿਆਦਾ ਹੋਣ ਤਾਂ ਹਰ ਇਕ ਪਿਆਰਾ) ਪਹਿਲੇ ਹਰ ਇਕ ਅਧਿਕਾਰੀ ਨੂੰ ਪੰਜ ਪੰਜ ਚੁਲੇ ਛਕਾਵੇ ਫੇਰ ਛੱਟੇ ਨੇਤਰਾਂ ਵਿਚ ਤੇ ਪੰਜ ਕੇਸਾਂ ਵਿਚ ਛਿੜਕੇ ਤੇ ਸਾਰਿਆਂ ਦੇ ਛਕ ਲੈਣ ਤੋਂ ਬਾਹਦ ਬਾਟੇ ਵਿਚ ਬਚ ਰਿਹਾ ਬਾਕੀ ਅੰਮ੍ਰਿਤ ਸਭ ਅੰਮ੍ਰਿਤ ਅਧਿਕਾਰੀਆਂ ਨੂੰ ਛਕਾ ਦੇਵੇ ਤੇ ਫਿਰ ਸ਼ਖਸੀ, ਪੰਥਕ ਤੇ ਜਗਤ ਵਰਤੋਂ ਰਹਿਤ ਦਸੇ ।

ਨੋਟ:- ਇਸ ਗੱਲ ਦਾ ਖ਼ਿਆਲ ਰਹੇ ਕਿ ਅੰਮ੍ਰਿਤ ਅਧਿਕਾਰੀ ਜਿਸ ਬੋਲੀ ਨੂੰ ਸਮਝ ਸਕਦੇ ਹੋਣ, ਉਸੇ ਵਿਚ ਹੀ ਸਭ ਮਰਯਾਦਾ ਨਿਬਾਹੀ ਤੇ ਰਹਿਤ ਸਮਝਾਈ ਜਾਵੇ ।

# ਰਹਿਤ

ਮੀਂਹ ਮਾਲਕ ਦੀ ਮਿਹਰ ਨਾਲ ਪੈਂਦਾ ਹੈ । ਪਰ ਉਸ ਦਾ ਬੇਪਰਵਾ-ਹੀਆਂ ਨਾਲ ਬੇਅੰਦਾਜ਼ ਵਰਸਾਇਆ ਹੋਇਆ ਪਾਣੀ, ਧਰਤੀ ਲਈ ਉਦੋਂ ਹੀ ਲਾਭਵੰਦ ਹੁੰਦਾ ਹੈ ਜਦੋਂ ਉਸ ਅਸਗਾਹ ਪਾਣੀ ਨੂੰ ਤਾਲਾਬਾਂ, ਨਹਿਰਾਂ, ਸੂਇਆਂ ਤੇ ਖਾਲਾਂ ਦੀ ਮਰਯਾਦਾ ਵਿਚ ਬੰਨ੍ਹ ਕੇ ਵਰਤਿਆ ਜਾਵੇ । ਬਿਨ ਮਰਯਾਦਾ ਹੜ੍ਹਾਂ ਦਾ ਪਾਣੀ ਜਿਥੇ ਪਾਵੇ ਬਰਬਾਦ ਕਰ ਦਿੰਦਾ, ਤੇ ਬਾਕੀ ਦਿਆਂ ਥਾਵਾਂ ਨੂੰ ਜਲਹੀਨ ਰਹਿਕੇ ਸੁਕਣ ਲਈ ਛਡ ਦੇਂਦਾ ਹੈ । ਇਹੋ ਹੀ ਹਾਲਤ ਸੰਸਾਰ ਦੀ ਹਰ ਇਕ ਸ਼ਕਤੀ ਦੀ ਹੈ । ਕੀ ਪੌਣ, ਕੀ ਅੱਗ, ਕੀ ਬਿਜਲੀ, ਤੇ ਕੀ ਭਾਪ, ਹਰ ਇਕ ਮਰਯਾਦਾ ਵਿਚ ਬਝ ਕੇ ਹੀ ਲਾਭਕਾਰੀ ਹੁੰਦੀ ਹੈ । ਅਬਝਵੀਂ ਤੇ ਬੇਮਰਯਾਦਾ ਚੀਜ਼ ਸੰਸਾਰ ਨੂੰ ਸੁਖ ਨਹੀਂ ਦੇਂਦੀ । ਅਸਲੀ ਕਾਰਨ ਇਹ ਹੈ ਕਿ ਕਰਤਾ ਪੁਰਖ ਨੇ ਜਗਤ ਖੁਦ ਮਿਤ ਤੇ ਮਰ-ਯਾਦਾ ਵਿਚ ਬੰਨ੍ਹਿਆ ਹੈ। ਇਹ ਧਰਮ-ਖੰਡ ਸਾਰੇ ਦਾ ਸਾਰਾ ਹੈ ਹੀ ਨਿਯਮਾਂ ਵਿਚ, ਏਥੋਂ ਦੀਆਂ ਰਾਤਾਂ, ਰੁੱਤਾਂ, ਥਿਤਾਂ, ਵਾਰਾਂ ਸਭ ਨਿਯਮ ਵਿਚ ਚੱਲ ਰਹੇ ਹਨ ।[1] ਮੁਕਰਰਾ ਧਰਮ ਦੇ ਅਧੀਨ ਹਨ, ਸੂਰਜ ਤੇ ਚੰਦ ਕਿਸ ਤਰ੍ਹਾਂ ਆਪਣੀ ਬਝਵੀਂ ਚਾਲ ਦੇ ਅਨੁਸਾਰ ਯੁਗਾਂ ਤੋਂ ਚਲ ਰਹੇ ਹਨ । ਕਿਸ ਕਿਸ ਸ਼ੈ ਦੀ ਵਿਚਾਰ ਕਰੀਏ। ਓੜਕ ਏਹੀ ਕਹਿਣਾ ਪਏਗਾ ਕਿ ਸੰਸਾਰ ਦੀ ਹਰ ਇਕ ਹਸਤੀ ਦੀ ਚਾਲ ਕਿਸੇ ਨ ਕਿਸੇ ਨਿਯਮ ਵਿਚ ਹੀ

---

1. ਰਾਤੀ ਰੁਤੀ ਥਿਤੀ ਵਾਰ, ਪਵਣ ਪਾਣੀ ਅਗਨੀ ਪਾਤਾਲ ।
ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮਸਾਲ ।

ਬਝੀ ਹੋਈ ਹੈ । ਨਿਯਮੋਂ ਉਖੜਨਾ ਚਾਲੋਂ ਬੇਚਾਲ ਹੋਣਾ ਹੈ । ਤੇ ਬੇਚਾਲ ਜੀਵਨ ਤੜੱਕ ਮੌਤ ਦੇ ਮੂੰਹ ਵਿਚ ਚਲਾ ਜਾਂਦਾ ਹੈ। ਅਸੀਂ ਰੋਜ਼ ਦੇਖਦੇ ਹਾਂ ਕਿ ਅਕਾਸ਼ ਮੰਡਲ ਵਿਚ ਚਾਲੋਂ ਉਖੜੇ ਹੋਏ ਬੜੇ ਸਤਾਰੇ ਤੇ ਸੱਯਾਰੇ ਅੱਖ ਦੇ ਪਲਕਾਰੇ ਵਿਚ ਚੀਨੀ ਚੀਨੀ ਹੋ, ਅਕਾਸ਼ ਵਿਚ ਖਿੰਡ ਜਾਂਦੇ ਹਨ । ਨਿਯਮ ਬੱਧੀ ਚਾਲ ਵਿਚ ਰਹਿਣਾ ਹੀ ਸਾਰੀ ਕਲਾ ਦੀ ਦੁਨੀਆਂ (ਮਕੈਨੀ-ਕਲ) ਦਾ ਭੇਦ ਹੈ । ਛੋਟੀ ਜਿਹੀ ਘੜੀ ਤੋਂ ਲੈਕੇ ਵੱਡੇ ਵੱਡੇ ਸਟੀਮ ਇੰਜਨਾਂ ਤਕ, ਬਾਈਸਿਕਲ ਤੋਂ ਲੈ ਕੇ ਹਵਾਈ ਜਹਾਜ਼ ਤਕ, ਤੇ ਹਾਰਮੋਨੀਅਮ ਤੋਂ ਲੈ ਕੇ ਰੇਡੀਓ ਤਕ, ਸਾਰੇ ਦੇ ਸਾਰੇ ਨਿਯਮ ਬਸ ਚਾਲ ਵਿਚ ਹੀ ਕੰਮ ਦੇ ਸਕਦੇ ਹਨ । ਚਾਲ ਉਖੜੀ ਨਹੀਂ ਤੇ ਇਹ ਕੀਮਤੀ ਚੀਜ਼ਾਂ ਕਬਾੜੀਏ ਦੀ ਦੁਕਾਨ ਤੇ ਸੁਟੀਆਂ ਨਹੀਂ ਗਈਆਂ । ਬਿਲਕੁਲ ਇਹੋ ਹੀ ਨਿਯਮ ਜਾਨ-ਦਾਰਾਂ ਦੀ ਦੁਨੀਆਂ ਵਿਚ ਕੰਮ ਕਰ ਰਿਹਾ ਹੈ । ਇਕ ਕੀੜੀ ਤੋਂ ਲੈ ਕੇ ਹਾਥੀ ਤਕ, ਤੇ ਖ਼ੂਨ ਦੇ ਮਾਮੂਲੀ ਕੀੜੇ ਤੋਂ ਲੈ ਕੇ ਮਨੁਖ ਤਕ, ਸੰਜਮ ਵਿਚ ਬਧੇ ਹੀ ਜੀਵਨ ਸਹੀ ਚਲ ਸਕਦੇ ਹਨ ਸੰਜਮ ਰਹਿਤ ਜੀਵਨ ਰੋਗਾਂ ਦਾ ਸ਼ਿਕਾਰ ਤੇ ਮੌਤ ਦਾ ਲੁਕਮਾ ਬਣ ਜਾਂਦੇ ਹਨ । ਵੱਡੇ ਤੋਂ ਵੱਡਾ ਤੇ ਉੱਚੇ ਤੋਂ ਉੱਚਾ ਜੀਵਨ ਵੀ ਸੰਜਮ ਤੋਂ ਉਖੜਿਆ ਹੋਇਆ ਅਕਾਸ਼ ਵਿਚ ਟੁਟੇ ਹੋਏ ਸਤਾਰੇ ਵਾਂਗ ਚੀਨੀ ਚੀਨੀ ਹੋ ਖਿੰਡ ਜਾਂਦਾ ਹੈ । ਇਹ ਵੀ ਗਲ ਯਾਦ ਰਖਣ ਵਾਲੀ ਹੈ ਕਿ ਜਿੰਨੀ ਕੋਈ ਚੀਜ਼ ਜ਼ਿਆਦਾ ਕੀਮਤੀ ਹੈ ਉੱਨੀ ਹੀ ਉਹ ਵਧੇਰੇ ਸੰਭਾਲ ਗੋਚਰੀ ਹੈ । ਜਿਤਨਾ ਕੋਈ ਜੀਵਨ ਵਧੇਰਾ ਉਚੇਰਾ ਹੈ ਉਤਨਾ ਹੀ ਉਹ ਸੰਜਮ ਦਾ ਵਧੇਰਾ ਅਧਿਕਾਰੀ ਹੈ । ਅਸਾਂ ਦੇਖਿਆ ਕਿ ਸਤਿਗੁਰਾਂ ਨੇ ਨਵੇਂ ਮਨੁਖ ਨੂੰ ਬਹੁਤ ਉਚੇਰਾ ਜੀਵਨ ਦਿਤਾ ਹੈ, ਉਚੇਰਾ ਕੀ ਸਗੋਂ ਮੁਕੰਮਲ ਜੀਵਨ । ਉਚੇਰੇ ਜੀਵਨ ਲਈ ਨਿਯਮਾਂ ਦਾ ਨਿਬਾਹਣਾ ਤੇ ਸੰਜਮ ਨੂੰ ਸਾਬੀ ਰਖਣਾ ਵੀ ਉਤਨਾ ਹੀ ਜ਼ਰੂਰੀ ਤੇ ਉਚੇਰਾ ਹੈ, ਸੰਸਾਰ ਦੀ ਬਾਜ਼ੀਗਰੀ ਵਿਚ, ਜਿਸ ਨੂੰ ਰਚਨਹਾਰ ਨੇ ਖ਼ੁਦ ਅਖਾੜਾ ਬਨਾਇਆ ਹੈ, ਅਗਾਹਾਂ ਵਧੂਆਂ ਲਈ ਕਦਮ ਤੇ ਰੋਕਾਂ ਹਨ । ਇਨ੍ਹਾਂ ਰੋਕਾਂ ਨੂੰ ਚੀਰ ਜਾਣਾ ਹੀ ਜੀਵਨ ਦੀ ਸਫਲਤਾ ਹੈ । ਇਸ ਪੰਧ ਵਿਚ ਪੈਰ ਪੈਰ ਤੇ ਠਾਠਾਂ ਮਾਰਦੇ

ਦਰਯਾ ਪੈਂਦੇ ਹਨ । ਉਨ੍ਹਾਂ ਨੂੰ ਠਿਲ੍ਹ ਪਾਰ ਲੰਘਣਾ ਹੀ ਮਰਦਊ ਹੈ । ਇਨ੍ਹਾਂ ਰੋਕਾਂ ਨੂੰ ਪੁਰਾਤਨਤਾ ਨੇ ਬੇਰੂਨੀ ਵਿਅਕਤੀਆਂ ਕਲਪ ਕਰ ਬਿਆਨ ਕੀਤੀ ਸੀ । ਉਨ੍ਹਾਂ ਦੇ ਖਿਆਲ ਵਿਚ[1] ਸ਼ੈਤਾਨ ਰੱਬ ਨਾਲ ਰੁਸੇ, ਬੰਦੇ ਨੂ ਗੁਮ-ਰਾਹ ਕਰਨ ਤੇ ਕਲਜੁਗ ਆਪਣਾ ਰਾਜ ਅਸਥਾਪਨ ਕਰਨ ਲਈ ਮਨੁਖ ਨੂੰ ਭਰਮਾਨ ਤੇ ਤੁਲਿਆ ਹੋਇਆ ਹੈ; ਪ੍ਰੰਤੂ ਨਵੇਂ ਮਨੁਖ ਜੀਵਨ ਵਿਚ ਇਹ ਸਮਝਾਇਆ ਗਿਆ ਕਿ ਤੂੰ ਜੋਤ ਸਵਰੂਪ ਹੈਂ ਤੇ ਤੈਥੋਂ ਆਕੀ ਹੋ ਕੇ ਕੋਈ ਦੂਜਾ ਤੇਰਾ ਮੁਕਾਬਲਾ ਨਹੀਂ ਕਰ ਸਕਦਾ । ਹਾਂ ਜੇ ਤੂੰ ਹੀ ਕੁਸੰਗਤ ਕਰ ਕੇ ਆਪਣਾ ਆਪ ਭੁਲ ਜਾਵੇਂ ਤਾਂ ਭੁਲ ਵਿਚੋਂ ਅੰਧੇਰਾ ਪੈਦਾ ਹੋਵੇਗਾ ਤੇ ਅੰਧੇਰੇ ਵਿਚ ਠੋਕਰਾਂ ਜ਼ਰੂਰ ਲਗਣਗੀਆਂ । ਇਹ ਆਪੇ ਦੀ ਭੁਲ ਤੋਂ ਪੈਦਾ ਹੋਇਆ ਅੰਧੇਰਾ ਹੀ ਹਉਮੈਂ ਹੈ । ਇਸ ਨੇ ਹੀ ਚੌਹਾਂ ਵਰਨਾਂ ਨੂੰ ਮਲ ਸੁਟਿਆ ਹੈ । ਖਟ ਦਰਸ਼ਨ ਸਾਧੂਆਂ ਨੂੰ ਦਲ ਦਿਤਾ ਹੈ । ਬੜੇ ਬੜੇ ਸੁੰਦਰ ਸੁਘੜ ਸਵਰੂਪ ਤੇ ਸਿਆਣੇ ਇਸ ਦੇ[2] ਛਲ ਵਿਚ ਆ ਹੈਰਾਨ ਹੋ ਰਹੇ ਹਨ । ਜਿਸ ਤਰ੍ਹਾਂ ਹਨੇਰੇ ਵਿਚ ਆਪਣੇ ਹੀ ਮਨ ਦੀ ਕਮਜ਼ੋਰੀ ਕਰਕੇ ਮਨੁਖ ਨੂੰ ਭਾਂਤ ਭਾਂਤ ਦੀਆਂ ਭਿਆਵਲੀਆਂ ਮੂਰਤੀਆਂ ਦਿੱਸ ਆਉਂਦੀਆਂ ਹਨ, ਓਦਾਂ ਹੀ ਇਹ ਮਹਾਂ ਮੋਹ ਵੀ ਭੁਲੇ ਹੋਏ ਮਨੁਖ ਦੇ ਸਾਹਮਣੇ ਕਮਜ਼ੋਰੀਆਂ ਮਾਯੂਸੀਆਂ ਤੇ ਤਰੁਟੀਆਂ ਦੀਆਂ ਫੌਜਾਂ ਲਿਆ ਖਲਿਆਰਦਾ ਹੈ । ਪੰਜ ਤਾਂ ਇਸ ਦੇ ਮਸ਼ਹੂਰ ਸੈਨਾਪਤੀ ਹਨ ਤੇ ਜੇ ਮਨੁਖ ਸੁਚੇਤ ਨਾ ਰਹੇ ਤਾਂ ਉਹ ਉਸ ਦੇ ਅੰਦਰੋਂ[3] ਅੰਮ੍ਰਿਤ ਦੀ ਦਾਤ ਹੀ ਲੁਟ ਖੜਦੇ ਹਨ । ਅੰਮ੍ਰਿਤ ਹੀਨ ਜੀਵਨ ਤੇ ਮੌਤ ਤਾਂ ਸੁਤੇ ਆ ਹੀ ਜਾਣੀ ਹੋਈ । ਇਸ ਲਈ ਸੁੱਤਾ ਹੋਇਆ

---

1. ਬਾਈਬਲ ਤੇ ਉਸ ਦੇ ਅਧਾਰ ਤੇ ਲਿਖੀਆਂ ਪੁਸਤਕਾਂ ਵਿਚ ਇਹ ਬਿਆਨ ਆਇਆ ਹੈ ਕਿ ਫਰਿਸ਼ਤਿਆਂ ਦਾ ਸਰਦਾਰ ਅਜ਼ਾਜ਼ੀਲ ਪ੍ਰਮੇਸ਼ਵਰ ਦੇ ਇਹ ਕਹਿਣ ਤੇ ਕਿ ਉਹ ਨੂਰੀ ਮਨੁਖ ਨੂੰ ਜੋ ਖ਼ਾਕੀ ਸੀ ਸਿਜਦਾ ਕਰੇ, ਉਹ ਨਾਰਾਜ਼ ਹੋ ਗਿਆ ਤੇ ਉਸ ਨੇ ਪਹਿਲੇ ਦਿਨ ਤੋਂ ਪ੍ਰਣ ਕਰ ਲਿਆ ਕਿ ਉਹ ਮਨੁਖ ਨੂੰ ਪ੍ਰਮੇਸ਼ਵਰ ਤੋਂ ਪਾੜੇਗਾ ।
2. ਚਾਰਿ ਬਰਨ ਚਉਹਾਂ ਕੇ ਮਰਦਨ ਖਟੁ ਦਰਸਨ ਕਰ ਤਲੀ ਰੇ ।
   ਸੁੰਦਰ ਸੁਘਰ ਸਰੂਪ ਸਿਆਣ ਪੰਚਹੁ ਕੀ ਮੋਹੀ ਛਲੀ ਰੇ ।
3. ਇਸੁ ਦੇਹੀ ਅੰਦਰਿ ਪੰਚ ਚੋਰ ਵਸਹਿ ਕਾਮੁ, ਕ੍ਰੋਧ, ਲੋਭ, ਮੋਹੁ, ਅਹੰਕਾਰਾ ।
   ਅੰਮ੍ਰਿਤ ਲੂਟਹਿ ਮਨਮੁਖ ਨਹੀਂ ਬੂਝਹਿ ਕੋਇ ਨ ਸੁਣੈ ਪੂਕਾਰਾ ।

ਜੀਵਨ ਹੀ ਜੀਉ ਨਾਲੋਂ ਵਖਰਾ ਹੋ ਖਲੋਂਦਾ ਹੈ । ਭਾਵੇਂ ਕਿਤਨਾ ਹੀ ਬੁਧੀ-ਵਾਨ ਸ਼ਾਸ਼ਤ੍ਰਿਗ ਕਿਉਂ ਨਾ ਹੋਵੇ, ਜੀਵਨ ਨੂੰ[1] ਦੁਖਾਂ ਦੀ ਰਾਸ ਬਨ੍ਹਾ ਲੈਂਦਾ ਹੈ। ਗਲ ਕੀ , ਸੰਜਮਹੀਨ ਨਿਯਮਾਵਲੀ ਤੋਂ ਉਖੜਿਆ ਹੋਇਆ ਜੀਵਨ ਸੁਸਤ ਹੋ ਜਾਂਦਾ ਹੈ ਤੇ ਨਿੰਦ੍ਰਾਵਲਾ ਹੋ ਮਹਾਂ ਮੋਹ ਦੇ ਵੱਸ ਪੈ, ਮੌਤ ਵੱਲ ਤੁਰ ਪੈਂਦਾ ਹੈ । ਪਰ ਨਵੇਂ ਮਨੁਖ ਖਾਲਸੇ ਨੂੰ ਤਾਂ ਅਮਰ ਬਨਾਇਆ ਗਿਆ ਹੈ । ਇਸ ਲਈ ਉਸ ਦਾ ਤਾਂ ਮੁਖ ਕਰਤਵ ਹੈ ਕਿ ਉਹ ਅਮਰ ਜੀਵਨ ਨੂੰ ਕਾਇਮ ਰਖੇ । ਪਰ ਉਹ ਰਹਿ ਤਾਂ ਸਕਦਾ ਹੈ ਜੇ ਜੀਵਨ ਦੇ ਨਿਯਮ ਤੇ ਸੰਜਮ ਪੂਰੇ ਨਿਬਾਹੇ । ਇਨ੍ਹਾਂ ਨਿਯਮਾਂ ਤੇ ਸੰਜਮਾਂ ਦੇ ਅਕੱਠ ਦਾ ਨਾਮ ਹੀ ਰਹਿਤ ਹੈ । ਰਹਿਤ ਦੇ ਅਖਰੀ ਅਰਥ ਹਨ ਰਹਿਤ ਦਾ ਤਰੀਕਾ । ਹਰ ਜੀਵਨ ਆਪਣੀ ਰਹਿਤ ਰਹਿਕੇ ਹੀ ਰਹਿ ਸਕਦਾ ਹੈ । ਮਨੁਖ ਜੀਵਨ ਵੀ ਤਾਂ ਹੀ ਬ਼ਚਦਾ ਹੈ ਜੇ ਉਹ ਮਨੁਖ ਜੀਵਨ ਦੀ ਰਹਿਤ ਰਹੇ । ਬਿਨਾਂ ਰਹਿਤ ਤੋਂ ਬੇਸੰਜਮਾਂ ਜੀਵਨ ਵਿਚਾਰਾਂ ਦਾ ਸ਼ਿਕਾਰ ਹੋ ਜਾਵੇਗਾ ਭੁਲੇਖੇ ਦੀ ਦੁਨੀਆਂ ਵਿਚ ਵਿਕਾਰ ਪੈਰ ਪੈਰ ਤੇ ਹਨ ਪਰ ਜਿਨ੍ਹਾਂ ਨੇ ਗੁਰੂ ਪੂਰੇ ਦਾ ਅਧਾਰ ਸ਼ਬਦ ਸੁਣਿਆ ਤੇ ਉਹ ਰਹਿਤ ਵਿਚ ਰਹੇ ਹਨ ਉਨ੍ਹਾਂ ਦਾ ਜੀਵਨ ਚੜ੍ਹਦੀਆਂ ਕਲਾਂ ਵਿਚ ਗਿਆ ਹੈ ਤੇ ਵਿਕਾਰ ਉਨ੍ਹਾਂ ਨੂੰ ਜਿੱਤਣ ਤੋਂ[2] ਰਹਿ ਗਿਆ । ਏਹੀ ਕਾਰਨ ਹੈ ਕਿ ਸਤਿਗੁਰਾਂ ਨੇ ਰਹਿਤ ਨੂੰ ਬਹੁਤ ਪਸੰਦ ਕੀਤਾ ਹੈ । ਆਪ ਨੇ ਫੁਰਮਾਇਆ ਕਿ ਜੋ ਰਹਿਤ ਵਿਚ ਰਹਿੰਦਾ ਹੈ ਉਹ ਖਾਲਸਾ ਮੇਰਾ[3] ਸਿਰਤਾਜ ਹੈ । ਇਹ

SIKHBOOKCLUB.COM

---

1. ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ ।
ਪਲੁ ਪਲੁ ਹਰਿ ਜੀ ਤੇ ਅੰਤਰੁ ਪਾਰਿਓ ।
ਜਤ ਦੇਖਉ ਤਤ ਦੁਖ ਕੀ ਰਾਸੀ ।
ਅਜੌਂ ਨ ਪਤਿਆਇ ਨਿਗਮ ਭਏ ਸਾਖੀ ।
2. ਰਹਤ ਰਹਤ ਰਹਿ ਜਾਹਿ ਬਿਕਾਰਾ ।
ਗੁਰੂ ਪੂਰੇ ਕੇ ਸਬਦ ਅਪਾਰਾ ।
3. ਰਹਿਣੀ ਰਹੇ ਸੋ ਖਾਲਸਾ । ਸੋ ਮੇਰੋ ਸਿਰਤਾਜ ।

*(ਸੂਰਜ ਪ੍ਰਕਾਸ਼)*

ਤਥਾ:- ਮੇਰੋ ਸੋ ਜੋ ਰਾਖੇ ਰਹਤ ਗੁਰ ਆਇਸਾ ਮਹਿ ਨਿਸ ਦਿਨ ਰਹਿਤ ।
ਰਹਿਤ ਪਿਆਰੀ ਮੋਹਿਕੇ ਸਿਖ ਪਿਆਰਾ ਨਾਹਿ ।

*(ਰਹਿਤਨਾਮਾ)*

ਰਹਿਤ ਹੀ ਖਾਲਸੇ ਦੇ ਜੀਵਨ ਦੀ ਨਿਯਮਾਵਲੀ ਹੈ । ਇਸ ਵਿਚ ਬਝਾ ਹੋਇਆ ਹੀ ਸਿੰਘ ਦਾ ਅਮਰ ਜੀਵਨ, ਜਗਤ ਕਲਿਆਨ ਕਾਰੀ ਹੋ ਸਕਦਾ ਹੈ । ਸਿੰਘ ਜੀਵਨ, ਸ਼ਖਸੀ, ਪੰਥਕ ਤੇ ਜਗਤ ਵਰਤੋਂ ਤਿੰਨਾਂ ਹਿਸਿਆਂ ਵਿਚ ਤਕਸੀਮ ਹੈ । ਇਸ ਲਈ ਤਿੰਨਾਂ ਕਿਸਮਾਂ ਦੀ ਰਹਿਤ ਹੀ ਸਿੰਘ ਲਈ ਮੁੱਕਰਰ ਕੀਤੀ[1] ਗਈ ਹੈ ।

---

1. ਕਈ ਇਕ ਗੁਰਮਤ ਤੋਂ ਅਨਜਾਣ ਵਿਦਵਾਨਾਂ ਬਲਕਿ ਸਿੱਖਾਂ ਨੂੰ ਵੀ ਇਹ ਖਿਆਲ ਹੈ ਕਿ ਸ਼ਖਸੀ ਰਹਿਤ ਤੋਂ ਮੁਰਾਦ ਸ਼ਾਇਦ ਕੇਵਲ ਸਰੀਰਕ ਰਹਿਤ ਹੀ ਹੈ । ਉਹ ਆਮ ਤੌਰ ਤੇ ਸਿੰਘ ਦੇ ਸਰੀਰ ਤੇ ਧਾਰਨ ਕਰਨ ਵਾਲੇ ਚਿਨ੍ਹਾਂ ਨੂੰ ਪੂਰਨ ਸ਼ਖਸੀ ਰਹਿਤ ਸਮਝਦੇ ਤੇ ਬਿਆਨ ਕਰਦੇ ਹਨ, ਪਰ ਇਹ ਗੱਲ ਗਲਤ ਹੈ । ਸਤਿਗੁਰਾਂ ਨੇ ਸਿਖ ਦੀ ਸ਼ਖਸੀਅਤ ਦੇ ਤਿੰਨ ਰੰਗ ਮੰਨੇ ਹਨ । ਗੁਰਬਾਣੀ ਸਿਖ ਇਤਿਹਾਸ ਤੇ ਰਹਿਤ ਨਾਮਿਆਂ ਵਿਚ ਹਰ ਜਗ੍ਹਾ ਰਹਿਤ ਦਾ ਬਿਆਨ ਕਰਦਿਆਂ ਹੋਇਆਂ ਸ਼ਖਸੀ ਰਹਿਤ ਨੂੰ ਤਿੰਨਾਂ ਹੀ ਅੰਗਾਂ ਵਿਚ ਬਿਆਨ ਕੀਤਾ ਗਿਆ ਹੈ । ਕੇਵਲ ਸਰੀਰਕ ਰਹਿਤ ਰਖਣੀ ਹੀ ਕਾਫ਼ੀ ਨਹੀਂ, ਕਿਉਂਕਿ ਜਿਸ ਤਰ੍ਹਾਂ ਇਕ ਲਾਲਟੈਨ ਵਿਚ ਅੰਦਰ ਬੱਤੀ ਹੁੰਦੀ ਹੈ । ਉਪਰ ਚਿਮਨੀ ਤੇ ਚਿਮਨੀ ਦੇ ਬੱਚਾ ਲਈ ਬਾਹਰ ਲੋਹੇ ਦੀਆਂ ਤਾਰਾਂ ਦਾ ਜੰਗਲਾ ਹੁੰਦਾ ਹੈ । ਜੇ ਅੰਦਰੋਂ ਬੱਤੀ ਬਲੇ, ਚਿਮਨੀ ਸਾਫ ਹੋਵੇ, ਜੰਗਲਾ ਦਰੁਸਤ ਹੋਵੇ ਤਾਂ ਹੀ ਲਾਲਟੈਨ ਸਹੀ ਅਰਥਾਂ ਵਿਚ ਆਪਣਾ ਪੂਰਾ ਕੰਮ ਦੇ ਸਕਦੀ ਹੈ । ਏਸ ਤਰ੍ਹਾਂ ਹੀ ਸਿਖ ਦੇ ਅੰਦਰ ਆਤਮੇ ਜੋਤ ਜਗੇ, ਮਨ ਵਿਚ ਨੇਕੀ ਵਸੇ, ਤੇ ਸਰੀਰ ਉਪਕਾਰ ਵਿਚ ਜੁੜੇ ਤਾਂ ਹੀ ਸਿੰਘ ਜੀਵਨ ਸਫਲ ਹੈ । ਇਨ੍ਹਾਂ ਤਿੰਨਾਂ ਗੁਣਾਂ ਲਈ ਰਹਿਤ ਦੇ ਅਡੋ ਅੱਡ ਹਿਸੇ ਬਿਆਨ ਕੀਤੇ ਗਏ ਹਨ । ਅੰਤਰ ਆਤਮੇ ਪ੍ਰਕਾਸ਼ ਬਿਨਾਂ ਮਨ ਵਿਚ ਸਦੀਵ ਨੇਕੀ ਨਹੀਂ ਵਸ ਸਕਦੀ ਤੇ ਨਕ ਮਨ ਤੋਂ ਬਿਨਾਂ ਤਨ ਤੇ ਧਾਰੇ ਹੋਏ ਚਿੰਨ੍ਹ ਭੇਖ ਰੂਪ ਹੋ ਜਾਂਦੇ ਹਨ । ਸਤਿਗੁਰਾਂ ਨੇ ਭੇਖ ਨੂੰ ਕਦੇ 'ਕਾਨੂੰਨ ਭੇਖ ਭੀਜਹੂੰ । ਅਲੇਖ ਲੇਖ ਬੀਜਹੂੰ ॥' ਪਸੰਦ ਨਹੀਂ ਕੀਤਾ ਤੇ ਇਹੀ ਵਜ੍ਹਾ ਹੈ ਕਿ ਸਾਹਿਬਾਂ ਨੇ ਪੂਰਨ ਰਹਿਤਵਾਨ ਹੋਣ ਤੋਂ ਬਿਨਾਂ ਕੇਸਾਧਾਰੀ ਹੋਣ ਨੂੰ ਵੀ ਭੇਖ ਹੀ ਬਿਆਨ ਕੀਤਾ ਹੈ ਤੇ ਕੇਸਾਂ ਨੂੰ ਵੀ ਜੋ ਕਿ ਪ੍ਰਗਟ ਚਿੰਨ੍ਹਾਂ ਵਿਚੋਂ ਸ਼ਰੋਮਣੀ ਸਮਝੇ ਜਾਂਦੇ ਹਨ, ਰਹਿਤ ਬਿਨਾਂ ਨਿੰਦਿਆ ਹੈ –''

ਦੇ ਰਹਤ ਬਿਨ ਦਿਜ ਨਾ ਸੁਹਾਵਤ । ਸੀਲ ਰਹਤ ਕੁਲ ਨਾਰ ਨਾ ਭਾਵਤ ।
ਬੇਗ ਰਹਿਤ ਜਿਵ ਬਾਜੀ ਹੀਨ । ਰਹਤ ਬਿਨਾ ਸਿਰੂ ਕੇਸ ਮਲੀਨ ।
ਜਿਓ ਕਾਹੂ ਲੈ ਗਧਾ ਨਵਾਹਿਓ । ਫੂਲ ਮਾਲ ਤਹਿ ਮੁੰਡ ਧਰਾਇਓ ।
ਤੈਕੀ ਕਰ, ਤਾਂਕੀ ਸੋਭਾ ਨਾਹੀਂ । ਹਾਸੀ ਜੋਗ ਹੋਏ ਜਗ ਮਾਹੀਂ ।
ਤਿਮ ਕੁਰਹਤੀਏ ਕੇਸ ਰਖਾਏ । ਕਹੁ ਸੋ ਕੈਸੇ ਸੋਭਾ ਪਾਏ ।
ਰਹਤ ਸੋ ਕੇਸਨ ਕੌ ਅਤਭੂਖਨ । ਰਹਤ ਬਿਨਾਂ ਸਿਰ ਕੇਸ ਭੀ ਦੂਖਨ ।
ਰਹਤਵਾਨ ਜਗ ਸਿੰਘ ਜੋ ਕੋਈ । ਗੁਰ ਕੇ ਲੋਗ ਬਸੇਂਗੇ ਤੇਈ ।
ਰਹਣੀ ਰਹੇ ਸੋਈ ਸਿਖ ਮੇਰਾ । ਓਹ ਠਾਕਰ ਮੈ ਓਸ ਦਾ ਚੇਰਾ ।

*(ਰਹਿਤਨਾਮਾ ਭਾਈ ਦੇਸਾ ਸਿੰਘ)*

(ਬਾਕੀ ਦਾ ਫੁਟਨੋਟ ਅਗਲੇ ਸਫ਼ੇ ਤੇ)

(ਪਿਛਲੇ ਸਫ਼ੇ ਦਾ ਬਾਕੀ ਫ਼ੁਟਨੋਟ)

ਇਸ ਵਚਨ ਵਿਚ ਜੋ ਭਾਈ ਦੇਸਾ ਸਿੰਘ ਜੀ ਨੇ ਸਤਿਗੁਰਾਂ ਦੇ ਮੁਖੋਂ ਫੁਰਮਾਏ ਭਾਵ ਦੇ ਅਧਾਰ ਤੇ ਲਿਖਿਆ ਹੈ, ਸਾਫ਼ ਸਪਸ਼ਟ ਹੁੰਦਾ ਹੈ ਕਿ ਰਹਿਤ ਕੇਸ ਆਦੀ ਪ੍ਰਗਟ ਚਿੰਨ੍ਹਾਂ ਤੋਂ ਉਚੇਰੀ ਚੀਜ਼ ਹੈ । ਚੁਨਾਂਚਿ ਭਾ:ਨੰਦ ਲਾਲ ਇਸ ਵਚਨ ਵਿਚ ਜੋ ਭਾਈ ਦੇਸਾ ਸਿੰਘ ਜੀ ਨੇ ਸਤਿਗੁਰਾਂ ਦੇ ਮੁਖੋਂ ਫੁਰਮਾਏ ਭਾਵ ਦੇ ਅਧਾਰ ਤੇ ਲਿਖਿਆ ਹੈ, ਸਾਫ਼ ਸਪਸ਼ਟ ਹੁੰਦਾ ਹੈ ਕਿ ਰਹਿਤ ਕੇਸ ਆਦੀ ਪ੍ਰਗਟ ਚਿੰਨ੍ਹ ਸਾਹਿਬ ਜੀ ਆਪਣੇ ਰਹਿਤਨਾਮੇ ਵਿਚ ਸਤਿਗੁਰਾਂ ਦੇ ਮੁਖੋਂ ਰਹਿਤ ਸੰਬੰਧੀ ਪ੍ਰਗਟੇ ਭਾਵ ਨੂੰ ਇਨ੍ਹਾਂ ਅੱਖਰਾਂ ਵਿਚ ਦੇਂਦੇ ਹਨ :-

ਗੁਰਸਿਖ ਰਹਤ ਸੁਨਹੁ ਰੇ ਮੀਤ । ਪ੍ਰਭਾਤੇ ਉਠ ਕਰ ਹਿਤ ਚੀਤ ।
ਵਾਹਿਗੁਰੂ ਗੁਰਮੰਤ੍ਰ ਸੁ ਜਾਪ । ਕਰ ਅਸ਼ਨਾਨੇ ਪੜ੍ਹ ਜਪ ਜਾਪ ।
ਸੰਧਿਆ ਸਮੇਂ ਸੁਣੇ ਰਹਿਰਾਸ । ਕੀਰਤਨ ਕਥਾ ਸੁਣੇ ਹਰ ਜਾਸ ।
ਇਨਾਂ ਪਹਿ ਨੇਮ ਜੋ ਟੇਕ ਕਰਾਏ । ਸੋ ਸਿਖ ਅਮਰ ਪੁਰ ਕੋ ਜਾਏ ।

ਇਨ੍ਹਾਂ ਲਿਖਤਾਂ ਤੋਂ ਸਾਫ ਪ੍ਰਤੀਤ ਹੁੰਦਾ ਹੈ ਕਿ ਰਹਿਤ ਕੇਵਲ ਸਰੀਰਕ ਚਿੰਨ੍ਹਾਂ ਦੇ ਧਾਰਨ ਕਰਨ ਦਾ ਮਾਨ ਹੀ ਨਹੀਂ, ਸਗੋਂ ਉਸ ਦਾ ਆਰੰਭ ਨਾਮ ਸਿਮਰਨ ਤੇ ਗੁਰਬਾਣੀ ਅਭਿਆਸ ਦੇ ਆਤਮ ਨਿਯਮ ਤੋਂ ਸ਼ੁਰੂ ਹੋ ਕੇ ਸਰੀਰਕ ਚਿੰਨ੍ਹਾਂ ਦੇ ਅੰਤਕ ਨਿਯਮ ਤਕ ਪੂਰਨ ਹੁੰਦਾ ਹੈ ।

SIKHBOOKCLUB.COM

# ਸ਼ਖਸੀ ਰਹਿਤ

ਰਹਿਤ ਦਾ ਕਥਨ ਕਰਦਿਆਂ ਹੋਇਆਂ ਪਿਛੇ ਇਹ ਗਲ ਆ ਚੁਕੀ ਹੈ ਕਿ ਰਹਿਤ ਜੀਵਨ ਨਿਯਮ ਨਿਯਮਾਵਲੀ ਹੈ । ਇਸ ਵਿਚ ਬਝਕੇ ਹੀ ਜੀਵਨ-ਸੱਤਾ ਮਨੁਖ ਜੀਵਨ ਦੀ ਨਿਜ ਕਲਯਾਨ ਤੇ ਜਗਤ ਸੇਵਾ ਕਰ ਸਕਦੀ ਹੈ । ਜੀਵਨ ਵਿਚ ਸਿਖ ਦੇ ਤਿੰਨ ਰੂਪ ਹੋਏ ਹਨ । ਪਹਿਲਾ ਆਪਣੇ ਨਿਜ ਸਵਰੂਪ ਵਿਚ, ਦੂਜਾ ਆਪਣੇ ਪੰਥ ਵਿਚ ਤੇ ਤੀਜਾ ਮਨੁਖ ਮਾਤਰ ਨਾਲ ਵਰਤਨ ਵਾਲਾ ਜਗਤ ਰੂਪ ਵਿਚ । ਇਨ੍ਹਾਂ ਜੀਵਨ ਦੇ ਤਿੰਨਾ ਹੀ ਪਹਿਲੂਆਂ ਦੀ ਅਡੋ ਅਡ ਰਹਿਤ ਗੁਰਬਾਣੀ, ਇਤਹਾਸ ਤੇ[1] ਰਹਿਤ ਨਾਮਿਆਂ ਵਿਚ ਆਈ ਹੈ । ਪਹਿਲਾ ਅੰਗ ਸ਼ਖਸੀ ਰਹਿਤ ਹੈ ।

SIKHBOOKCLUB.COM

ਗੁਰਬਾਣੀ ਅਨੁਸਾਰ ਸ਼ਖਸੀਅਤ ਦੋ ਹਿਸਿਆਂ ਵਿਚ ਵੰਡੀ ਹੋਈ ਹੈ।

---

1. ਰਹਿਤ ਨਾਮੇ ਕਈ ਇਕ ਹਨ । ਇਨ੍ਹਾਂ ਵਿਚੋਂ ਪ੍ਰਸਿਧ ਭਾਈ ਨੰਦ ਲਾਲ ਜੀ ਦਾ, ਭਾਈ ਚੋਪਾ ਸਿੰਘ ਜੀ ਦਾ, ਭਾਈ ਪ੍ਰਹਿਲਾਦ ਸਿੰਘ ਜੀ ਦਾ ਤੇ ਭਾਈ ਦਯਾ ਸਿੰਘ ਜੀ ਤੇ ਭਾਈ ਦੇਸਾ ਸਿੰਘ ਜੀ ਦੇ ਹਨ । ਇਨ੍ਹਾਂ ਪ੍ਰਸਿਧ ਰਹਿਤ ਨਾਮਿਆਂ ਤੋਂ ਬਿਨਾਂ ਸਰਬ ਲੋਹ ਪ੍ਰਕਾਸ਼ ਗੁਰ ਸੋਭਾ, ਰਤਨ ਮਾਲ, ਵਾਜਬਲਅਰਜ਼, ਗੁਰਪ੍ਰਤਾਪ ਸੂਰਜ, ਦੋਵੇਂ ਪੰਥ ਪ੍ਰਕਾਸ਼, ਤੇ ਗੁਰਬਿਲਾਸ ਆਦਿ ਗ੍ਰੰਥਾਂ ਵਿਚ ਵੀ ਰਹਿਤ ਦੇ ਮੁਤਅਲਕ ਬਚਨ ਆਉਂਦੇ ਹਨ । ਪ੍ਰੰਤੂ ਇਨ੍ਹਾਂ ਇਤਹਾਸਿਕ ਗ੍ਰੰਥਾਂ ਵਿਚ ਦਿਤੇ ਹੋਏ ਰਹਿਤ ਦੇ ਮੁਤਅਲਕ ਬਚਨ ਦਾ ਆਧਾਰ ਆਮ ਤੌਰ ਤੇ ਰਹਿਤਨਾਮੇ ਹੀ ਮੰਨਿਆ ਗਿਆ ਹੈ । ਰਹਿਤ ਨਾਮਿਆਂ ਦੀ ਲਿਖ਼ਤ ਦਾ ਢੰਗ ਅਡੋ ਅਡਰਾ ਹੈ । ਕਿਸੇ ਇਕ ਵਿਵਰਜਤ ਚੀਜ਼ ਦਾ ਕਥਨ ਭਾਈ ਪ੍ਰਹਲਾਦ ਸਿੰਘ ਜੀ ਹੋਰ ਢੰਗ ਨਾਲ ਕਰਦੇ ਹਨ ਤੇ ਭਾਈ ਨੰਦ ਲਾਲ ਜੀ ਹੋਰ ਤਰੀਕੇ ਨਾਲ, ਕਈ ਇੱਕ ਗਲਾਂ ਵਿਚ ਉਨ੍ਹਾਂ ਦਾ ਮਤਭੇਦ ਵੀ ਹੈ। ਇਸ ਪੁਸਤਕ ਵਿਚ ਉਹੋ ਹੀ ਗਲਾਂ ਪ੍ਰਵਾਨ ਕੀਤੀਆਂ ਗਈਆ ਹਨ ਜਿਨ੍ਹਾਂ ਤੇ ਸਾਰੇ ਰਹਿਤਨਾਮੇ ਸਹਿਮਤ ਹੋਣ।

ਇਕ ਦੇਹ ਤੇ ਇਕ ਦੇਹ ਵਿਚ ਵਸ ਰਿਹਾ[1] ਸਾਖੀ । ਯਾ ਇਉ ਸਮਝੋ ਕਿ ਪ੍ਰਕਿਰਤੀ ਦੇ ਪੰਜਾ ਤਤਾਂ ਦਾ ਇਕ ਪਿੰਜਰਾ ਹੈ । ਇਸ ਵਿਚ ਸਾਖੀ ਆਤਮ ਪੰਛੀ ਰੂਪ ਵਿਚ ਵਸ ਰਹੀ ਹੈ । ਇਹ ਰੂਪਵਾਨ ਹੈ ਤੇ ਆਤਮਾ ਅਰੂਪ, ਪਰ ਇਸ ਰੂਪਵਾਨ ਦੇਹ ਵਿਚ ਕ੍ਰਿਆ ਦੀ ਸ਼ਕਤੀ ਅਰੂਪ ਆਤਮਾ ਦੇ ਨਿਵਾਸ ਕਰਕੇ ਹੀ ਹੈ । ਜਦ ਉਹ ਇਸ ਨੂੰ ਲਭ ਜਾਂਦਾ ਹੈ ਤਾਂ ਇਸ ਵਿਚ[2] ਕ੍ਰਿਆ ਨਹੀ ਰਹਿੰਦੀ । ਯਾ ਇਉਂ ਸਮਝੋ ਕਿ ਜਿਸ ਤਰ੍ਹਾਂ ਦੀਵਾ ਬਤੀ ਦੇ ਬਲਣ ਕਰ ਕੇ ਰੌਸ਼ਨ ਹੈ ਤੇ ਬਤੀ ਦੇ ਬੁਝ ਜਾਣ ਤੇ ਵਿਅਰਥ । ਪਰ ਇਹ ਵੀ ਜਾਣ ਲੈਣਾ ਚਾਹੀਦਾ ਹੈ ਕਿ ਜਿਸ ਤਰ੍ਹਾਂ ਦੀਵਾ ਬੱਤੀ ਬਿਨਾਂ ਬਿਅਰਥ ਹੈ ਉਸੇ ਤਰ੍ਹਾਂ ਰੌਸ਼ਨੀ ਦਾ ਪ੍ਰਕਾਸ਼ ਵੀ ਦੀਏ ਤੇ ਬੱਤੀ ਬਿਨਾਂ ਜਗਤ ਸੁਖ ਦਾ ਕਾਰਨ ਨਹੀਂ ਬਣ ਸਕਦਾ । ਇਸ ਲਈ ਜਗਤ ਮਰਯਾਦਾ ਵਿਚ ਦੀਏ ਤੇ ਬੱਤੀ ਦੇ ਚਾਨਣ ਵਾਂਗ ਦੇਹ ਤੇ ਆਤਮਾ ਪਰਸਪਰ ਜੁੜੇ ਰਹਿਣੇ ਜਰੂਰੀ ਹਨ । ਭਾਵੇਂ ਆਤਮਾਂ ਵਿਸ਼ੇਸ਼ ਪਦਵੀ ਰਖਦੀ ਹੈ ਪਰ ਦੇਹ ਵੀ ਵਿਸਾਰਨ ਗੋਚਰੀ ਨਹੀਂ । ਇਸ ਕਰਕੇ ਸਤਗੁਰਾਂ ਨੇ ਜੀਵਨ ਯੁਕਤੀ ਸਮਝਾਂਦਿਆਂ ਹੋਇਆਂ ਆਤਮਕ ਚਾਨਣ ਤੇ ਸਰੀਰਕ ਤੰਦਰੁਸਤੀ ਦੋਹਾਂ ਤੇ ਜ਼ੋਰ ਦਿਤਾ ਹੈ।

ਅਰੂਪ ਆਤਮਾ ਜਦ ਰੂਪਵਾਨ ਸਰੀਰ ਵਿਚ ਪ੍ਰਤਾਓ ਪਾਉਂਦੀ ਹੈ ਤਾਂ ਉਥੋਂ ਇਕ ਤੀਸਰੀ ਹੋਂਦ ਪੈਦਾ ਹੁੰਦੀ ਹੈ, ਜਿਸ ਨੂੰ ਮਨ ਕਿਹਾ ਜਾਂਦਾ ਹੈ । ਗੁਰਮਤ ਅਨੁਸਾਰ ਮਨ ਪ੍ਰਕਿਰਤੀ ਤੇ ਆਤਮਾ ਦੇ ਮਿਲਾਪ ਤੋਂ ਪੈਦਾ ਹੁੰਦਾ ਹੈ। ਇਹ ਆਤਮਾ ਕੋਲੋਂ ਜ਼ਿੰਦਗੀ ਲੈਂਦਾ ਤੇ ਸਰੀਰ ਦੇ ਰੋਮ ਰੋਮ ਵਿਚ ਪੰਜਾਂ ਇੰਦਰੀਆਂ ਦੇ ਰਾਹੀਂ ਫੈਲਾਂਦਾ ਹੈ । ਜੇ ਏਸ ਦੀ ਚਾਲ ਸੁਧ ਰਹੇ ਤਾਂ ਸ਼ਰੀਰ ਦੇ ਤਿੰਨੋ ਗੁਣਾਂ ਸਤ, ਰਜ ਤੇ ਤਮ ਸੰਜਮ ਵਿਚ ਰਹਿੰਦੇ ਹਨ । ਜੇ ਉਖੜ ਜਾਏ ਤਾਂ ਇਨ੍ਹਾਂ ਦਾ ਤਣਾ-

---

1. ਜਲ ਕੀ ਭੀਤਿ ਪਵਨ ਕਾ ਥੰਭਾ ਰਕਤ ਬੂੰਦ ਕਾ ਗਾਰਾ ।
ਹਾਡ ਮਾਸ ਨਾੜੀ ਕੋ ਪਿੰਜਰੁ ਪੰਖੀ ਬਸੈ ਬਿਚਾਰਾ ।
2. ਜਬ ਲਗਿ ਤੇਲੁ ਦੀਵੇ ਮੁਖ ਬਾਤੀ ਤਬ ਸੂਝੈ ਸਭੁ ਕੋਈ ।
ਤੇਲ ਜਲੇ ਬਾਤੀ ਠਹਰਾਨੀ ਸੂੰਨਾ ਮੰਦਰ ਹੋਈ ।

ਸਭ ਬਿਗੜ ਜਾਂਦਾ ਹੈ ਤੇ ਮਨੁਖ ਜੀਵਨ ਦੀ ਚਾਲ ਵਿਚ[1] ਫਰਕ ਆ ਜਾਂਦਾ ਹੈ । ਸੋ ਮਨੁਖ ਜੀਵਨ ਦੀ ਪ੍ਰਤੱਖ ਚਾਲ ਨੂੰ ਦੇਖਦਿਆਂ ਹੋਇਆਂ ਉਹ ਜੀਵਨ ਦੋ ਹਿਸਿਆਂ ਵਿਚ ਨਜ਼ਰ ਆਉਂਦਾ ਹੈ, ਮਾਨਸਕ ਤੇ ਸਰੀ-ਰਕ । ਕਿਉਂ ? ਆਤਮਕ ਅੰਸ਼ ਦੀ ਤਾਂ ਝਲਕ ਹੀ ਪੈਂਦੀ ਹੈ, ਉਹ ਗਿਆਨ ਇੰਦਰੀਆਂ ਤੇ ਬੁਧੀ ਦੇ ਗਮਨ ਤੋਂ ਪਰੇ ਹੈ । ਇਸ ਕਰਕੇ ਸਿਖ ਨੂੰ ਸ਼ਖਸੀ ਜੀਵਨ ਵਿਚ ਮਾਨਸਕ ਤੇ ਸਰੀਰਕ ਦੋਹਾਂ ਰਹਿਤਾਂ ਦੀ ਲੋੜ ਹੈ।

SIKHBOOKCLUB.COM

---

1. ਏਹੁ ਮਨੁ ਸ਼ਕਤੀ, ਏਹੁ ਮਨੁ ਸੀਉ, ਏਹੁ ਮਨੁ ਪੰਚ ਤਤ ਕੋ ਜੀਉ ।

# ਸ਼ਖਸੀ ਰਹਿਤ ਦਾ ਪਹਿਲਾ ਅੰਗ

## ਮਾਨੀਸਕ ਰਹਿਤ–

ਗੁਰਮਤ ਪ੍ਰਕਾਸ਼ ਤੋਂ ਪਹਿਲੇ ਮਨੁਖ ਨਿਜ਼ਾਮ ਵਿਚ ਸਰੀਰ ਤੇ ਕੁਝ ਚਿੰਨ੍ਹ ਧਾਰਨ ਕਰਾ ਦੇਣੇ ਹੀ ਇਸ ਹੀ ਗੱਲ ਦੀ ਨਿਸ਼ਾਨੀ ਸਮਝੇ ਜਾਂਦੇ ਸਨ ਕਿ ਮਨੁਖ ਸਹੀ ਜੀਵਨ ਮਰਯਾਦਾ ਵਿਚ ਪ੍ਰਵਿਰਤ ਹੋ ਗਿਆ ਹੈ, ਪਰ ਸਤਿਗੁਰਾਂ ਨੇ ਇਸ ਪੁਰਾਣੇ ਤਰੀਕੇ ਨੂੰ ਭੇਖ[1] ਤੇ ਦੰਭ ਬਿਆਨ ਕੀਤਾ ਹੈ । ਉਹਨਾਂ ਦਾ ਖਿਆਲ ਹੈ ਕਿ ਇਸ ਦੰਭ ਨਾਲ ਲੋਕ ਤਾਂ ਪਤਿਆਏ ਜਾ ਸਕਦੇ ਹਨ, ਪਰ ਧਾਰਨ ਕਰਨ ਵਾਲੇ ਦਾ ਲੋਕ ਪ੍ਰਲੋਕ ਵਿਗੜ ਜਾਂਦਾ ਹੈ । ਇਸ ਲਈ ਸਤਿਗੁਰਾਂ ਨੇ ਏਸ ਦੇ ਐਨ ਉਲਟ ਮਰਯਾਦਾ ਥਾਪੀ ਤੇ ਫੁਰ-ਮਾਇ ਕਿ ਸਿਖ ਪਹਿਲੇ ਮਾਨਸਕ ਰਹਿਤ ਰਖੇ । ਉਸ ਮਾਨਸਕ ਗੁਪਤ ਰਹਿਤ ਸੰਸਾਰ ਨੂੰ ਸੰਸਾਰ ਤੇ ਪ੍ਰਗਟ ਕਰਨ ਹਿਤ ਸਰੀਰਕ ਚਿੰਨ੍ਹ ਧਾਰਨ ਕਰੇ, ਤਾਕਿ ਦੁਨੀਆਂ ਦੇ ਮਨੁਖ ਉਨ੍ਹਾਂ ਚਿੰਨ੍ਹਾਂ ਨੂੰ ਦੇਖਦੇ ਹੀ ਸਮਝ ਜਾਣ ਕਿ ਉਹ ਸਿੰਘ ਤੇ ਉਸ ਤੋਂ ਜੀਵਨ ਨੇਕੀ, ਤੇ ਸੰਸਾਰ ਸੇਵਾ ਦੀ ਪੱਕੀ ਆਸ

---

1. ਭੇਖ ਦਿਖਾਇ ਜਗਤ ਕਉ ਲੋਗਨ ਕੋ ਬਸ ਕੀਨ ।
ਅੰਤ ਕਾਲ ਕਾਤੀ ਕਟਿਓ ਬਾਸ ਨਰਕ ਮਹਿ ਲੀਨ ।
ਯਥਾ:– ਕਹੇ ਕਓ ਡੰਡ ਕਰੇ ਮਨ ਮੂਰਖ ਡਿੰਭ ਕਰੇ ਆਪਣੀ ਪਤ ਖੋਵਹੇ ਹੈਂ
ਕਾਹੇ ਕਉ ਲੋਗ ਠਗੋ ਨਗ ਲੋਗਨ ਲੋਕ ਗਇਓ ਪ੍ਰਲੋਕ ਗਵੈ ਹੈ
ਦੀਨ ਦਯਾਲ ਕੀ ਠੌਰ ਜਹਾਂ ਤਿਸ ਠੌਰ ਬਿਖੇ ਤੋਹਿ ਠੋਰਨ ਐ ਹੈਂ :
ਚੇਤ ਰੇ ਚੇਤ ਅਚੇਤ ਮਹਾਂ ਪਸੁ ਭੇਖ ਕੀ ਕੀਨੋ ਅਲੇਖ ਨ ਪੈ ਹੈ ।
(ਦਸਮ ਗ੍ਰੰਥ)

ਰਖੀ ਜਾ ਸਕਦੀ ਹੈ । ਇਸ ਕਰਕੇ ਪਹਿਲੀ ਰਹਿਤ ਮਾਨਸਕ ਰਹਿਤ ਹੈ ।

ਸਿਖ ਮਨ ਨੇ ਸਭ ਤੋਂ ਪਹਿਲਾਂ ਇਹਨੂੰ ਮੰਨਣਾ ਹੈ ਕਿ ਉਹ ਜੋਤ ਸਵਰੂਪ ਹੈ ਉਸ ਦਾ ਨਿਜ ਆਪਾ ਜਗਤ ਜੀਵਨ ਸ੍ਰੀ ਵਾਹਿਗੁਰੂ ਜੀ ਦੇ ਆਪੇ ਦੀ ਅੰਸ਼ ਹੈ । ਪਰ ਉਸ ਦੇ ਇਸ ਇਮਾਨ ਨੂੰ ਥਿੜਕਾਉਣ ਲਈ ਕਦਮ ਕਦਮ ਤੇ ਮੁਖਾਲਿਫ ਅਵਾਜ਼ਾਂ ਯਤਨ ਕਰ ਰਹੀਆਂ ਹਨ । ਇਸ ਕਰਕੇ ਉਸ ਨੂੰ ਆਪਣੇ ਨਿਸਚੇ ਨੂੰ ਦ੍ਰਿੜ ਕਰਨ ਲਈ ਸਦਾ ਆਪਣੇ ਸਹੀ ਸਵਰੂਪ ਸ੍ਰੀ ਵਾਹਿਗੁਰੂ ਜੀ ਦੀ ਯਾਦ ਕਾਇਮ ਕਰਨੀ ਚਾਹੀਦੀ ਹੈ, ਜੋ ਅਜਿਹਾ ਕਰਨ ਤੋਂ ਬਿਨਾਂ ਮਨਮੁਖਾਂ ਦੀ ਸੰਗਤ ਤੋਂ ਪੈਦਾ ਹੋਈਆਂ ਆਵਾਜਾਂ ਸਹੀ ਨਿਸ਼ਾਨਿਆਂ ਤੋਂ ਥਿੜਕਾ ਦੇਣਗੀਆਂ । ਇਸ ਲਈ [1] ਗੁਰਮੁਖ ਹੋਇਆਂ ਹੀ ਇਹ ਨਿਸਚਾ ਦ੍ਰਿੜ ਰਹਿ ਸਕਦਾ ਹੈ । ਸਤਗੁਰਾਂ ਰਾਹੀਂ ਜਾਗੇ ਹੋਏ ਨਵੇਂ ਮਨੁਖ ਨੇ ਇਹ ਦ੍ਰਿੜ ਕਰਨਾ ਹੈ ਕਿ ਉਹ ਖੁਦ ਅਮਰ ਹੈ ਕਿ ਕਿਉਂ ਜੋ ਸਰਬ ਵਿਆਪਕ ਅਮਰ ਜੋਤੀ ਤੋਂ ਜਗੀ ਹੋਈ ਜੋਤ ਹੈ । ਇਹ ਨਿਸਚਾ ਤਾਂ ਹੀ ਪਰਪੱਕ ਰਹਿ ਸਕਦਾ ਹੈ, ਜੇ ਉਹ ਇਸ ਪਦ ਦਾ ਸਦਾ [2] ਸਿਮਰਨ ਕਰਦਾ ਰਹੇ । ਅਜਿਹਾ ਸਿਮਰਨ ਹੀ ਜੀਵਨ ਨੂੰ ਸਹੀ ਸਵਰੂਪ ਵਿਚ ਕਾਇਮ ਰੱਖ ਸਕਦਾ ਹੈ । ਜੇ ਇਹ ਪਦ ਭੁਲ ਜਾਏ, ਮਨੁਖ ਨਿਸ਼ਾਨੇ ਤੋਂ ਉੱਕ ਜਾਏ ਤਾਂ ਜੀਵਨ ਸਿਖਰ ਤੋਂ ਡਿਗ ਪੈਂਦਾ ਹੈ । ਉਹ ਸਰਬੋਤਮ, ਮਨੁਖ ਨਹੀਂ ਰਹਿੰਦਾ। ਉਸ ਦੀ ਪਤ ਨਹੀਂ ਪੈਂਦੀ, ਉਸਦਾ ਖਾਧਾ, ਪੀਤਾ,ਪਹਿਨਣਾ, ਥਾਏ ਨਹੀਂ ਪੈਂਦਾ। ਉਹ ਉਸ ਰਾਹੀ ਵਾਂਗ ਹੁੰਦਾ ਹੈ ਜੋ ਮੰਜ਼ਲ ਦੇ ਰਾਹ ਵਿਚ

1. ਇਸੁ ਕਾਇਆ ਅੰਦਰਿ ਬਹੁਤੁ ਪਸਾਰਾ ।
ਨਾਮੁ ਨਿਰੰਜਨੁ ਅਤਿ ਅਗਮ ਅਪਾਰਾ ।
ਗੁਰਮੁਖ ਹੋਵੈ ਸੋਈ ਪਾਏ ।
ਆਪੇ ਬਖਸਿ ਮਿਲਾਵਣਿਆ ।

*(ਮਾਝ ਮਹਲਾ ੩)*

2. ਜਪਿ ਮਨ ਸਿਰੀ ਰਾਮੁ । ਰਾਮ ਰਮਤ ਰਾਮ । ਸਤਿ, ਸਤਿ, ਰਾਮੁ ।
ਬੋਲਹੁ ਭਈਆ ਸਦਾ ਰਾਮ । ਰਾਮੁ ਰਾਮੁ ਰਵਿ ਰਹਿਆ ਸਰਬਗੇ ।

*(ਸਾਰੰਗ ਮਹਲਾ ੪)*

ਹੀ[1] ਠਗਿਆ ਜਾਵੇ । ਹੈ ਭੀ ਠੀਕ, ਮਨੁਖ ਮਨ ਜੇ ਆਪਣੇ ਸਹੀ ਸਵਰੂਪ ਤੋਂ ਭੁਲ ਜਾਵੇ ਤਾਂ ਫਿਰ ਓਸਦੀ ਜ਼ਿੰਦਗੀ ਕੇਵਲ ਪਸ਼ੂਆਂ ਵਾਂਗ ਹੀ ਖਾਨ, ਪਾਨ ਤੇ ਸੌਣ ਦੀ ਹੀ ਰਹਿ ਜਾਵੇਗੀ। ਉਹ ਸਹੀ ਅਰਥਾਂ ਵਿਚ ਪਸ਼ੂ ਹੀ ਰਹਿ ਜਾਵੇਗਾ, ਸਗੋਂ ਪਸ਼ੂ ਨਾਲੋਂ ਵੀ ਨੀਵਾਂ ਕਿਉਂ ਜੁ ਪਸ਼ੂ ਤਾਂ ਫਿਰ ਵੀ ਖਾਣਾ ਖਾਕੇ ਆਪਣਾ ਕਰਤਵ ਪੂਰਾ ਕਰਦਾ ਹੈ ਪਰ ਨਿਜ ਸਵਰੂਪ ਦੇ ਨਿਸ਼ਾਨੇ ਤੋਂ ਉਕਿਆ ਹੋਇਆ ਮਨੁਖ ਕਰਤਵ-ਹੀਨ ਹੋ ਜਾਂਦਾ ਹੈ । ਉਹ ਪਸ਼ੂ ਤੋਂ ਵੀ[2] ਨੀਵਾਂ ਹੋ ਜਾਂਦਾ ਹੈ। ਇਸ ਲਈ ਅੰਮ੍ਰਿਤਧਾਰੀ ਸਿਖ ਲਈ ਪਹਿਲੀ ਰਹਿਤ ਇਹ ਹੈ ਕਿ ਉਹ ਸਵੇਰੇ ਉਠੇ, ਇਕਾਗਰ ਚਿਤ ਪ੍ਰੇਮ ਸਹਿਤ ਆਪਣੇ ਨਿਜ ਸਵਰੂਪ ਸ੍ਰੀ ਵਾਹਿਗੁਰੂ ਦਾ ਧਿਆਨ ਕਰੇ । ਫਿਰ ਓਸ ਦੀ ਸਿਫ਼ਤ ਸਲਾਹ ਕਰੇ । ਇਹ ਜੀਵਨ ਦਾਤੀ ਯਾਦ ਸੰਧਿਆ ਸਮੇਂ ਤੇ ਸੌਣ[3] ਵੀ ਜਾਰੀ ਰਖੇ । ਇਸ ਨਿਜ ਸਵਰੂਪ ਜਗਤ ਜੀਵਨ ਸ੍ਰੀ ਵਾਹਿ-ਗੁਰੂ ਜੀ ਦੀ ਯਾਦ ਤੋਂ ਬਿਨਾਂ ਹੋਰ ਕਿਸੇ ਦਾ ਚਿਤਵਨ ਨਾ ਕਰੇ, ਕਿਉਂ ਜੁ ਉਹ ਸਾਰੇ ਉਸ ਤੋਂ ਨੀਵੇਂ ਹਨ । ਨੀਵੇਂ ਦਾ ਚਿਤਵਨ ਕਰਨਾ ਖੁਦ ਨੀਵੇਂ

---

1. ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ।
ਨਾਨਕ ਅਵਰੁ ਨ ਜੀਵੈ ਕੋਇ ।
ਜੇ ਜੀਵੈ ਪਤਿ ਲਥੀ ਜਾਇ ।
ਸਭੁ ਹਰਾਮੁ ਜੇਤਾ ਕਿਛੁ ਖਾਇ ।
ਰਾਜਿ ਰੰਗੁ ਮਾਲਿ ਰੰਗੁ ਰੰਗਿ ਰਤਾ ਨਚੈ ਨੰਗੁ ।
ਨਾਨਕ ਠਗਿਆ ਮੁਠਾ ਜਾਇ ।
ਵਿਣੁ ਨਾਵੈ ਪਤਿ ਗਇਆ ਗਵਾਇ ।

*(ਸਲੋਕ ਮਹਲਾ ੧ ਵਾਰ ਮਾਝ)*

2. ਪਸੂ ਮਿਲਹਿ ਚੰਗਿਆਈਆ ਖੜੁ ਖਾਵਹਿ ਅੰਮ੍ਰਿਤੁ ਦੇਹਿ ।
ਨਾਮ ਵਿਹੂਣੇ ਆਦਮੀ ਧ੍ਰਿਗੁ ਜੀਵਣ ਕਰਮ ਕਰੇਹਿ ।

3. ਗੁਰਸਿਖ ਰਹਤ ਸੁਣੋ ਰੇ ਮੀਤ । ਪ੍ਰਭਾਤੇ ਉਠ ਕਰ ਹਿਤ ਚੀਤ । ਵਾਹਿਗੁਰ ਗੁਰਮੰਤ੍ਰ ਸੋ ਜਾਪਿ । ਕਰ ਅਸ਼ਨਾਨ ਪੜ੍ਹੇ ਜਪ ਜਾਪ । ਸੰਧਿਆ ਸਮੇਂ ਸੁਣੇ ਰਹਿਰਾਸ । ਕੀਰਤਨ ਕਥਾ ਸੁਣ ਰਹਿਰਾਸ । ਇਨ ਮਹਿ ਨੇਮ ਜੋ ਏਕ ਕਰਾਇ । ਸੋ ਸਿਖ ਅਮਰਪੁਰੀ ਮਹਿ ਜਾਇ ।

*(ਰਹਿਤਨਾਮਾ ਭਾ: ਨੰਦ ਲਾਲ ਜੀ)*

ਪੁਨਾ: ਵਾਹਿਗੁਰੂ ਨਿਤ ਬਚਨ ਉਚਾਰੇ । ਵਾਹਿਗੁਰੂ ਕਉ ਹਿਰਦੇ ਧਾਰੇ ।

*(ਰਹਿਤਨਾਮਾ ਭਾ: ਦੇਸਾ ਸਿੰਘ ਜੀ)*

ਹੋਣਾ ਹੁੰਦਾ ਹੈ। ਸਿਮਰਨ ਨਾਲ ਰੌਸ਼ਨੀ ਅੰਦਰ ਆਉਂਦੀ ਹੈ । ਰੌਸ਼ਨੀ ਵਿਚ ਵਹਿਮ ਨਹੀ ਰਹਿ ਸਕਦੇ । ਇਸ ਕਰਕੇ ਵਹਿਮੀਆਂ ਵਾਲੀ ਕ੍ਰਿਆ[1] ਵੀ ਨਹੀਂ ਰਹਿਣੀ ਚਾਹਿਦੀ । ਕਿਉਂ ਜੁ ਇਸ ਕ੍ਰਿਆ ਦੇ ਅਧੀਨ ਹੋ ਮਨੁਖ ਇਕ ਨਸ਼ਾਨੇ ਤੋਂ ਉਖੜ, ਥਾਂ ਥਾਂ ਟੱਕਰਾਂ ਮਾਰਦਾ ਫਿਰਦਾ ਹੈ ਤੇ ਫਲ ਸਿਵਾਏ[2] ਮਾਯੂਸੀ ਦੇ ਕੁਝ ਹੁੰਦਾ ਨਹੀਂ। ਇਸ ਲਈ ਸਿੰਘ ਲਈ ਇਹ ਪ੍ਰਿਥਮ ਰਹਿਤ ਕਹੀ ਗਈ ਹੈ ਕਿ ਉਹ ਆਪਣਾ ਜੀਵਨ ਹਰ ਸਵੇਰ ਸ੍ਰੀ ਵਾਹਿਗੁਰੂ ਨਾਮ ਸਿਮਰਨ ਤੋਂ ਸ਼ੁਰੂ ਕਰੇ, ਤੇ ਬਾਹਰਲੇ ਵਿਕਾਰਮਈ ਖ਼ਿਆਲਾਂ ਨੂੰ ਰੋਕਣ ਲਈ ਗੁਰਬਾਣੀ ਦੇ ਪਾਠ ਕਰਨ ਦਾ ਸਦਾ ਨੇਮ ਬਣਾਈ ਰਖੇ ਅਤੇ ਜੇ ਹਰੀ[3] ਕੀਰਤਨ ਕਰੇ, ਸੁਣੇ, ਤਾਂ ਸਭ ਤੋਂ ਚੰਗਾ ਹੈ । ਇਸ ਹਰੀ ਨਾਮ ਸਿਮਰਨ ਅਤੇ ਗੁਰਬਾਣੀ ਦੇ ਪਾਠ ਤੇ ਕੀਰਤਨ ਦੁਆਰਾ ਚਮਕਾਇਆ ਹੋਇਆ ਜੀਵਨ ਜ਼ਿੰਦਗੀ ਨੂੰ ਸੰਜਮ ਵਿਚ ਬੰਨ੍ਹੇਗਾ ਤੇ ਸੰਜਮ ਰਹਿਤ ਹੋਇਆ ਹੋਇਆ ਦੁਖ ਰੂਪ ਮਨੁਖ ਵਾਸ਼ਨਾਵਾਂ ਨੂੰ ਸੁਖ ਦੀਆਂ ਸਹਾਈ ਲੋੜਾਂ ਬਣਾ ਦੇਵੇਗਾ । ਮਨੁਖ ਜੀਵਨ ਦੇ ਨਾਸ ਕਰਨ ਵਾਲੇ ਪੰਜ ਰੋਗ ਕਹੇ ਜਾਂਦੇ ਹਨ । ਇਹ ਹੈਨ ਵੀ ਇਤਨੇ ਬਲੀ ਕਿ ਇਨ੍ਹਾਂ ਵਿਚੋਂ ਇਕ ਇਕ ਜਿਸ[4]

SIKHBOOKCLUB.COM

---

1. ਗੁਰੂ ਕਾ ਸਿਖ, ਮੱਠ, ਬੁਤ, ਤੀਰਥ, ਦੇਵੀ, ਬਰਤ, ਪੂਜਾ, ਅਰਚਾ, ਮੰਤ੍ਰ, ਜੰਤ੍ਰ, ਪੀਰ, ਬ੍ਰਾਹਮਣ, ਪੁਛਨਾ, ਤਰਪਨ, ਗਾਇਤਰੀ, ਕਿਤੇ ਵਲ ਚਿਤ ਦੇਵੇ ਨਾਹੀਂ ।
*(ਰਹਿਤਨਾਮਾ ਭਾ: ਦਯਾ ਸਿੰਘ)*

2. ਦੋਏ ਦਰਪਨ ਦੇਖੈ ਏਕ ਸੇ ਅਨੂਪ ਰੂਪ
ਦੋਏ ਨਾਵ ਪਾਵ ਧਰੇ ਉਤਰੇ ਨਹੀ ਪਾਰ ਹੈ ।
ਦੋਏ ਦਿਸ਼ਾ ਗਹਿ ਗਹਾਏ ਸੈ ਹਾਥ ਪਾਵ ਟੂਟੈ
ਦੁਰਾਹੇ ਦੁਚਿਤ ਹੋਇ ਭੂਲ ਪਰਾਧਾਰ ਹੈ ।
ਦੋਏ ਭੂਪ ਜਾਂਕੇ ਨਾਵ ਪ੍ਰਜਾ ਨ ਸੁਖੀ ਬਸਿਹ
ਦੋਏ ਪੁਰਖਨ ਕੀ ਨਾ ਕੁਲਾ ਵਧੂ ਨਾਰ ਹੈ ।
ਗੁਰ ਸਿਖ ਹੋਏ ਆਨ ਦੇਵ ਸੇਵ ਟੇਵ ਗਹੇ
ਸਹੇ ਜਮਡੰਡ ਧ੍ਰਿਗੁ ਜੀਵਨ ਸੰਸਾਰ ਹੈ ।

3. ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ ।
ਕਹੁ ਨਾਨਕ ਤਿਸੁ ਭਇਓ ਪ੍ਰਾਪਤਿ ਤਿਸੁ ਪੁਰਬ ਲਿਖੇਕਾ ਲਹਨਾ ।

4. ਮ੍ਰਿਗ, ਮੀਨ, ਭ੍ਰਿੰਗ, ਪਤੰਗ, ਕੁੰਚਰ ਏਕ ਦੋਖ ਬਿਨਾਸ ।
ਪੰਚ ਦੋਖ ਅਸਾਧ ਜਾਮਹਿ ਤਾਕੀ ਕੇਤਕ ਆਸ ।

ਪਸ਼ੂ ਵਿਚ ਹੋਵੇ ਉਸ ਨੂੰ ਮਾਰ ਲੈਂਦਾ ਹੈ । ਪਰ ਮਨੁਖ ਵਿਚ ਪੰਜੇ ਹਨ । ਪਰ ਇਨ੍ਹਾਂ ਪੰਜਾਂ ਹੀ ਰੋਗਾਂ ਨੂੰ ਗੁਰਮਤ ਅਨੁਸਾਰ ਧਾਰੀ ਹੋਈ ਰਹਿਤ, ਗੁਣਾਂ ਵਿਚ ਬਦਲ ਦੇਂਦੀ ਹੈ । ਵੇਰਵਾ ਇਉਂ ਹੈ :-

## ਗ੍ਰਹਿਸਤ ਤੇ ਵਿਕਾਰ-

ਜੋ ਸ਼ਕਤੀ ਮਨੁਖ ਸਰੀਰਕ ਜੀਵਨ ਵਿਚ ਸੰਸਾਰ ਰਚਨਾ ਹਿਤ ਪੈਦਾ ਕੀਤੀ ਗਈ ਹੈ, ਇਸ ਦੀ ਸੰਜਮ ਸਹਿਤ ਵਰਤੋਂ ਹੀ ਜਗਤ ਨੂੰ ਕਾਇਮ ਰਖਦੀ ਹੈ । ਮਨੁਖ ਸਮਾਜ ਨੂੰ ਬਣਾਂਦੀ ਹੈ । ਇਸ ਲਈ ਸਤਗੁਰਾਂ ਨੇ ਅੰਮ੍ਰਿਤਧਾਰੀ ਸਿਖ ਲਈ[1] ਗ੍ਰਹਸਤੀ ਜੀਵਨ ਦੀ ਸਫ਼ਾਰਸ਼ ਕੀਤੀ ਹੈ । ਇਹ ਜੀਵਨ ਸਨਿਆਸ ਦੇ ਜੀਵਨ ਤੋ ਓਚੇਰਾ ਹੈ । ਕਿਉਂ ਜੁ ਅਤੀਤ ਸੰਸਾਰਕ ਜ਼ਿਮਾਵਾਰੀਆਂ ਤੋਂ ਘਬਰਾਕੇ ਨੱਸੇ ਹੋਏ ਕਾਇਰ ਦਾ ਨਾਮ ਹੈ । ਗ੍ਰਹਿਸਤੀ ਜ਼ਿਮਾਵਾਰੀਆਂ ਨੂੰ ਮੋਢੇ ਤੇ ਲੈਂਦਾ ਹੈ ਤੇ ਜਿਸ ਤਰ੍ਹਾਂ ਇਸ ਨੂੰ ਕਿਸੇ ਜੰਮਿਆਂ ਤੇ ਪਾਲਿਆ ਸੀ, ਉਸੇ ਨੂੰ ਜੰਮ ਪਾਲ ਕੇ ਸਮਾਜ ਦਾ ਰਿਣ ਅਦਾ ਕਰਦਾ ਹੈ । ਇਹ ਅਰਿਣੀ ਜੀਵਨ ਹੈ । ਇਸ ਵਿਚ ਰਹਿੰਦਿਆਂ ਹੀ ਸੇਵਾ ਤੇ ਉਪਕਾਰ ਦੀ ਜਾਚ ਆਉਂਦੀ ਹੈ । ਗੁਰਮਤ ਏਸ ਨੂੰ[2] ਸਰਬੋਤਮ ਜੀਵਨ ਕਹਿੰਦੀ ਹੈ । ਪਰ ਗੁਰਮਤ ਤੋਂ ਉਕਿਆ ਤੇ ਕੁਰਾਹੇ ਪਿਆ ਹੋਇਆ

---

1. ਹੋ ਸਕਦਾ ਕਿ ਕੋਈ ਸਿਖ ਹਾਲਤ ਦੇ ਅਨੁਸਾਰ ਯਾ ਸੇਵਾ ਦੇ ਰੁਝੇਵੇਂ ਕਰ ਕੇ ਗ੍ਰਹਿਸਤੀ ਨ ਹੋ ਸਕੇ, ਪਰ ਗੁਰਸਿਖੀ ਵਿਚ ਇਸ ਮਜਬੂਰੀ ਨੂੰ ਕੋਈ ਗੁਣ ਨਹੀਂ ਸਮਝਿਆ ਗਿਆ। ਵਿਸ਼ੇਸ਼ ਗ੍ਰਹਿਸਤ ਜੀਵਨ ਨੂੰ ਹੀ ਕਿਹਾ ਗਿਆ ਹੈ । ਗੁਰੂ ਸਾਹਿਬ ਆਪ ਵੀ ਗ੍ਰਹਿਸਤੀ ਸਨ ।
2. ਜੈਸੇ ਸਰ ਸਰਤਾ ਸਗਲ ਮਹਿ ਸਮੁੰਦ ਬਡਹੁ
ਮੇਰ ਮਹਿ ਸੁਮੇਰ ਬਡਹੁ ਜਗਤ ਬਖਾਨ ਹੈ ।
ਤਰਵਰ ਵਿਖੇ ਜੈਸੇ ਚੰਦਨ ਬਿਰਖ ਬਡਹੁ
ਧਾਤਨ ਮਹਿ ਕਮਨ ਅਤ ਉਤਮ ਕੇ ਮਾਨ ਹੈ ।
ਪੰਛਨ ਮਹਿ ਹੰਸ ਮ੍ਰਿਗਰਾਜਨ ਮਹਿ ਸ਼ਾਰਦੂਲ,
ਰਾਗਨ ਮਹਿ ਸ੍ਰੀ ਰਾਮ ਪਾਰਸ ਪਖਾਨ ਹੈ ।
ਗਿਆਨਨ ਮਹਿ ਗਿਆਨ ਅਰ ਧਿਆਨਨ ਮਹਿ ਧਿਆਨ ਗੁਰ
ਸਗਲ ਧਰਮ ਮਹਿ ਗ੍ਰਹਿਸਤ ਪ੍ਰਧਾਨ ਹੈ ।

*(ਭਾਈ ਗੁਰਦਾਸ ਜੀ)*

ਸੰਜਮ-ਰਹਿਤ ਜੀਵਨ, ਇਸ ਜਗਤ ਮਰਯਾਦਾ ਨੂੰ ਕਾਇਮ ਰਖਣ ਵਾਲੀ ਵਡਮੁਲੀ ਸ਼ਕਤੀ ਨੂੰ ਵੇਕਾਰ ਵਿਚ ਬਦਲ[1] ਦੇਂਦਾ ਹੈ । ਇਸ ਕਰਕੇ ਰਹਿ-ਤਵਾਨ ਸਿਖ ਨੂੰ ਤਾਕੀਦ ਕੀਤੀ ਗਈ ਕਿ ਉਹ ਨਿਜ ਇਸਤ੍ਰੀ ਜਾਂ ਪੁਰਸ਼ ਤੋਂ ਬਿਨਾਂ ਹੋਰ ਜਗਤ ਦੀਆਂ ਇਸਤ੍ਰੀਆਂ ਤੇ ਮਨੁਖਾਂ ਨੂੰ ਮਾਂ ਭੈਣ, [2] ਪੁਤਰੀ ਯਾ ਪਿਤ ਭਰਾ ਜਾਂ ਪੁਤਰ ਕਰ ਸਮਝੇ । ਆਪਣੀ ਇਸਤ੍ਰੀ ਯਾ ਪੁਰਸ਼ ਤੋਂ ਬ਼ਗੈਰ ਕਿਸੇ ਦੂਸਰੀ ਇਸਤ੍ਰੀ ਨਾਲ ਜਿਨਸੀ ਤਅਲੁਕ ਕਾਇਮ ਕਰਨਾ ਰਹਿਤਹੀਨ ਹੋ ਜਾਣਾ ਹੈ । ਇਸ ਲਈ ਰਹਿਤਵਾਨ ਸਿਖ ਨੂੰ ਇਸ ਜੱਗ ਦਾ ਹਰ ਵੇਲੇ ਖਿਆਲ ਰਖਣਾ ਪਏਗਾ ਕਿ ਉਹ ਅਸੰਜਮੀ ਹੋ, ਰਹਿਤ ਤੋਂ ਗਿਰ, ਮਨੁਖੀ ਜੀਵਨ ਨਾ ਖੋਹ ਬਹੇ ।

ਸਿਖ ਜੀਵਨ ਚੂੰਕਿ ਅਮਲੀ ਜੀਵਨ ਹੈ, ਇਸ ਕਰਕੇ ਇਸ ਵਿਚ ਕਦਮ ਕਦਮ ਤੇ ਜੀਵਨ ਦੇ ਅਮਲੀ ਪਹਿਲੂਆਂ ਵਲ ਧਿਆਨ ਦਿਵਾ-ਇਆ ਗਿਆ । ਨਿਜ ਨਾਰੀ ਜਾਂ ਪੁਰਸ਼ ਤਿਆਗ, ਪਰ ਨਾਰੀ ਯਾ ਪੁਰਖ ਦਾ ਸੰਗ, ਸਿਖ ਲਈ ਕੁਰਹਿਤ ਹੈ ਪਰ[3] ਮੁਸਲੀ ਦਾ ਸੰਗ ਉਸ ਨੂੰ ਪਤਿਤ

SIKHBOOKCLUB.COM

1. ਹੇ ਕਾਮੰ ਨਰਕ ਬਿਸਰਾਮੰ ।
2. ਨਿਜ ਨਾਰੀ ਕੇ ਸੰਗ ਨੇਹੁ ਤੁਮ ਨਿਤ ਬਢਈਓ ।
ਪਰ.ਨਾਰੀ ਕੀ ਸੇਜ ਭੂਲ ਸੁਪਨੇ ਹੂ ਨ ਜਈਓ ।
ਪੁਨਾ:- ਪਰ ਬੇਟੀ ਕੋ ਬੇਟੀ ਜਾਨ । ਪਰ ਇਸਤ੍ਰੀ ਕੋ ਮਾਤ ਬਿਖਾਨੇ ।
ਆਪਨੀ ਇਸਤ੍ਰੀ ਸਿਓ ਰਤ ਹੋਈ । ਰਹਿਤ ਵਾਨ ਗੁਰ ਕਾ ਸਿੰਘ ਸੋਈ ।
*(ਭਾਈ ਦੇਸਾ ਸਿੰਘ ਜੀ)*
3. ਪੰਜਾਬ ਵਿਚ ਆਮ ਤੌਰ ਤੇ ਪੇਸ਼ਾਵਰ ਔਰਤਾਂ ਮੁਸਲਮਾਨੀਆਂ ਹੁੰਦੀਆਂ ਹਨ । ਇਸਦੇ ਮੁਤਅੱਲਕ ਕਰੜੀ ਸ਼ਰਤ ਲਗਾਣ ਤੋਂ ਇਹ ਪਤਾ ਲਗਦਾ ਹੈ ਕਿ ਪੇਸ਼ਾਵਰ ਇਸਤ੍ਰੀਆਂ ਦੇ ਸੰਗ ਤੋਂ ਬਚਣ ਦੀ ਸਖਤ ਪਾਬੰਦੀ ਹੈ, ਕਿਉਂ ਕਿ ਇਨ੍ਹਾਂ ਦੇ ਜਾਲ ਵਿਚ ਫਸ ਕੇ ਗਿਰ ਜਾਣਾ ਸੁਖੈਨ ਹੈ । ਇਸ ਵਾਸਤੇ ਇਸ ਰੋਗ ਨੂੰ ਵਡਾ ਰੋਗ ਜਾਣ ਇਸ ਤੋਂ ਪਰਹੇਜ਼ ਵੀ ਸਖਤ ਕਰਨ ਦਾ ਹੁਕਮ ਦਿਤਾ ਗਿਆ ਹੈ । ਚੁਨਾਂਚਿ ਭਾਈ ਦੇਸਾ ਸਿੰਘ ਦੇ ਰਹਿਤਨਾਮੇ ਤੋਂ ਇਹ ਗੱਲ ਬਿਲਕੁਲ ਸਪਸ਼ਟ ਹੈ :-
ਮੁਸਲੀ ਡੂਮਨ, ਦੂਤੀ, ਚਲੀ ਵਿਭਚਾਰ ਨ ਜੋ ਫਿਰੇ ਅਕੇਲੀ ।
ਅਵਰ ਜੋ ਆਨ ਵਰਨ ਕੀ ਨਾਰ, ਇਨ ਸਿਓ ਸਿੰਘ ਨਾ ਕਰੇ ਪਿਆਰ ।
ਦੂਸਰੀ ਗੱਲ ਇਹ ਵੀ ਸੀ ਕਿ ਇਸ ਕਿਸਮ ਦੀਆਂ ਵਿਭਚਾਰਨ ਔਰਤਾਂ ਆਪਣੇ ਜਾਲ ਵਿਚ ਫਸਾ ਬਹੁਤ ਵਾਰ ਕਾਮਾਤਰ ਮਨੁਖਾਂ ਨੂੰ ਮੁਸਲਮਾਨ ਮਤ ਵਿਚ ਪ੍ਰਵਿਰਤ ਹੋਣ
(ਬਾਕੀ ਦਾ ਫ਼ੁਟਨੋਟ ਅਗਲੇ ਸਫ਼ੇ ਤੇ)

ਕਰ ਦੇਂਦਾ ਹੈ, ਜਿਸ ਕਰਕੇ ਉਹ ਜਦ ਤਕ ਫਿਰ ਯਗ ਡੰਡ ਭਰ, ਪੰਜਾਂ ਪਿਆਰਿਆਂ ਨੂੰ ਆਪਣੇ ਆਇੰਦਾ ਨੇਕ ਰਹਿਣ ਦਾ ਯਕੀਨ ਕਰਾ, ਦੋਬਾਰਾ ਅੰਮ੍ਰਿਤ ਨਾ ਛਕ ਲਏ ਉਹ ਪੰਥ ਵਿਚੋਂ ਖਾਰਜ ਹੋ ਜਾਵੇਗਾ ।

## ਸਵੈ ਸਤਿਕਾਰ ਤੇ ਹੰਕਾਰ

ਜੀਵਨ ਦੇ ਦੋ ਭੇਦ ਹਨ । ਇਕ ਹੈ ਓਸ ਸਵੈ ਸ੍ਵਰੂਪ ਨੂੰ ਜਾਨਣਾ, ਤੇ ਦੂਜਾ ਹੈ ਭੁਲੇਖੇ ਵਿਚ ਪੈ ਓਸ ਦਾ ਝੂਠਾ ਮਦ ਪੈਦਾ ਕਰ ਲੈਣਾ । ਸਿੰਘ ਜੀਵਨ ਵਿਚ ਮਨੁੱਖ ਨੂੰ ਜਗਤ ਜੀਵਨ ਪ੍ਰਭੂ ਦੀ ਜੋਤ ਦਸਿਆ ਗਿਆ ਹੈ । ਇਸ ਲਈ ਉਹ ਆਪੇ ਨੂੰ ਜਿਤਨਾ ਵੀ ਉੱਚਾ ਤੇ ਸੁੱਚਾ ਸਮਝੇ, ਉਤਨਾ ਹੀ ਥੋੜਾ ਹੈ; ਪਰ ਜਦੋਂ ਮਨੁਖ ਨਿਜ ਆਪੇ ਨੂੰ ਜਗਤ ਜੀਵਨ ਜੋਤ ਦੀ ਅੰਸ

---

(ਪਿਛਲੇ ਸਫ਼ੇ ਦਾ ਬਾਕੀ ਫੁਟਨੋਟ)

ਲਈ ਵੀ ਪ੍ਰੇਰ ਲੈਂਦੀਆਂ ਸਨ । ਤੀਜੀ ਤੇ ਸਭ ਤੋਂ ਬੜੀ ਗੱਲ ਇਹ ਮਾਲੂਮ ਹੁੰਦੀ ਹੈ ਕਿ ਚੂੰਕਿ ਉਸ ਵਕਤ ਦੀ ਮੁਸਲਮਾਨ ਹਕੂਮਤ ਦੇ ਕਰਮਚਾਰੀਆਂ ਵਿਚੋਂ ਕਈ ਇਕ ਗੈਰਮੁਸਲਿਮ ਔਰਤਾਂ ਦਾ ਜਬਰਨ ਸਤ ਭੰਗ ਕਰਦੇ ਸਨ, ਇਸ ਲਈ ਉਨ੍ਹਾਂ ਦੀਆਂ ਕਰਤੂਤਾਂ ਤੋਂ ਕ੍ਰੋਧ ਵਿਚ ਆਏ ਹੋਏ ਸਿੰਘਾਂ ਤੋਂ ਇਹ ਆਸ ਕੀਤੀ ਜਾ ਸਕਦੀ ਸੀ ਕੀ ਸ਼ਾਇਦ ਉਹ ਬਦਲਾ ਲੈਣ ਦੀ ਸਪਿਰਟ ਕਰਕੇ ਏਸ ਦੁਰਾਚਾਰ ਵਿਚ ਪ੍ਰਵਿਰਤ ਹੋ ਜਾਣ । ਚੁਨਾਂਚਿ ਸੂਰਜ ਪ੍ਰਕਾਸ਼ ਵਿਚ ਏਸ ਗੱਲ ਦਾ ਜਿਕਰ ਆਇਆ ਵੀ ਹੈ–

ਪੁਨਊਨ ਸਿੰਘਣ ਬੂਝਹ ਗੁਣ ਖਾਨੀ । ਬਿੰਦ ਤੁਰਕ ਭੋਗੇ ਹਿੰਦਵਾਨੀ ।<br>
ਸਿਖ ਬਦਲਾ ਲੈ ਭਲਾ ਜਨਾਏ । ਕਿਉਂ ਗੁਰ ਸ਼ਾਸਤਰ ਵਰਜ ਹਟਾਏ ।

ਇਸ ਪ੍ਰਸ਼ਨ ਦਾ ਉੱਤਰ ਸਤਿਗੁਰਾਂ ਇਉਂ ਦਿਤਾ:–

ਸੁਣ ਸਤਗੁਰ ਬੋਲੇ ਤਿਸ ਵੇਰੇ । ਹਮ ਲੈ ਜਾਨੋ ਪੰਥ ਉਚੇਰੇ ।<br>
ਨਹੀ ਅਧੋਗਤ ਵਿਖੇ ਪੁਚਾਵੇਂ । ਜਾਂ ਤੇ ਕਲਮਲ ਕਰਨ ਹਟਾਵੇਂ ।<br>
ਨਹੀਂ ਨੀਚਨ ਕੀ ਰੀਤ ਅਭੇਰੀ। ਪਿਖ ਅਪਮਾਨ ਕਰੇ ਸਭ ਵੇਰੀ ।

(ਨੋਟ) ਕਿਉਂਕਿ ਮਨੁਖ ਸਮਾਜ ਵਿਚ ਕੇਵਲ ਇਸਤ੍ਰੀਆਂ ਹੀ ਰੂਪ ਦਾ ਵਣਜ ਕਰਦੀਆਂ ਹਨ, ਇਸ ਕਰਕੇ ਇਹ ਨਿਯਮ ਕੇਵਲ ਮਰਦ ਸਿਖ ਲਈ ਹੀ ਬਣਾਇਆ ਗਿਆ ਹੈ । ਇਸ ਤੋਂ ਸਪਸ਼ਟ ਹੈ ਕਿ ਬਜ਼ਾਰੀ ਔਰਤ ਦੇ ਰੂਪ ਦੇ ਅਧੀਨ ਹੋ, ਦੁਰਾਚਾਰਨੀ ਵੇਸਵਾ ਦੇ ਜਾਲ ਵਿਚ ਫਸਣ ਤੋਂ ਬਚਣਾ ਤੇ ਦੁਰਾਚਾਰੀ ਦੁਸ਼ਮਨਾਂ ਦੀਆਂ ਭੈੜੀਆਂ ਕਰਤੂਤਾਂ ਤੋਂ ਕ੍ਰੋਧਾਤਰ ਹੋ, ਬਦਲਾ ਲੈਣ ਦੇ ਖਿਆਲ ਨਾਲ ਉਹਨਾਂ ਦੀਆਂ ਇਸਤ੍ਰੀਆਂ ਦੇ ਸਤ ਭੰਗ ਕਰਨ ਦਾ ਪਾਪ ਨਹੀਂ ਕਰਨਾ। ਇਹ ਇਤਫਾਕ ਦੀ ਗੱਲ ਸੀ ਕਿ ਰਹਿਤਨਾਮੇ ਲਿਖਣ ਸਮੇਂ, ਤੇ ਦੇਸ ਵਿਚ ਇਸ ਸ਼੍ਰੇਣੀ ਦੀਆਂ ਔਰਤਾਂ ਮੁਸਲਮਾਨ ਸਨ । ਇਸ ਨਿਯਮ ਦੀ ਪਾਲਣਾ ਇਸ ਕਿਸਮ ਦੀ ਹਰ ਇਕ ਔਰਤ ਤੋਂ ਕਰਨੀ ਹੈ, ਚਾਹੇ ਉਹ ਕਿਸੇ ਵੀ ਮਜ਼ਹਬ ਯਾ ਦੇਸ਼ ਦੀ ਕਿਉਂ ਨਾ ਹੋਵੇ ।

ਜਾਨਣ ਤੋਂ ਉਖੱੜ, ਕੇਵਲ ਸਰੀਰ ਤੇ ਉਸਦੇ ਭੋਗਾਂ ਨੂੰ ਹੀ ਆਪਾ ਜਾਣ ਲੈਂਦਾ ਹੈ, ਤਾਂ ਉਸ ਵਿਚ ਝੂਠਾ ਮਦ ਪੈਦਾ ਹੋ ਜਾਂਦਾ ਹੈ । ਉਹ ਫਿਰ ਅਮਰ ਜੀਵਨ ਤੇ ਸੱਚਾ ਨਾਜ਼ ਕਰਨ ਦੀ ਥਾਂ ਅਨਿਸਥਿਰ ਸਰੀਰ ਤੇ ਉਸ ਦੇ ਝੂਠੇ ਭੋਗਾਂ ਦਾ ਅਭਿਮਾਨ ਕਰਨ ਲਗ ਪੈਂਦਾ ਹੈ । ਇਹ ਅਭਿਮਾਨ ਮਨੁਖ ਦੇ ਆਪਣੇ ਲਈ ਤੇ ਉਸ ਦੇ ਨਾਲ ਵਰਤਣ ਵਾਲੇ ਦੂਜੇ ਮਨੁਖਾਂ ਲਈ ਭਾਰੇ ਦੁਖ ਦਾ ਕਾਰਨ ਹੁੰਦਾ ਹੈ। ਸਤਿਗੁਰਾਂ ਨੇ ਏਸ ਨੂੰ[1] ਦੀਰਘ ਰੋਗ ਕਿਹਾ ਹੈ ਤੇ ਏਸ ਦੇ ਰੋਗ ਦੇ ਰੋਗੀ ਨੂੰ ਦੂਜਿਆਂ ਦਾ ਅਪਮਾਨ ਕਰਕੇ ਉਨ੍ਹਾਂ ਕੋਲੋਂ ਭੈ ਤੇ ਉਨ੍ਹਾਂ ਦੇ ਹਰ ਵਕਤ ਜਵਾਬੀ ਚੋਟ ਕਰਨ ਦਾ ਭਰਮ ਬਣਿਆ ਰਹਿੰਦਾ ਹੈ । ਇਸ ਹਉਮੈ ਤਿਆਗਣ ਨਾਲ ਹੀ ਮਨੁਖ ਦੇ ਭਰਮ ਭਉ ਕਟੇ ਜਾ ਸਕਦੇ ਹਨ । ਉਹ ਨਿਹਕੇਵਲ ਜੀਵਨ ਲੈ ਸਕਦਾ ਹੈ । ਉਸ ਦਾ ਜਨਮ ਮਰਨ ਦਾ[2] ਸਹਿਸਾ ਚੁਕ ਜਾਂਦਾ ਹੈ । ਅਸਲ ਵਿਚ ਮਿਥਿਆ ਹੰਕਾਰ ਮਨੁਖ ਜੀਵਨ ਲਈ ਚੰਦਰਮਾਂ ਤੇ ਛਾ ਰਹੀ ਕਾਲੀ ਘਟ ਵਾਂਗ ਹੁੰਦਾ ਹੈ । ਜਿਸ ਤਰ੍ਹਾਂ ਘਟ ਚੰਦ ਦੀ ਚਾਂਦਨੀ ਨੂੰ ਮਾਤ ਪਾ ਦੇਂਦੀ ਹੈ, ਏਸੇ ਤਰ੍ਹਾਂ ਹੀ ਹੰਕਾਰ ਮਨੁਖ ਦੇ ਜੀਵਨ ਜੋਤੀ ਦੇ ਪ੍ਰਕਾਸ਼ ਨੂੰ ਨਿੰਮ੍ਹਾਂ ਕਰ ਦੇਂਦਾ ਹੈ । ਇਸ ਕਰਕੇ ਉਸ ਦੇ ਧੁੰਦਲੇ ਜੀਵਨ ਵਿਚ ਕਾਮ, ਕ੍ਰੋਧ, ਝੂਠ, ਨਿੰਦਾ, ਕਾਮਨਾ, ਮੋਹ, ਤੇ ਮਾਇਆ ਦਾ ਲਾਲਚ ਆ ਜਾਂਦਾ ਹੈ । ਜੇ ਇਕ ਹੰਕਾਰ ਛਡ ਦੇਵੇ ਤਾਂ ਤਮਾਮ ਬੁਰਾਈਆਂ ਦੂਰ ਹੋ ਸਕਦੀਆਂ ਹਨ ਤੇ ਉਸ ਨੂੰ ਮਾਇਆ ਦੇ ਪਸਾਰੇ ਵਿਚੋਂ ਹੀ[3] ਮਾਲਕ ਦਾ ਜਲਵਾ ਦਿਸ ਆਉਂਦਾ ਹੈ । ਸਤਗੁਰਾਂ ਫੁਰਮਾਇਆ ਹੈ ਕਿ ਹੰਕਾਰ ਕਰਨ ਵਾਲੇ ਤੋਂ ਕਰਤਾਰ ਭਿੰਨ[4] ਰਹਿੰਦਾ ਹੈ । ਸਤਗੁਰੂ ਸਿਖ ਦਾ ਹਉਮੈ ਰੋਗ ਮਿਟਾਂਦੇ

---

1. ਹਉਮੈ ਦੀਰਘ ਰੋਗ ਹੈ ਦਾਰੂ ਭੀ ਇਸ ਮਾਹਿ ।
2. ਭ੍ਰਮੁ ਭਉ ਕਾਟਿ ਕੀਏ ਨਿਹਕੇਵਲ, ਜਬ ਤੇ ਹਉਮੈ ਮਾਰੀ ।
   ਜਨਮ ਮਰਣ ਕਉ ਚੂਕੋ ਸਹਸਾ ਸਾਧ ਸੰਗਤਿ ਦਰਸਾਰੀ ।
3. ਪਰਹਰਿ ਕਾਮ, ਕ੍ਰੋਧ, ਝੂਠੁ, ਨਿੰਦਾ, ਤਜਿ ਮਾਇਆ ਅਹੰਕਾਰੁ ਚੁਕਾਵੈ ।
   ਤਜਿ ਕਾਮੁ, ਕਾਮਿਨੀ ਮੋਹੁ ਤਜੈ ਤਾਂ ਅੰਜਨ ਮਾਹਿ ਨਿਰੰਜਨੁ ਪਾਵੈ ।
4. ਜੇ ਜੇ ਬਾਤ ਕਰਤ ਹੰਕਾਰਾ । ਤਿਨ ਤੇ ਭਿਨ ਰਹਤ ਕਰਤਾਰਾ ।

(ਦਸਮ ਗ੍ਰੰਥ)

ਹਨ, ਉਹ ਉਸ ਦੇ [1] ਤਬੀਬ ਹਨ । ਇਸੇ ਵਾਸਤੇ ਹੀ ਖਾਲਸੇ ਨੂੰ ਅਭਿ-ਮਾਨ[2] ਤਿਆਗਣ ਦਾ ਹੁਕਮ ਹੈ । ਸੋ ਖਾਲਸੇ ਨੇ ਆਪਣੇ ਆਪ ਨੂੰ ਭੋਗਾਂ ਦਾ ਸਾਧਨ ਸਰੀਰ ਸਮਝ, ਝੂਠੇ ਅਭਿਮਾਨ ਵਿਚ ਪ੍ਰਵਿਰਤ ਨਹੀਂ ਹੋਣਾ ਤੇ ਜਗਤ ਨਾਲ ਮਿੱਠਾ ਰਹਿਣਾ ਹੈ । ਪਰ ਜਿਥੇ ਸਵੈ-ਸਤਕਾਰ ਦਾ ਸੁਆਲ ਆਵੇ ਉਥੇ ਪੂਰਾ ਪੂਰਾ ਡਟਣਾ ਹੈ । ਕਿਉਂ ਜੁ ਸੰਤਾਂ ਦਾ ਉਭਾਰਨਾ, ਦੁਸ਼ਟਾਂ ਦਾ ਗਾਲਨਾ, ਧਰਮ ਦੀ ਥਾਪਨਾ ਤੇ ਤਾਪਦਾ ਨਾਸ ਕਰਨਾ ਹੀ ਖਾਲਸੇ ਦਾ ਜੀਵਨ-ਮਨੋਰਥ ਹੈ । ਇਸ ਲਈ ਜਿਥੇ ਸੰਤਾਂ ਅਗੇ ਨਿਮ੍ਰਤਾ ਤੇ ਧਰਮੀਆਂ ਨਾਲ ਅਧੀਨਗੀ ਵਰਤਣੀ ਹੈ ਉਥੇ ਦੁਸ਼ਟ ਨਾਲ ਤੇਜ਼ ਅੜੇ ਪਾਪੀਆਂ ਨਾਲ ਕਰਾਰੇ ਹਥ ਵਰਤਣੇ ਹਨ ਖਾਲਸੇ ਨੇ ਜੀਵਨ ਦੇ ਨਿਕੇ ਤੋਂ ਨਿਕੇ ਪਹਿਲੂ ਵਿਚ ਵੀ ਇਹ ਖਿਆਲ ਰਖਣਾ ਹੈ ਕਿ ਨਾ ਉਹ ਹੰਕਾਰੀ ਹੋਵੇ, ਕਿਉਂਕਿ ਹੰਕਾਰੀ ਸਫ਼ਲ ਨਹੀਂ, ਤੇ ਨਾ ਹੀ ਉਹ ਸਵੈ ਸਤਕਾਰ ਤੋਂ ਗਿਰਿਆ ਹੋਇਆ ਕਾਇਰ ਹੋਵੇ, ਕਿਉਂ ਜੁ ਕਾਇਰ ਕਮੀਨਾ ਹੈ । ਸਿੰਘ ਨੇ ਸਵੈ ਸਤਕਾਰ ਨੂੰ ਹਾਨੀ ਨਹੀਂ ਪੁਜਣ ਦੇਣੀ । ਖਾਲਸਾ ਚਲਨ ਵਿਚ ਜਿਥੇ ਸਿਖ ਨੂੰ ਹਉਮੈ ਤੋਂ ਬਚਣ ਦੀ ਪੈਰ ਪੈਰ ਤੇ ਤਾਕੀਦ ਕੀਤੀ ਗਈ ਹੈ ਉਥੇ ਸਵੈ ਸਤਕਾਰ ਕਾਇਮ ਰਖਣ ਵਲ ਵੀ ਕਾਫ਼ੀ ਇਸ਼ਾਰੇ ਹਨ । ਜਿਹਾ ਕਿ ਇਬ੍ਰਹੀਮੀ ਸੁਨੱਤ ਨਾਲ ਜ਼ਿਬਹਾ ਕੀਤਾ ਹੋਇਆ ਮਾਸ[3] (ਕੁਠਾ) ਖਾਣਾ

1. ਹਉਮੈਂ ਰੋਗ ਮਿਟਾਇੰਦਾ ਸਤਗੁਰ ਪੂਰਾ ਕਰੇ ਤਬੀਬੀ ।
2. ਖਾਲਸਾ ਸੋਈ ਜੋ ਮਾਨ ਕੋ ਤਿਆਗੇ ।

*(ਰਹਿਤ ਨਾਮਾ ਭਾ: ਨੰਦ ਲਾਲ ਜੀ)*

3. ਦੁਨੀਆਂ ਵਿਚ ਮਾਂਸ ਅਹਾਰੀ ਲੋਕ ਮੁਖਤਲਿਫ ਤਰੀਕਿਆਂ ਨਾਲ ਜਾਨਵਰ ਨੂੰ ਜ਼ਿਬਹ ਕਰਦੇ ਹਨ । ਇਨ੍ਹਾਂ ਵਿਚੋਂ ਇਕ ਤਰੀਕਾ, ਯਹੂਦੀਆਂ ਤੇ ਮੁਸਲਮਾਨਾਂ ਦਾ ਹੈ । ਉਹ ਆਪਣੇ ਤਰੀਕੇ ਨੂੰ ਇਬਰਾਹੀਮ ਤੋਂ ਚਲੀ ਹੋਈ ਸੁਨਤ ਦਾ ਤਰੀਕਾ ਦਸਦੇ ਹਨ । ਅਜਿਹਾ ਦਸਣਾ ਉਨ੍ਹਾਂ ਦਾ ਹਕ ਹੈ ਪਰ ਤਅੱਸੁਬ ਦੀ ਗਲ ਇਹ ਹੈ ਕਿ ਉਹ ਸਿਰਫ ਇਸ ਤਰੀਕੇ ਨਾਲ ਕੱਟੇ ਹੋਏ ਮਾਸ ਨੂੰ ਹਰਾਮ ਸਮਝਦੇ ਤੇ ਕਹਿੰਦੇ ਹਨ । ਹਿੰਦੁਸਤਾਨ ਵਿਚ ਤਾਂ ਇਹ ਤਅੱਸੁਬ ਏਥੋਂ ਦਾ ਮੁਸਲਮਾਨ ਕਿਸੀ ਆਬਾਦੀ ਵਿਚ ਬਣੇ ਹੋਏ ਠਾਕਰਦੁਆਰੇ ਅੰਦਰ ਹੋ ਰਹੀ ਬੁਤ ਪ੍ਰਸਤੀ ਨੂੰ ਤੇ ਜਰ ਸਕਦਾ ਸੀ ਪਰ ਕਿਸੇ ਦੂਸਰੇ ਤਰੀਕੇ ਨਾਲ ਕੱਟੇ ਹੋਏ ਮਾਸ ਨੂੰ ਦੇਖਣਾ ਵੀ ਬਰਦਾਸ਼ਤ ਨਹੀਂ ਸੀ ਕਰ ਸਕਦਾ । ਮੁਸਲਮਾਨਾਂ ਦਾ ਇਹ ਰਵੱਯਾ ਅਜ ਤਕ ਕਾਇਮ ਹੈ । ਉਹਨਾਂ ਦੀਆਂ ਆਬਾਦੀਆਂ

(ਬਾਕੀ ਦਾ ਫ਼ੁਟਨੋਟ ਅਗਲੇ ਸਫ਼ੇ ਤੇ)

ਸਿੰਘ ਨੂੰ ਪੰਥ ਵਿਚੋਂ ਖਾਰਜ ਕਰ ਦੇਂਦਾ ਹੈ ਸਵੈ-ਸਤਕਾਰ ਤੋਂ ਬਿਨਾਂ ਮਨੁਖ ਨਾ ਆਪਣੇ ਆਪ ਨੂੰ ਉੱਚਾ ਸਮਝਦਾ ਹੈ ਤੇ ਨਾ ਹੀ ਉਸ ਦੇ ਕੋਲੋਂ ਉਚੇਰੀ ਕਰਤੂਤ ਹੋ ਸਕਦੀ ਹੈ। ਖਾਲਸੇ ਲਈ ਨਿਰਧਨ ਨੂੰ ਪਾਲਨ ਤੇ[1] ਦੁਸ਼ਟ ਨੂੰ ਗਾਲਨ ਦਾ ਹੁਕਮ ਆਇਆ ਹੈ । ਹੁਣ ਇਸ ਦੀਨ ਨਿਵਾ-ਜਨ ਤੇ ਦੁਸਟ ਗਾਲਨ ਦੀ ਵਰਤੋਂ ਵਿਚ ਬੜੀਆਂ ਔਕੜਾਂ ਦਾ ਸਾਹ-ਮਣਾ ਕਰਨਾ ਪੈਂਦਾ ਹੈ । ਸਿੰਘ ਨੇ ਥਾਂ ਤਾਂ ਤੇ ਰਣ ਮੰਡਨਾ ਹੈ । ਜੇ ਉਹ ਸਵੈ-ਸਤਕਾਰ ਪੂਰਤ ਜੀਵਨ ਨ ਰਖੇਗਾ ਤਾਂ ਉਹ ਰਣ ਵਿਚ ਕਿਸ ਤਰ੍ਹਾਂ ਕਾਇਮ ਰਹੇਗਾ । ਓਸ ਦੇ ਲਈ ਹੁਕਮ ਹੈ ਕਿ ਉਹ ਰਣ ਵਿਚੋਂ ਕਦੇ ਭਜੇ ਨਾ ਤੇ ਸਚੇ ਸ਼ਸਤਰ ਵਾਂਗ[2] ਗਜ ਵਜ ਕੇ ਬੀਰ ਕ੍ਰਿਆ ਕਰੇ । ਇਹ ਸਵੈ-ਸਤਕਾਰ ਦ੍ਰਿੜਾਉਣ ਦਾ ਹੀ ਭੇਦ ਸੀ ਕਿ ਜਿਸ ਵਿਚ ਸਤਿਗੁਰਾਂ ਨੇ ਇਕ ਇਕ ਸਿੰਘ ਨੂੰ ਲੱਖਾਂ ਨਾਲ ਸਨਮੁਖ ਲੜ ਜਾਣ ਦੇ ਯੋਗ ਬਣਾਉਣ ਦਾ ਦਾਅਵਾ ਕੀਤਾ ਸੀ ਤੇ ਉਹ

SIKHBOOKCLUB.COM

---

(ਪਿਛਲੇ ਪੇਜ਼ ਦਾ ਬਾਕੀ ਫ਼ੁਟਨੋਟ)
ਵਿਚ ਹਿੰਦੂ ਤੇ ਸਿਖ ਆਪਣੇ ਆਪਣੇ ਤਰੀਕੇ ਨਾਲ ਅਬਾਦਤਾਂ ਪਏ ਕਰ ਲੈਣ, ਸੰਖ ਤੇ ਢੋਲਕੀਆਂ ਪਏ ਵਜਾਣ; ਪਰ ਉਹਨਾਂ ਨੇ ਆਪਣੇ ਤਰੀਕੇ ਨਾਲ ਕੋਈ ਜਾਨਵਰ ਕਟਿਆ ਨਹੀਂ ਤੇ ਮਜ਼ਹਬੀ ਆਗੂਆਂ ਦੀ ਭੜਕਾਈ ਹੋਈ ਮੁਸਲਿਮ ਵਸੋਂ ਖ਼ੂਨ ਖਰਾਬੇ ਤੇ ਉਤਰੀ ਨਹੀਂ । ਇਸ ਕਿਸਮ ਦਾ ਤਅੱਸੁਬ ਦੂਜਿਆਂ ਦੇ ਸਵੈ-ਸਤਿਕਾਰ ਨੂੰ ਹਾਨੀ ਪੁਚਾਣ ਵਾਲਾ ਹੁੰਦਾ ਹੈ, ਸਵੈ-ਸਤਿਕਾਰੀ ਦੇ ਪੁਜਾਰੀ ਸਿੰਘਾਂ ਨੇ ਏਸ ਦੇ ਬਰਖਿਲਾਫ਼ ਪ੍ਰੋਟੈਸਟ ਕੀਤਾ ਤੇ ਨਿਯਮ ਬੰਨ੍ਹਿਆਂ ਕਿ ਸਿੰਘ ਹੋਰ ਹਰ ਤਰੀਕੇ ਨਾਲ ਕੱਟਿਆ ਹੋਇਆ ਮਾਸ ਬੇਸ਼ਕ ਖਾ ਲਵੇ; ਪਰ ਜੋ ਇਹਨਾਂ ਅਭਿਮਾਨੀ ਮੁਤੱਸਬਾਂ ਦੇ ਤਰੀਕੇ ਨਾਲ ਕੱਟਿਆ ਹੋਇਆ ਮਾਸ ਨਾ ਖਾਵੇ, ਕਿਉਂ ਜੁ ਉਹ ਆਪਣੇ ਤਰੀਕੇ ਨਾਲ ਕੱਟੇ ਮਾਸ ਨੂੰ ਹੀ ਹਲਾਲ ਤੇ ਹੋਰ ਤਰੀਕੇ ਨਾਲ ਕੱਟੇ ਨੂੰ ਹਰਾਮ ਕਹਿੰਦੇ ਹਨ । ਜੋ ਸਿੰਘ ਉਹਨਾਂ ਦਾ ਕੱਟਿਆ ਹੋਇਆ ਮਾਸ ਖਾਏਗਾ, ਉਹ ਪਤਿਤ ਕਰਾਰ ਦਿਤਾ ਜਾਏਗਾ ਤੇ ਉਹ ਮੁੜ ਕੇ ਅੰਮ੍ਰਿਤ ਛਕਣ ਤਕ ਪੰਥ ਵਿਚੋਂ ਖਾਰਜ ਰਹੇਗਾ ।

1. ਖਾਲਸਾ ਸੋਈ ਨਿਰਧਨ ਕੋ ਪਾਲੇ ।
ਖਾਲਸਾ ਸੋਈ ਦੁਸਟ ਕੋ ਗਾਲੇ ।

*(ਰਹਿਤਨਾਮਾ ਭਾ: ਨੰਦ ਲਾਲ)*

2. ਰਣ ਮਹਿ ਜਾਏ ਨ ਕਬਹੂ ਜਾਜੇ ।
ਦ੍ਰਿੜ ਕਰ ਛਤ੍ਰੀ ਧਰਮ ਕੋ ਗਾਜੇ ।

ਦਾਅਵਾ ਨਿਕਲਿਆ ਵੀ[1] ਠੀਕ । ਏਸੇ ਹੀ ਸਵੈ-ਸਤਿਕਾਰ ਦੇ ਬਲ ਉੱਤੇ ਸਤਿਗੁਰਾਂ ਨੇ ਫੁਰਮਾਇਆ ਸੀ ਕਿ ਉਹ ਸਮਾਜ ਵਿਚੋਂ ਦਲੀਆਂ ਹੋਇਆਂ ਤੇ ਕਮੀਨੀਆਂ ਕਹੀਆਂ ਜਾਣ ਵਾਲੀਆਂ ਕੌਮਾਂ ਨੂੰ ਖ਼ਾਲਸਾ ਬਣਾ ਪਾਦਸ਼ਾਹੀ[2] ਦੇਣਗੇ । ਉਹਨਾਂ ਦਾ ਖਿਆਲ ਸੀ ਕਿ ਖਾਲਸਾ ਇਤਨਾ ਸਵੈ-ਸਤਕਾਰੀ ਹੋਵੇਗਾ ਕਿ ਉਹ ਆਪਣੇ ਆਪਨੂੰ[3] ਖ਼ੁਦਖ਼ੁਦਾ ਸਮਝੇਗਾ ਪਰ ਹੰਕਾਰ ਕਰਕੇ ਨਹੀਂ ਸਗੋਂ ਉਹਨਾਂ ਖੁਸ਼ੀਆਂ ਦੇ ਧਾਰਨ ਕਰਕੇ ਜੋ ਖ਼ੁਦਾ ਨਾਲ ਇਕਮਿਕ ਹੋਏ ਬੰਦਿਆਂ ਵਿਚ ਹੁੰਦੀਆਂ ਹਨ । ਉਹ ਬਿਨਾਂ ਸੱਚੇ ਰੱਬ ਦੇ ਹੁਕਮ ਦੇ ਹੋਰ ਕਿਸੇ ਦੀ ਆਨ ਨਹੀਂ ਮੰਨਦਾ ਇਸ ਸਵੈ-ਸਤਿਕਾਰ ਤੋਂ ਬਿਨਾਂ ਹੋਰ ਧਨ, ਮਾਨ, ਵਡਿਆਈ, ਹਕੂਮਤ ਯਾ ਵਿੱਦਿਆ ਕਿਸੇ ਵੀ ਚੀਜ਼ ਦਾ ਅਭਿਮਾਨ ਨਹੀਂ ਕਰੇਗਾ, ਸਗੋਂ ਏਸ ਨੂੰ ਗੁਰੂ ਪ੍ਰਮੇਸ਼ੁਰ ਦੀ ਦਾਤ ਸਮਝ ਇਸ ਦੀ ਪ੍ਰਾਪਤੀ ਤੇ ਆਪਣ[4] ਅਗੇ ਹੋਰ ਵੀ ਝੁਕੇਗਾ ।

## ਕਿਰਤ ਤੇ ਕਪਟ –

ਜਗਤ ਮਰਯਾਦਾ ਦੇ ਅਨੁਸਾਰ ਸਰੀਰ ਪਾਲਨ ਹਿਤ ਕਿਰਤ ਕਰਨੀ

---

1. ਚਮਕੌਰ ਸਾਹਿਬ ਦੇ ਜੰਗ ਵਿਚ ਕੇਵਲ ਚਾਲੀ ਸਿੰਘ ਹੀ ਦਸ ਲੱਖ ਨਾਲ ਨਹੀ ਲੜੇ, ਸਗੋਂ ਸਤਿਗੁਰਾਂ ਸਹਿਤ ਪੰਜਾਂ ਦੇ ਪੰਚਕ ਗੁਰਮਤੇ ਅਨੁਸਾਰ ਰਾਤ ਕਿਲ੍ਹਾ ਛਡ ਜਾਣ ਤੇ ਬਾਕੀ ਸਿੰਘਾਂ ਦੇ ਸ਼ਹੀਦ ਹੋ ਜਾਣ ਦੇ ਬਾਅਦ ਭਾਈ ਜੀਵਨ ਸਿੰਘ ਇਕੱਲਾ ਹੀ ਦਮਾਮੇ ਤੇ ਚੋਟ ਮਾਰ, ਦਸ ਲੱਖ ਨੂੰ ਵੰਗਾਰਦਾ ਰਿਹਾ ਤੇ ਓੜਕ ਰਣ ਵਿਚ ਬੀਰ ਕ੍ਰਿਆ ਕਰ ਸ਼ਹੀਦੀ ਪਾ ਸਚਖੰਡ ਜਾ ਬਿਰਾਜਿਆ ।
2. ਜਟ ਬੂਟ ਕਹੇਂ ਜਗ ਮਾਂਹੀ । ਬਾਣੀਏ, ਕਿਰਾੜ, ਖਤ੍ਰੀ ਸਦਾਹੀਂ ।
ਲੋਹਾਰ ਤ੍ਰਿਖਾਨ ਹੋਤ ਜਾਤ ਕਮੀਨੀ । ਪੀਪੇ ਕਲਾਲ ਨੀਚਨ ਪਹਿ ਕਿਰਪਾ ਕੀਨੀ । ਗੁਜਰ, ਗੁਆਰ, ਹੀਰ ਕਮਜਾਤ । ਕਮਚੋ, ਸੂਦਰ ਕੋਈ ਪੁਛੇ ਨਾ ਬਾਤ । ਝੀਵਰ, ਨਾਈ, ਰੋੜੇ, ਘੁਮਿਆਰ । ਸੈਣੀ, ਸੁਨਿਆਰੇ, ਚੂਹੜੇ, ਚਮਿਆਰ । ਭਟ ਔ ਬ੍ਰਾਮਣ ਹੋਤ ਮੰਗਵਾਰ । ਬਰੂਪੀਏ ਲਬਾਨੇ ਔ ਘੁਮਿਆਰ । ਇਨ ਗਰੀਬ ਸਿਖਨ ਕੋ ਦਿਓ ਪਾਦਸ਼ਾਹੀ । ਏਹ ਯਾਦ ਰਖੇ ਹਮਰੀ ਗੁਰਿਆਈ।

*(ਪੰਥ ਪ੍ਰਕਾਸ਼ ਭਾ:ਰਤਨ ਸਿੰਘ ਭੰਗੂ)*
3. ਖਾਲਸਾ ਹੋਵੇ ਖੁਦ ਖੁਦਾ, ਜਿਮ ਖੂਬੀ ਖੂਬ ਖੁਦਾਇ ।
ਆਨ ਨ ਮਾਨੇ ਕਿਸੀ ਕੀ ਸਚੇ ਬਿਨ ਪਾਦਸ਼ਾਹਿ ।
4. ਧਨ, ਕੀਰਤ, ਸੁਖ, ਰਾਜ, ਬਡਾਈ । ਯੁਵਤੀ, ਸੁਤ, ਵਿਦਯਾ, ਬਹੁਪਾਈ ।
ਯਹ ਸਭ ਦਾਤ ਗੁਰੂ ਕੀ ਜਾਨੇ । ਤਾਂਤੇ ਨਹਿ ਅਭਿਆਨੇ ਠਾਨੇ ।

*(ਰਹਿਤਨਾਮਾ ਭਾਈ ਦੇਸਾ ਸਿੰਘ)*

ਅਤਿ ਜ਼ਰੂਰੀ ਹੈ ਕਿਉਂ ਜੁ ਕੀਤੇ ਬਿਨਾਂ ਮਨੁਖ ਦੂਜਿਆਂ ਦੇ ਮੋਢਿਆਂ ਤੇ ਭਾਰ ਹੋ ਜਾਂਦਾ ਹੈ । ਤੇ ਕਿਸੇ ਦੇ ਆਸਰੇ ਪਲਣ ਵਾਲਾ ਸਵੈ-ਸਤਿਕਾਰ ਤੇ ਸਨਮਾਨ ਖੋਹ ਬਹਿੰਦਾ ਹੈ । ਸਿੰਘ ਨੇ ਸਵੈ-ਸਤਿਕਾਰ ਦਾ ਜੀਵਨ ਜੀਣਾ ਹੈ। ਇਸ ਲਈ ਉਹ ਕਿਸੇ ਦੇ ਆਸਰੇ ਨਹੀਂ ਰਹਿ ਸਕਦਾ । ਉਹ ਆਪਣੀ ਕਿਰਤ ਕਰਕੇ ਆਏਗਾ ਕਿਉਂ ਜੁ ਅਰਿਣੀ ਜੀਵਨ ਹੀ ਜਗਤ ਵਿਚ ਸਵਾਦਲਾ ਜੀਵਨ ਹੈ । ਰਿਣੀ ਦੀ ਕੋਈ ਜ਼ਿੰਦਗੀ ਨਹੀਂ । ਸ਼ਕਸੀ ਜੀਵਨ ਵਾਂਗ ਹੀ ਕੌਮਾਂ ਦੀ ਜ਼ਿੰਦਗੀ ਹੈ । ਜੇ ਕੌਮਾਂ ਉੱਦਮੀ ਤੇ ਕਿਰਤ ਨਾਲ ਵਲੀਆਂ ਹਨ ਉਹ ਹੀ ਜਗਤ ਤੇ ਸਤਿਕਾਰ ਭਰਿਆ ਆਜ਼ਾਦੀ ਦਾ ਜੀਵਨ ਬਸਰ ਕਰਦੀਆਂ ਹਨ । ਕਮਜ਼ੋਰ ਤੇ ਸੁਸਤ ਜਾਤੀਆਂ ਲੋਕਾਂ ਦੇ ਮੋਢੇ ਤੇ ਭਾਰ ਹੁੰਦੀਆਂ ਹੋਈਆਂ ਓੜਕ ਗੁਲਾਮ ਹੋ ਜਾਂਦੀਆਂ ਹਨ, ਤੇ ਗੁਲਾਮੀ ਦਾ ਦਲਿਦਰੀ ਜੀਵਨ ਬਸਰ ਕਰਨ ਤੇ ਮਜਬੂਰ ਹੁੰਦੀਆਂ ਹਨ । ਤਦੇ ਹੀ ਸਤਗੁਰਾਂ ਨੇ ਸਿਖ ਨੂੰ ਕਿਰਤ ਕਰਨ ਦੀ ਤਾਕੀਦ ਕੀਤੀ ਹੈ । ਦਸਿਆ ਹੈ ਕਿ ਜਿਨ੍ਹਾਂ ਨੇ ਨਾਮ ਜਪਿਆ ਤੇ ਮਸ਼ਕਤ ਦੀ ਘਾਲਨ ਘਾਲੀ, ਉਹ ਆਪਣੇ ਵੀ ਮੂੰਹ ਉਜਲੇ ਕਰ ਗਏ ਜਗਤ ਦੇ ਕਈ ਲੋੜਵੰਦਾਂ ਦੀ[1] ਕਲਯਾਨ ਦਾ ਕਾਰਨ ਵੀ ਬਣੇ । ਅਸਲ ਵਿਚ ਕਿਰਤ ਕਰਨ ਤੋਂ ਬਗੈਰ ਜੀਵਨ ਸਫਲਤਾ ਹੋ ਹੀ ਨਹੀਂ ਸਕਦੀ, ਕਿਉਂ ਜੋ ਕਿਸੇ ਦੀ ਕਮਾਈ ਖਾਂਦਿਆਂ, ਕੀ ਪਤਾ ਹੈ ਜੋ ਉਹ ਕਿਸ ਕਿਸਮ ਦੀ ਹੈ । ਕਪਟ ਦੇ ਦੁੱਧ ਨਾਲੋਂ ਕਮਾਈ ਦਾ ਫੋਕਾ[2] ਪਾਣੀ ਪੀਣਾ ਚੰਗਾ ਹੈ । ਕਿਰਤ ਦਾ ਸਾਗ, ਕਪਟ ਦਿਆਂ ਸਵਾਦਿਸ਼ਟ ਭੋਜਨਾਂ ਨਾਲੋਂ ਬਿਹ-

---

1. ਜਿਨੀ ਨਾਮ ਧਿਆਇਆ, ਗਏ ਮੁਸਕੱਤਿ ਘਾਲਿ,
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ।

2. ਸ੍ਰੀ ਕ੍ਰਿਸ਼ਨ ਜੀ ਨੇ ਬਿਦਰ ਦੇ ਘਰ ਰਾਤ ਰਹਿਣ ਸਮੇਂ ਦਰਜੋਧਨ ਦੇ ਗਿਲਾ ਕਰਨ ਤੇ ਕਬੀਰ ਜੀ ਦੇ ਅਖਰਾਂ ਵਿਚ ਇਸ ਤਰ੍ਹਾਂ ਆਖਿਆ ਸੀ-
'ਰਾਜਨ ਕਉਨੁ ਤੁਮਾਰੈ ਆਵੈ ।
ਐਸੋ ਭਾਉ ਬਿਦਰ ਕੋ ਦੇਖਿਓ ਓਹੁ ਗਰੀਬੁ ਮੋਹਿ ਭਾਵੈ ।
ਹਸਤੀ ਦੇਖਿ ਭਰਮ ਤੇ ਭੂਲਾ ਸ੍ਰੀ ਭਗਵਾਨੁ ਨ ਜਾਨਿਆਂ ।
ਤੁਮਰੋ ਦੂਧੁ ਬਿਦਰ ਕੋ ਪਾਨੋ ਅੰਮ੍ਰਿਤੁ ਕਰਿ ਮੈ ਮਾਨਿਆਂ ।
ਖੀਰ ਸਮਾਨਿ ਸਾਗੁ ਮੈ ਪਾਇਆ ਗੁਣ ਗਾਵਤ ਰੈਨਿ ਬਿਹਾਨੀ ।
ਕਬੀਰ ਕੋ ਠਾਕੁਰੁ ਅਨਦ ਬਿਨੋਦੀ ਜਾਤਿ ਨ ਕਾਹੂ ਕੀ ਮਾਨੀ ।

ਤਰ ਹੈ। ਦਸਾਂ[1] ਨੌਹਾਂ ਦੀ ਕਮਾਈ ਤੋਂ ਪੈਦਾ ਹੋਈ ਕੋਧਰੇ ਦੀ ਰੋਟੀ ਕਪਟ ਦੀਆਂ ਪੂੜੀਆਂ ਤੋਂ ਅਛੀ ਹੈ । ਸਤਿਗੁਰੂ ਫੁਰਮਾਂਦੇ ਹਨ, ਜੀਵਨ ਦਾ ਸਹੀ ਰਾਹ ਪਛਾਣੇਗਾ ਹੀ ਉਹ ਜੋ[2] ਆਪਣੀ ਘਾਲ ਕਰਕੇ ਖਾਏਗਾ, ਤੇ ਸਗੋਂ ਕਿਸੇ ਲੋੜਵੰਦੇ ਨੂੰ ਦੇਵੇਗਾ ਵੀ । ਪੁਰਾਣਾ ਇਕ ਇਹ ਵੀ ਖਿਆਲ ਸੀ ਕਿ ਕਿਰਤ ਕਰਦਿਆਂ ਹੋਇਆਂ ਨਾਮ ਨਹੀਂ ਜਪਿਆ ਜਾ ਸਕਦਾ । ਇਸ ਲਈ ਪ੍ਰਭੂ ਸਿਮਰਨ ਦੀ ਆਤਮਕ ਕਮਾਈ ਤੋਂ ਸਰੀਰ ਪਾਲਨ ਦੀ ਸਾਧਾਰਨ ਕਿਰਤ ਕੁਰਬਾਨ ਕਰ ਦੇਣੀ ਚਾਹੀਦੀ ਹੈ । ਪਰ ਗੁਰਬਾਣੀ ਵਿਚ ਇਸ ਖਿਆਲ ਨੂੰ ਕਬੀਰ ਜੀ ਦੀ ਜ਼ਬਾਨੀ ਨਾਮੇ ਤੇ[3] ਤ੍ਰਲੋਚਨ ਦੀ ਗਲ ਬਾਤ ਵਿਚ ਗਲਤ ਦਸਿਆ ਗਿਆ ਹੈ ।

ਇਸ ਲਈ ਸਿੰਘ ਚਲਨ ਵਿਚ ਕਿਰਤ ਕਰਨ ਦੀ ਤਾਕੀਦ ਹੈ । ਸਤ-ਗੁਰਾਂ ਨੇ ਜੀਵਨ ਨੂੰ ਤਿੰਨ ਹਿਸਿਆਂ ਵਿਚ ਵੰਡਿਆ ਹੈ । ਉਦਮ ਕਰ ਕਿਰਤ ਕਰਨੀ, ਕਿਰਤ ਦੀ ਕਮਾਈ ਖਾ ਸੁਖੀ ਹੋਣਾ, ਤੇ ਦੇਨਦਾਰ ਦਾ ਸ਼ੁਕਰੀਆ ਕਰ ਪ੍ਰਭੂ ਧਿਆਨ[4] ਵਿਚ ਨਿਸ਼ਚਿੰਤ ਹੋ ਜਾਣਾ । ਸਿੰਘ ਚਲਨ ਵਿਚ ਕਿਰਤ ਕਰਨ ਨੂੰ ਦ੍ਰਿੜ ਕਰਾਇਆ ਗਿਆ ਹੈ। ਫੁਰਮਾਇਆ ਹੈ ਕਿ ਰਹਿਤਵਾਨ ਸਿਖ ਜੋ ਭੀ ਹੈ ਉਹ ਉਪਾਏ ਕਰਕੇ[5] ਧਨ ਖਟੇ ਉਸ ਵਿਚੋਂ ਘਰ ਦਾ ਨ੍ਰਿਬਾਹ,

---

1. ਸ੍ਰੀ ਗੁਰੂ ਨਾਨਕ ਦੇਵ ਜੀ ਨੇ ਏਮਨਾ ਆਬਾਦ ਵਿਚ ਕਿਰਤੀ ਭਾਈ ਲਾਲੋ ਦੀ ਕੋਧਰੇ ਦੀ ਰੋਟੀ ਵਿਚ ਦੁਧ, ਤੇ ਕਪਟੀ ਮਲਕ ਭਾਗੋ ਦੀਆਂ ਪੂੜੀਆਂ ਵਿਚ ਲਹੂ ਦਸਿਆ ਸੀ ।
2. ਘਾਲਿ ਖਾਇ ਕਿਛੁ ਹਥਹੁ ਦੇਇ ਨਾਨਕ ਰਾਹੁ ਪਛਾਣਹਿ ਸੇਈ ।
3. ਨਾਮਾ ਮਾਇਆ ਮੋਹਿਆ ਕਹੈ ਤ੍ਰਿਲੋਚਨੁ ਮੀਤ,
   ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ ।
   ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮ ਸੰਮ੍ਹਾਲ ।
   ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ।
4. ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ।
   ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ।
5. ਰਹਤਵਾਨ ਗੁਰਸਿਖ ਹੈ, ਜੋਈ ਕਰ ਉਪਾਏ ਧਨ ਖਾਟੇ ਸੋਈ ।
   ਤਾਹੀ ਕਰ ਘਰ ਕੋ ਨਿਰਬੈਹੇ ਪੁਜਾ ਮੂਲ ਨ ਕਬਹੂ ਗਹੇ ।
   ਤਥਾ:- ਦਸ ਨਖ ਕੀ ਜੋ ਕਾਰ ਕਮਾਵੈ ਤਾਂ ਕਰ ਜੋ ਧਨ ਮਹਿ ਆਵੈ ।
   ਤਿਸ ਤੇ ਗੁਰੂ ਦਸਵੰਧ ਜੋ ਦੇਹੀ ਸਿੰਘ ਸੁਜਸ ਬਹੁ ਜਗਮੈ ਲੇਹੀ ।

(ਪ੍ਰੇਮ ਸਮਾਰਗ)

ਕਰੇ, ਪੂਜਾ ਭੁਲ ਕੇ ਵੀ ਨਹੀਂ ਲੈਣੀ । ਕਿਰਤ ਕਰਨ ਦੀ ਤਾਕੀਦ ਕਰਦਿਆਂ ਹੋਇਆ ਪੁਰਾਤਨਤਾ ਦੇ ਇਸ ਭਰਮ ਨੂੰ ਵੀ ਦੂਰ ਕੀਤਾ ਹੈ ਕਿ ਫਲਾਨੀ ਕਿਸਮ ਦੀ ਕਿਰਤ ਕਰਨੀ ਚਾਹੀਏ ਤੇ ਫਲਾਨੀ ਨਹੀਂ । ਸਤਿਗੁਰਾਂ ਸਾਫ ਫੁਰਮਾਇਆ ਹੈ ਕਿ ਚੋਰੀ ਡਾਕੇ ਆਦਿ ਮੰਦ ਕਰਮਾਂ ਤੋਂ ਬਿਨਾਂ ਖੇਤੀ, ਵਣਜ, ਸ਼ਿਲਪ, ਤੇ ਨੌਕਰੀ, ਮਨ ਭਾਉਂਦੀ ਕਰੇ । ਪਰ ਜੋ[1] ਕਿਰਤ ਕਰੇ, ਕਰੇ ਦ੍ਰਿੜ ਹੋ ਕੇ ।

ਇਹ ਲੋੜਾਂ ਵਾਸਤੇ ਕੀਤੀ ਹੋਈ ਕਿਰਤ ਹੀ ਭੋਗਾਂ ਦੇ ਵਸ ਹੋਏ ਪੁਰਸ਼ ਲਈ ਲੋਭ ਦਾ ਕਾਰਣ ਬਣ ਜਾਂਦੀ ਹੈ । ਜੇ ਸੰਜਮੀ[2] ਰਹੇ ਤਾਂ ਇਸਤੋਂ ਬਚ ਸਕਦਾ ਹੈ, ਪਰ ਸੰਜਮਹੀਨ ਪੁਰਸ਼ ਕਿਰਤੀ ਦੀ ਥਾਂ ਕਪਟ ਕਰਨ ਲਗ ਪੈਂਦਾ ਹੈ ।[3] ਲੋਭ ਤੋਂ ਪੈਦਾ ਹੋਇਆ ਕਪਟ[4] ਸਿਖੀ ਵਿਚ ਸਖਤ ਮਨਾ ਕੀਤਾ ਗਿਆ। ਜਾਣ ਬੁਝ ਕੇ ਤਾਂ ਕਿਤੇ ਰਿਹਾ, ਭੁਲਕੇ ਵੀ ਅਜਿਹਾ ਕਰਨਾ ਵਿਵਰਜਤ ਹੈ। ਅਜਿਹਾ ਕਰਨ ਨਾਲ ਮਨ ਦੋਸ਼ੀ ਹੋ, ਮੈਲਾ ਹੋ ਜਾਂਦਾ ਹੈ ਤੇ ਪ੍ਰਭੂ ਦੇ ਨਿਆਏਂ ਅਗੇ ਜਵਾਬ ਦੇਣਾ ਪੈਂਦਾ ਹੈ । ਇਹ ਨਿਆਏ ਕਿਸੇ ਦੀ ਰਿਐਤ ਨਹੀਂ ਕਰਦਾ । ਇਸ ਕਰਕੇ ਕਪਟ ਕਮਾਣ ਵਾਲੇ ਨੂੰ ਦੁਖ ਪਾਣਾ ਪੈਂਦਾ ਹੈ । ਪਾਵੇ ਵੀ ਕਿਉਂ ਨਾ ? ਜਦ ਉਹ ਸਤਗੁਰਾਂ ਦਾ ਮਾਰਗ ਛੱਡ, ਔਝੜ ਰਾਹੇ ਪੈ ਗਿਆ ਤਾਂ ਧੱਕੇ ਤਾਂ ਆਪੇ ਖਾਣੇ ਹੋਏ ਬੀਜਿਆ ਸੋ ਵੱਢਣਾ ਕੁਦਰਤ ਦਾ ਅਸੂਲ ਹੈ । ਜੋ ਬਿਖ ਬੀਜੇਗਾ ਬਿਖ ਵਢੇਗਾ । ਕਿਰਤੀ

---

1. ਖੇਤੀ, ਵਣਜ ਵਾ ਸਿਲਪ ਕਮਾਵੈ ਔਰ ਟਹਲ ਜੋ ਮਨ ਮਹਿ ਭਾਵੈ ।
ਦ੍ਰਿੜੈ ਸੋਈ ਕਾਰ ਕਮਾਵੈ ਚੋਰੀ ਡਾਕੇ ਕਬਹੁ ਨ ਜਾਵੈ ।
*(ਰਹਿਤਨਾਮਾ ਭਾ: ਦੇਸਾ ਸਿੰਘ)*
ਤਥਾ :- ਕਿਰਤ ਜੋ ਕਰੇ ਸੋ ਧਰਮ ਕੀ ਕਰੇ । ਸਭ ਤੋਂ ਉੱਤਮ ਕਿਰਤ ਸੌਦਾਗਰੀ ਹੈ ਉਸ ਤੇ ਖੇਤੀ ਹੈ । ਔਰ ਜੋ ਚਾਕਰੀ ਕਰੇ ਤਾਂ ਸਿਪਾਹੀਗੀਰੀ ਜੈਸੀ ਕਰੇ । ਜੋ ਬੇਪਰਵਾਹ ਰਹੇ । ਔਰ ਜੋ ਕੁਝ ਮਹੀਨਾ ਹੋਵੇ । ਉਸ ਉਪਰ ਸੰਤੋਖ ਕਰੇ । ਐਸ ਜਮਾਂ ਜਿਸਕਾ ਚਾਕਰ ਹੋਏ ਸੋ ਕਹੀਂ ਭੇਜੇ ਲੜਾਈ ਨੂੰ ਤਾਂ ਉਸ ਮੈਂ ਆਪਣੀ ਮੁਰਾਦ ਜਾਨੇ । ਸੂਰਬੀਰ ਹੋਏ ਰਹੇ। ਔਰ ਕਹੀਂ ਜੋ ਲੂਟ ਹੋਵੇ ਤਾਂ ਲੂਟੇ ਨਹੀਂ ।
2. ਖਰਚ ਆਮਦਨੀ ਤੇ ਕੰਮ ਕਰਨਾ ਜੋ ਵਧੀਕ ਕਰੇਗਾ ਅੰਤ ਨੂੰ ਹੈਰਾਨ ਹੋਵੇਗਾ ।
*(ਪ੍ਰੇਮ ਸਮਾਰਗ)*
3. ਮਨ ਮੇਰੇ ਭੂਲੇ ਕਪਟੁ ਨ ਕੀਜੇ । ਅੰਤਿ ਨਿਬੇਰਾ ਤੇਰੇ ਜੀਆ ਪਹਿ ਲੀਜੈ ।
4. ਕੂੜੁ ਕਪਟ ਕਮਾਵੈ ਮਹਾਂ ਦੁਖੁ ਪਾਵੈ ਵਿਣੁ ਸਤਗੁਰ ਮਗੁ ਨ ਪਾਇਆ ।

ਚੋਰੀ, ਡਾਕਾ,[1]ਵਢੀ, ਝੂਠੀ ਗਵਾਹੀ, ਜੂਆ ਤੇ ਧੀ ਭੈਣ[2] ਦਾ ਪੈਸਾ ਲੈਣਾ ਆਦਿ ਆਮਦਨੀਆ ਗਿਣੀਆਂ ਜਾ ਸਕਦੀਆਂ ਹਨ । ਇਹਨਾਂ ਦੇ ਤਿਆਗ ਦੇ ਮੁਤਅੱਲਕ ਰਹਿਤ ਨਾਮਿਆਂ ਵਿਚ ਤਾਕੀਦੀ ਹੁਕਮ ਦਿਤੇ ਗਏ ਹਨ ।

ਕਪਟ ਦੀ ਕਿਰਤ ਬਹੁਤ ਬੁਰੀ ਹੈ । ਇਸ ਨਾਲ ਮਨ ਮਲੀਨ ਹੁੰਦਾ ਹੈ । ਸਿੰਘ ਨੇ ਮਨ ਨੂੰ ਉਜਲਾ ਹੀ ਨਹੀਂ ਰਖਣਾ, ਸਗੋਂ ਉਤਸ਼ਾਹ ਭਰਿਆ ਰਖਣਾ ਹੈ ਉਤਸ਼ਾਹ ਉਦਮ ਤੋਂ ਹੁੰਦਾ ਹੈ, ਦਲਿੱਦਰ ਤੋਂ ਨਹੀਂ । ਦਲਿੱਦਰ ਦਾ ਵਡਾ ਕਾਰਨ ਘਾਲ ਤੋਂ ਡਰਦਿਆਂ ਹੋਇਆ ਕਿਸੇ ਦੇ ਮੋਢਿਆਂ ਤੇ ਬੋਝ ਹੋ ਰਹਿਣਾ ਹੁੰਦਾ ਹੈ ਅਜਿਹੇ ਸੁਸਤ ਜੀਵਨ, ਪੂਜਾ ਖਾਣ ਤੋਂ ਵਿਸ਼ੇਸ਼ ਕਰ ਕੇ ਪੈਦਾ ਹੁੰਦੇ ਹਨ । ਇਸ ਵਾਸਤੇ ਰਹਿਤਵਾਨ ਸਿੰਘ ਲਈ[3] ਪੂਜਾ ਖਾਣੀ ਵੀ ਮਨ੍ਹਾਂ ਕੀਤੀ ਗਈ ਹੈ ।

ਭਾਈ ਗੁਰਦਾਸ ਜੀ ਨੇ ਤਾਂ ਏਥੋਂ ਤਕ ਲਿਖਿਆ ਹੈ ਕਿ ਜਿਸ ਤਰ੍ਹਾਂ ਪੁਰਾਣੇ ਮਤ ਮਤਾਂਤਰਾਂ ਵਿਚ ਖ਼ਾਸ ਚੀਜ਼ਾਂ ਖਾਣੀਆਂ ਵਿਵਰਜਤ ਸਨ, ਉਸੇ ਤਰ੍ਹਾਂ ਹੀ ਸਿਖ ਪੂਜਾ ਦੇ ਧਾਨ ਨੂੰ ਆਪਣੇ ਲਈ[4] ਮਨ੍ਹਾਂ ਸਮਝੇ, ਕਿਉਂ ਜੁ ਇਹ ਸੁਸਤੀ ਨੂੰ ਵਧਾਉਂਦਾ ਹੈ । ਨਿਰਯਤਨ ਪ੍ਰਾਪਤ ਹੋਣ ਕਰਕੇ ਮਿੱਠਾ ਤਾਂ ਲਗਦਾ ਹੈ, ਪਰ ਹੈ ਅਸਲ ਖੰਡ ਵਿਚ ਲਪੇਟੀ ਹੋਈ ਜ਼ਹਿਰ, ਜੋ ਉੱਦਮ ਨੂੰ ਮਿਟਾ ਜੀਵਨ ਬੇ-ਸੁਆਦਾ ਬਣਾ ਦੇਂਦੀ ਹੈ । ਇਸ ਲਈ ਰਹਿਤਵਾਨ

SIKHBOOKCLUB.COM

1. ਵਢੀ ਲੇਕਰ ਨਿਆ ਨ ਕਰੀਏ । ਝੂਠੀ ਸਾਖ ਕਬਹੂ ਨ ਭਰੀਏ ।
*(ਰਹਿਤਨਾਮਾ ਭਾਈ ਦੇਸਾ ਸਿੰਘ)*

2. ਕੰਨਿਆਂ ਕਾ ਪੈਸਾ ਨਾ ਖਾਏ ਜੂਆ ਨਾ ਖੇਡੇ ।
*(ਭਾਈ ਚੋਪਾ ਸਿੰਘ)*

3. ਧਰਮਸਾਲ ਕੀ ਝਾਕ ਨ ਕਰਨੀ । ਮਹਾਂ ਦੋਖ ਹੈ ਗੁਰ ਨ ਬਰਨੀ ।
*(ਰਹਿਤਨਾਮਾ. ਭਾ.ਦੇਸਾ ਸਿੰਘ)*

4. ਜਿਉਂ ਮਰਜਾਦਾ ਹਿੰਦੂਆਂ ਗਊਆਂ ਮਾਸ ਅਖਾਜੁ
ਮੁਸਲਮਾਨਾਂ ਸੂਰਹੋਂ ਸੋਗੰਧ ਵਿਆਜ ।
ਸਾਹੁਰਾ ਘਰ ਜਵਾਈਏ ਖਾਣੀ ਮਧਰਾਜ ।
ਸਹਿਆ ਨ ਖਾਈ ਚੂਹੜਾ ਮਾਇਆ ਮੁਹਤਾਜ ।
ਜਿਉਂ ਮਿਠੇ ਮਖੀ ਮਰੇ ਤਿਸ ਹੋਇ ਅਕਾਜ ।
ਤਿਉਂ ਧਰਮਸਾਲਾ ਦੀ ਝਾਕ ਹੈ ਵਿਹੁਖੰਡੂ ਪਾਜ ।

ਉਦਮ ਬੀਜਦਾ ਤੇ ਸੁਖ[1] ਫਲ ਖਾਂਦਾ ਹੈ । ਲੋਭ ਕਪਟ ਬੀਜਦਾ ਤੇ ਦੁਖ ਭੋਗਦਾ ਹੈ । ਕਪਟ ਕਰ ਜੋ ਕਮਾਈ ਆਉਂਦੀ ਹੈ ਓਸ ਦਾ ਫਲ ਖਾ ਕੇ ਜੋ ਵੀ ਕਰਮ ਕੀਤਾ ਜਾਏ ਓਸ ਵਿਚ ਕਪਟ ਦੀ ਅੰਸ਼ ਚਲੀ ਜਾਂਦੀ ਹੈ । ਉਹ ਭਾਵੇਂ ਸਿਮਰਨ, ਨਾਮ[2] ,ਦਾਨ, ਅਸ਼ਨਾਨ, ਗਿਆਨ, ਧਿਆਨ, ਤਪ, ਤੀਰਥ, ਸਮਾਧੀ ਆਦਿ ਕਿਤਨਾ ਵੀ ਉਚੇਚਾ ਕਰਮ ਕਿਉਂ ਨਾ ਹੋਵੇ ਕਪਟ ਦੀ ਜਾਗ, ਕਾਂਜੀ ਦੀ ਇਕ ਛਿਟ ਦੇ ਦੁਧ ਦਾ ਮਟਕਾ ਫਿਟਾ ਦੇਣ ਵਾਂਗ, ਸਾਰੇ ਕਰਮ ਕਾਂਡ ਸਹਿਤ ਕੀਤੇ ਜੀਵਨ ਨੂੰ ਜ਼ਹਿਰੀਲਾ ਕਰ ਦੇਂਦੀ ਹੈ ਤੇ ਸਭ ਕੁਝ ਫਲਹੀਨ ਹੋ ਜਾਂਦਾ ਹੈ । ਸਤਿਗੁਰਾਂ ਇਹ ਪ੍ਰਸ਼ਨ ਕਰਨ ਤੇ ਕਿ ਜੀਵਨ ਨਿਰਬਾਹ ਕਿਸ ਤਰ੍ਹਾਂ ਕੀਤਾ ਜਾਏ ਫੁਰਮਾਇਆ ਕਿ ਕਿਰਤ ਤੇ ਭਾਵੇਂ ਕੋਈ ਕਰੇ, ਉਹ ਧਰਮ ਸਹਿਤ ਨਿਰਬਾਹ ਹੋਵੇਗਾ, ਪਰ ਜੀਵਕਾ ਕਪਟ ਤੋਂ ਬਿਨਾਂ ਹੋਵੇ ।[3] ਬਿਗਾਨੀ ਵਸਤ ਨ ਛਪਾਵੇ । ਬਿਗਾਨੀ ਵਸਤ ਛਪਾਈ ਕਪਟ ਹੈ । ਪਰਾਇਆ ਧਨ ਤੇ ਪਰਾਇਆ ਰੂਪ ਲੋਭੀ ਕਪਟ ਕਰ ਲੈਂਦਾ ਹੈ ਲੋਭ ਨੂੰ ਤਿਆਗਿਆਂ ਹੀ ਜੀਵਨ ਦਾ ਸਹੀ[4] ਰਸਤਾ ਮਿਲਦਾ ਹੈ ਰਹਿਤਵਾਨ ਸਿੰਘ ਨੂੰ ਹੁਕਮ ਦਿਤਾ ਗਿਆ ਕਿ ਉਹ ਕਿਰਤ ਕਰੇ ਪਰ ਕਪਟ ਨਾ ਕਰੇ । ਕਪਟ ਵਿਚ[5]

1. ਕੂੜਿ ਕਪਟਿ ਕਿਨੈ ਨ ਪਾਇਓ ਜੋ ਬੀਜੈ ਖਾਵੈ ਸੋਇ ।
2. ਤੀਰਥ, ਪੁਰਬ, ਸੰਜੋਗ ਲੋਗ ਚਹੁਕੰਡਾ ਦੇ ਆਏ ਜੁੜੰਦੇ ।
   ਚਾਰ ਵਰਨ ਛੇ ਦਰਸਨਾ ਨਾਮ ਦਾਨ ਅਸ਼ਨਾਨ ਕਰੰਦੇ।
   ਜਪ, ਤਪ, ਸੰਜਮ, ਹੋਮ, ਜਗ, ਵਰਤ, ਨੇਮ ਕਰ ਵੇਦ ਸੁਣੰਦੇ ।
   ਗਿਆਨ, ਧਿਆਨ, ਸਿਮਰਨ, ਜੁਗਤ, ਦੇਵੀ, ਦੇਵੀ ਸਥਾਨ ਪੂਜੰਦੇ ।
   ਬਗਾਂ ਬਗੇ ਕਪੜੇ ਕਰ ਸਮਾਧ ਅਪਰਾਧ ਨਿਵੰਦੇ।
   ਸਾਧ ਸੰਗਤ ਗੁਰਸ਼ਬਦ ਸੁਣ ਗੁਰਮੁਖ ਪੰਥ ਨ ਚਾਲ ਚਲੰਦੇ ।
   ਕਪਟ ਸਨੇਹੀ ਫਲ ਨਾ ਲਹੰਦੇ ।

   *(ਭਾ: ਗੁਰਦਾਸ ਜੀ)*

3. ਸੁਣ ਗੁਰ ਕਹਿਓ ਕਿਰਤ ਕਰ ਕੋਈ ।
   ਧਰਮ ਸਮੇਤ ਨਿਰਬਾਹੂ ਸੁਈ ।
   ਕਪਟ ਬਹੀਣ ਜੀਵਕਾ ਕਰੇ ।
   ਪਰ ਕੀ ਵਸਤ ਛਪਾਏ ਨਾ ਧਰੇ ।
4. ਪਰਧਨ, ਪਰਦਾਰਾ, ਪਰਹਰੀ ਤਾਕੇ ਨਿਕਟਿ ਬਸੈ ਨਰ ਹਰੀ ।
5. ਚੋਰੀ ਭਾਕੇ ਕਬਹੂ ਨਾ ਜਾਵੇ ।

   *(ਰਹਿਤਨਾਮਾ ਭਾਈ ਦੇਸਾ ਸਿੰਘ)*

ਸਿੰਘ ਨੂੰ ਕਿਸੇ ਦੀ ਕਰੈਤ ਖਾਣੀ ਮਨ੍ਹਾਂ ਹੈ । ਆਪਣੀ ਕਿਰਤ ਕਰ ਖਾਣੀ ਜ਼ਰੂਰੀ ਹੈ । ਏਥੇ ਪ੍ਰਸ਼ਨ ਹੋ ਸਕਦਾ ਹੈ ਕਿ, ਕੀ ਪ੍ਰਚਾਰਕ, ਗ੍ਰੰਥੀ, ਰਾਗੀ, ਬਿਹੰਗਮ ਤੇ ਅਧਿਆਪਕ ਆਦਿ ਪੂਜਾ ਖਾਂਦੇ ਹਨ ? ਨਹੀਂ । ਜੇ ਉਹ ਸੰਤੋਖੀ ਹੋ, ਆਪਣੇ ਨਿਰਬਾਹ[1] ਮਾਤ੍ਰ ਲਈ ਗ੍ਰਹਿਣ ਕਰਦੇ ਹਨ, ਤਾਂ ਰਹਿਤਵਾਨ ਸਿੰਘ ਦੀ ਤਰ੍ਹਾਂ ਜੀਵਨ ਬਸਰ ਕਰਦੇ ਹਨ, ਪਰ ਜੇ ਲੋਭਵਸ ਹੋ ਨਿਰਬਾਹ ਮਾਤ੍ਰ ਤੋਂ ਜ਼ਿਆਦਾ ਧਨ ਬਟੋਰਦੇ ਹਨ, ਤਾਂ ਲੋਭੀ ਮਨੁਖ ਵਾਂਗ ਉਹਨਾਂ ਦੀ ਕਿਰਤ ਕਪਟ ਦੀ ਹੋ ਜਾਂਦੀ ਹੈ । ਇਸ ਲਈ ਦੂਸਰਿਆਂ[2] ਸਿੰਘਾਂ ਵਾਂਗ ਹੀ ਇਹਨਾਂ ਸ਼ਰੇਣੀਆਂ ਦਿਆਂ ਸਿੰਘਾ ਨੂੰ ਵੀ ਇਹ ਖਿਆਲ ਰਖਣਾ ਪਵੇਗਾ ਕਿ ਉਹਨਾਂ ਦੀ ਕਮਾਈ ਕਿਰਤ ਦੀ ਹੋਵੇ ਕਪਟ ਤੋਂ ਝਾਕ ਪੈਦਾ ਹੁੰਦੀ ਹੈ । ਜਿਸ ਤਰ੍ਹਾ ਬਲਵਾਨ ਲੋਭੀ ਜ਼ਬਰ ਕਰਦਾ ਹੈ, ਓਦਾਂ ਹੀ ਸੁਸਤ ਲੋਭੀ ਝਾਕ ਪੈਦਾ ਹੁੰਦੀ ਹੈ । ਜਿਸ ਤਰ੍ਹਾਂ ਬਲਵਾਨ ਲੋਭੀ ਜਬਰ ਕਰਦਾ ਹੈ, ਚਤਰ ਲੋਭੀ ਠੱਗੀ ਕਰਦਾ ਹੈ ਉਦਾਂ ਹੀ ਸੁਸਤ ਝਾਕ ਰਖਦਾ ਹੈ। ਉਸ ਦਾ ਧਿਆਨ ਸੇਵਾ ਦੇ ਫਰਜ਼ਾਂ ਵਲ ਨਹੀਂ ਰਹਿੰਦਾ, ਸਗੋਂ ਦਾਤਿਆਂ ਦਿਆਂ ਹੱਥਾਂ ਵਲ ਰਹਿੰਦਾ ਹੈ । ਸਿੰਘਾ ਨੇ ਅਜੇਹਾ ਨਹੀਂ ਕਰਨਾ । ਇਹ ਕਾਰਨ ਹੈ ਕਿ ਪੁਰਾਤਨੀ ਸਿੰਘ ਬਿੰਹਗਮ ਸੇਵਾ ਵਲ ਧਿਆਨ ਰਖਦੇ ਸਨ,

---

1. ਜੇ ਕੋਈ ਸਿਖ ਪੁਜਾਰੀ ਅਹੇ । ਸੋ ਭੀ ਪੂਜਾ ਬਹੁਤ ਨ ਗਹੇ ।
ਤਨ ਨਿਰਬਾਹ ਮਾਤਰ ਹੋ ਲੇਵੇ । ਅਧਿਕ ਹੋਵੇ ਤਾਂ ਜਹਿਤਹਿ ਦੇਵੇ ।
ਬਹੁਤੀ ਹੋਇ ਤਾਂ ਦੇਗੋ ਕਰਾਵੈ । ਨਾਤਰ ਗੁਰਦੁਆਰ ਪਰ ਜਾਵੈ ।
ਅਥਵਾ ਸਦਾ ਬਰਤ ਕੋ ਦੇਈ । ਸੁਤ ਯੁਵਤੀ ਹਿਤ ਕਦੇ ਨ ਲੇਹੀ ।
ਜੋ ਪੂਜਾ ਕੋ ਆਪੇ ਖਾਈ । ਧਰਮ ਅਰਥ ਜਤ ਦੇਵੈ ਨਾਹੀ ।
ਤਿਨ੍ਹੇ ਕਲੇਸ਼ ਹੋਏਗੋ ਜੇਈ । ਤਾਂ ਦੁਖ ਕੋ ਜਾਨੇਗੀ ਤੇਈ ।

*(ਭਾਈ ਦੇਸਾ ਸਿੰਘ)*

2. ਗੁਰੂ ਕਾ ਸਿਖ ਜੋ ਧਰਮਸਾਲੀਆਂ ਹੋਵੇ ਸੋ ਕੈਸਾ ਨਿਰਲੋਭੀ, ਨਿਰਮਾਨੀ, ਜਤੀ, ਸਤੀ, ਪਰਸੁਆਰਥੀ, ਧੀਰਜੀ, ਉਦਾਰ, ਦਯਾਵਾਨ. ਪ੍ਰੀਤਵਾਨ, ਤਪੀਆ, ਅਨੰਦ, ਰਹਿਤਵਾਨ ਮਤਸਰ ਬਿਨਾ, ਪੜਦੇ ਕੱਜੂ, ਸੁਚੇਤ ਦੇਹ ਪਵਿਤ੍ਰਤਾ ਟਹਿਲ ਕਰੇ, ਵੰਡ ਖਾਵੇ, ਪ੍ਰਦੇਸੀ ਸਿਖ ਦੀ ਚੀਜ਼ ਵਸਤ ਦੀ ਸੁਚੇਤੀ ਰਖੇ, ਦਰਦਵੰਦ ਹੋਵੇ, ਜਿਸ ਵਿਚ ਇਹ ਗੁਣ ਹੋਣ, ਉਹ ਧਰਮਸਾਲੀਆ ਹੋਵੇ। ਗੁਰੂ ਕੇ ਸਿਖ ਵਾਸੀ ਵਾਲੇ ਐਸੇ ਧਰਮਸਾਲੀਏ ਦੀ ਗੌਰ ਕਰਨ ।

*(ਭਾਈ ਚੋਪਾ ਸਿੰਘ)*

ਝਾਕ ਨਹੀਂ ਸਨ ਰਖਦੇ । ਜੇ ਨਿਰਬਾਹ ਲਈ ਕੁਝ ਪ੍ਰਵਾਨ ਕਰਦੇ ਤਾਂ ਓਸ ਨੂੰ ਦਾਨ ਲੈਣਾ ਨਹੀਂ ਸਗੋਂ ਮੁਆਮਲਾ ਉਗਰਹੁਣਾ ਕਹਿੰਦੇ ਸਨ । ਸੋ ਇਹ ਹੈ ਭੇਦ ਕਮਾਈ ਵਿਚ ਜੋ ਰਹਿਤਵਾਨ ਸਿੰਘ ਨੂੰ ਸਮਝਾਇਆ ਗਿਆ ਹੈ । ਜਿਥੇ ਸੰਜਮਹੀਨ ਮਨੁਖ ਲੋਭ ਦੇ ਵੱਸ ਹੋ ਕਪਟ ਕਰਦਾ ਹੈ ਉਥੇ ਸੰਜਮੀ ਰਹਿਤਵਾਨ ਕੇਵਲ ਲੋੜਾਂ ਪੂਰੀਆਂ ਕਰਨ ਲਈ ਕਿਰਤ ਕਰਦਾ ਹੈ । ਕਰੋਧ ਤੇ ਤੇਜ–

ਚੌਥੀ ਚੀਜ਼ ਮਾਨਸ ਜੀਵਨ ਵਿਚ ਤਰੁਟੀ ਪੈਦਾ ਕਰਨ ਵਾਲੀ ਕਰੋਧ ਹੈ। ਕਰੋਧ ਦੀ ਜੜ੍ਹ ਕਮਜ਼ੋਰੀ ਹੈ । ਜਦ ਹਉਮੈ–ਗ੍ਰਸਤ ਮਨੁਖ ਆਪਣੇ ਤਾਣ ਤੋਂ ਵਧੇਰੇ ਕਾਮਯਾਬੀਆਂ ਪ੍ਰਾਪਤ ਕਰਨ ਦਾ ਲਾਲਚ ਕਰਦਾ ਹੈ ਤਾਂ ਅਸਫਲਤਾ ਹੋਣੀ ਕੁਦਰਤੀ ਹੋਣੀ ਹੁੰਦੀ ਹੈ । ਇਨ੍ਹਾਂ ਨਾਕਾਮਯਾਬੀਆਂ ਤੋਂ ਭੁਲੇ ਮਨੁਖ ਨੂੰ ਕਰੋਧ ਪੈਦਾ ਹੁੰਦਾ ਹੈ । ਇਸ ਕਰਕੇ ਉਹ ਦੀਵਾਨਾ ਜਿਹਾ ਹੋ ਭਲੇ ਬੁਰੇ ਦੀ ਵਿਚਾਰ ਤੋਂ ਰਹਿਤ, ਮਨ ਆਏ ਧੱਕੇ ਸ਼ੁਰੂ ਕਰ ਦੇਂਦਾ ਹੈ । ਕਰੋਧ ਦੀ ਵਧ ਤੋਂ ਭਾਵੇਂ ਮਨੁਖ ਇਤਿਹਾਸ ਦੇ ਹਰ ਇਕ ਪਹਿਲੂ ਵਿਚ ਹੁੰਦੀ ਚਲੀ ਦਿਸ ਆਉਂਦੀ ਹੈ ਪਰ ਖਾਸ ਕਰ ਮਜ਼ਹਬੀ ਦੁਨੀਆਂ ਵਿਚ ਇਸ ਦਾ ਬਹੁਤ ਜ਼ੋਰ ਹੈ । ਸਾਰੀਆਂ ਦੁਨੀਆਂ ਨੂੰ ਆਪਣੇ ਦੀਨ ਵਿਚ ਲਿਆਉਣ ਦੇ ਝੂਠੇ ਖਿਆਲ ਵਿਚ ਅਸਫਲ ਹੋਏ[1] ਮਜਾਵਰ, ਕਰੋਧ

1. ਇਤਹਾਸ ਵਿਚ ਆਇਆ ਹੈ ਜਦ ਵਜ਼ੀਰਖਾਂ ਨਾਜ਼ਮ ਸਰਹੰਦ ਦੇ ਸਾਹਮਣੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਦੋ ਸਾਹਿਬਜ਼ਾਦੇ, ਸਾਹਿਬ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਹ ਸਿੰਘ ਜੀ ਪੇਸ਼ ਕੀਤੇ ਗਏ ਤਾਂ ਸੂਬੇ ਦੀ ਇਖਤਲਾਫ਼ ਰਾਏ ਦੇ ਬਾਵਜੂਦ ਭੀ ਮਜ਼ਹਬੀ ਕਾਜ਼ੀਆਂ ਅਤੇ ਮੁਫਤੀਆਂ ਨੇ ਇਨ੍ਹਾਂ ਮਾਸੂਮ ਬਚਿਆਂ ਨੂੰ ਜ਼ਿੰਦਾ ਦੀਵਾਰਾਂ ਵਿਚ ਚੁਣਨ ਦਾ ਫੈਸਲਾ ਦੇ ਦਿਤਾ । ਜਦ ਇਨ੍ਹਾਂ ਦੇ ਇਸ ਫੈਸਲੇ ਨੂੰ ਹਕੂਮਤ ਮਜ਼ਹਬ ਦੇ ਰੁਹਬ ਤੋਂ ਡਰਦੀ, ਮੰਨਣ ਤੇ ਮਜਬੂਰ ਹੋਈ ਤਾਂ ਇਹ ਵਿਚਾਰਿਆ ਗਿਆ ਕਿ ਐਸਾ ਅਤਯਾਚਾਰ ਕਰੇ ਕੌਣ? ਆਖਰ ਵਜ਼ੀਰ ਖਾਂ ਨੇ ਮਲੇਰ ਕੋਟਲੇ ਦੇ ਪਠਾਨ ਸੂਦਾਰਾਂ ਨੂੰ ਇਸ਼ਾਰਾ ਕਰਕੇ ਕਿਹਾ ਕਿ ਤੁਸਾਡੇ ਬੜੇ ਭਾਈ ਨੂੰ ਇਨ੍ਹਾਂ ਦੇ ਪਿਤਾ ਨੇ ਕਤਲ ਕੀਤਾ ਸੀ । ਇਸ ਕਰਕੇ ਤੁਸਾਂ ਦਾ ਕਸਾਸ (ਖ਼ੂਨ ਬਦਲੇ ਖ਼ੂਨ) ਇਸ ਖਾਨਦਾਨ ਦੇ ਸਿਰ ਤੇ ਹੈ । ਹੁਣ ਵਕਤ ਹੈ ਚੁਕਾ ਲਵੋ । ਇਹ ਸੁਣਦਿਆਂ ਹੀ ਉਨ੍ਹਾਂ ਪਠਾਣਾਂ ਦੇ ਮੂੰਹੋਂ, ਜੋ ਪੇਸ਼ਾਵਰ ਸਿਪਾਹੀ ਸਨ, ਮਜ਼ਹਬੀ ਮੁਕਦਮ ਨਹੀਂ ਸਨ, ਜਿਹੜੇ ਮਨੁਖ ਕਮਜ਼ੋਰੀਆਂ ਕਰਦੇ ਦੁਨੀਆਂ ਦੇ ਐਸ਼ੋਇਸ਼ਰਤ ਭੀ ਭੋਗ ਲੈਂਦੇ ਸਨ, ਬਦੋਬਦੀ ਹਾਅ ਦਾ ਨਾਹਰਾ ਨਿਕਲ ਗਿਆ। ਉਨ੍ਹਾਂ ਨੇ ਕਿਹਾ ਕਿ ਅਸੀਂ ਬਦਲਾ ਇਨ੍ਹਾਂ ਦੇ ਬਾਪ ਤੋਂ ਲਵਾਂਗੇ, ਇਨ੍ਹਾਂ ਮਾਸੂਮਾਂ ਤੇ

ਆਤਰ ਹੋ ਭਿਆਨਕ ਤੋਂ ਭਿਆਨਕ ਜ਼ੁਲਮ ਕਰਨ ਤੋਂ ਵੀ ਨਹੀਂ ਟਲੇ । ਜਿਹਾ ਕਿ ਮਤਭੇਦ ਰਖਣ ਵਾਲਿਆਂ ਨੂੰ ਜ਼ਿੰਦਾ ਜਲਾ ਦੇਣਾ, ਉਨ੍ਹਾਂ ਦੇ ਬੰਦ ਬੰਦ ਕਟ ਦੇਣੇ, ਪੁਠੀਆਂ ਖੱਲਾਂ ਲਾਹ ਦੇਣੀਆਂ, ਜੀਉਂਦੇ ਧਰਤੀ ਵਿਚ ਗੱਡ ਕੁਤਿਆਂ ਤੋਂ ਤੁੜਵਾ ਦੇਣਾ ਤੇ ਮਾਸੂਮ ਬਚਿਆਂ ਤਕ ਨੂੰ ਜੀਉਂਦਿਆਂ ਦੀਵਾਰਾਂ ਵਿਚ ਚਿਣ ਦੇਣਾ । ਇਨ੍ਹਾਂ ਮਜ਼ਹਬੀ ਕਰੋਧੀਆਂ ਦੀਆਂ ਕਰਤੂਤਾਂ ਤੋ ਬਹੁਤ ਵੇਰ ਦੁਨੀਆਂ ਦੀਆਂ ਸਾਧਾਰਨ ਜ਼ਿੰਦਗੀਆਂ ਭੀ ਕੰਬ ਉਠੀਆਂ ਤੇ ਉਨ੍ਹਾਂ ਦੇ ਮੂੰਹੋਂ ਸੁਤੇ ਸਿਧ ਹੀ ਹਾਹਾਕਾਰ ਨਿਕਲ ਗਈ। ਸਿਖੀ ਦਾ ਪ੍ਰੋਗਰਾਮ ਭੀ ਧਾਰਮਕ ਸੀ । ਉਸ ਨੇ ਵੀ ਜੀਵਨ ਦਾ ਨਵਾਂ ਪ੍ਰੋਗਰਾਮ ਲੋਕਾਂ ਦੇ ਸਾਹਮਣੇ ਰਖਣਾ ਸੀ । ਇਸ ਲਈ ਉਨ੍ਹਾਂ ਨਾਲ ਦੂਜਿਆਂ ਦਾ ਮਤਭੇਦ ਹੋ ਜਾਣਾ ਕੁਦਰਤੀ ਸੀ । ਸਤਗੁਰਾਂ ਨੇ ਇਹ ਗਲ ਜਾਣਦਿਆਂ ਹੋਇਆਂ ਸਿੰਘ ਦੇ ਮਨ ਨੂੰ ਕਰੋਧ ਵਲੋਂ ਬੜਾ ਸੁਚੇਤ ਕੀਤਾ ਹੈ । ਉਹ ਕਰੋਧ ਨੂੰ ਮਨੁਖ ਜੀਵਨ ਲਈ ਅਤਿਅੰਤ ਗੁਮਰਾਹ ਕਰਨ ਵਾਲਾ ਸਮਝਦੇ ਹਨ । ਇਸ ਵਾਸਤੇ ਗੁਰੂ ਹਿਤ ਜਗਤ ਦੀ ਸੇਵਾ ਕਰਨ ਲਈ, ਸਿਖ ਦੇ ਤਨ ਮਨ ਵਿਚ ਉਨ੍ਹਾਂ ਨੇ ਰਾਮਰਤਨ ਪ੍ਰਵੇਸ਼ ਕਰਾਨ ਦਾ ਉਦਮ ਕੀਤਾ । ਇਸ[1] ਰਤਨ ਨੂੰ ਕਰੋਧ ਨੂੰ ਤਿਆਗਿਆ ਵੀ ਕਿਉਂ ਨਾ ਜਾਵੇ ਇਹ ਮਨੁਖ ਜੀਵਨ ਵਿਚ ਕੋਈ ਲੋੜਵੰਦੀ ਅਸਲੀਅਤ ਨਹੀਂ । ਇਹ ਤਾਂ ਹਉਮੈਂ ਲੰਪਟ ਬਿਰਤੀ ਤੋਂ ਪੈਦਾ ਹੋਇਆ ਧੰਧਾ ਹੈ । ਇਸ ਤੋਂ ਬੁਰਿਆਈ ਹੀ ਪੈਦਾ ਹੋਣੀ ਹੈ, ਇਸ ਲਈ ਛਡਣਾ ਹੀ[2] ਬਣ ਆਇਆ ਹੈ । ਰਹਿਤਵਾਨ ਸਿਖ ਨੂੰ ਇਸ ਦੇ ਤਿਆਗ ਦੀ ਤਾਕੀਦ ਕੀਤੀ ਗਈ ਹੈ । ਇਹ ਵਡੀਆਂ ਬੁਰਿਆਈਆਂ ਵਿਚੋਂ ਇਕ ਸਮਝਿਆ ਗਿਆ ਹੈ । ਜਿਸ ਕਰਕੇ ਮਨੁਖ ਨੂੰ ਕਰੜੀ[3] ਸਜ਼ਾ ਭੋਗਣੀ

ਅਤਯਾਚਾਰ ਨਹੀਂ ਕਰਦੇ ।

1. ਦੁਤੀਆ ਦੁਰਮਤਿ ਦੂਰਿ ਕਰਿ ਗੁਰਸੇਵਾ ਕਰਿ ਨੀਤ ।
ਰਾਮਰਤਨੁ ਮਨਿ ਤਨਿ ਬਸੈ ਤਜਿ ਕਾਮੁ ਕਰੋਧੁ ਲੋਭੁ ਮੀਤ ।
ਤਥਾ:- ਸਾਧੋ ਮਨ ਕਾ ਮਾਨੁ ਤਿਆਗਉ ।
ਕਾਮ ਕ੍ਰੋਧ ਸੰਗਤਿ ਦੁਰਜਨ ਕੀ ਤਾਤੇ ਅਹਿਨਿਸ ਭਾਗੋ ।
ਤਥਾ:- ਗੁਰ ਕੇ ਚਰਨ ਕਮਲ ਨਮਸਕਾਰਿ ਕਾਮੁ ਕ੍ਰੋਧ ਇਸ ਤਨ ਤੇ ਮਾਰਿ ।
2. ਛੋਡਹੁ ਕਾਮ ਕ੍ਰੋਧੁ ਬੁਰਿਆਈ ਹਉਮੈ ਧੰਧੁ ਛੋਡਹੁ ਲੰਪਟਾਈ ।
3. ਮਾਂਇ ਭੈਣ ਜੋ ਆਵੇ ਸੰਗਤ । ਦ੍ਰਿਸਟ ਬੁਰੀ ਦੇਖੇ ਤਿਸ ਪੰਗਤ ।
ਸਿਖ ਹੋਏ ਜੋ ਕਰੇ ਕਰੋਧ । ਕੰਨਯਾ ਮੂਲ ਨ ਦੇਵੇ ਸੋਧ ।

ਪੈਂਦੀ ਹੈ । ਇਸ ਕਰੋਧ ਤੋਂ ਬੁਧ ਨਾਸ ਹੁੰਦੀ ਹੈ ਬੁਧਹੀਨ ਪੁਰਸ਼ ਧਰਮ ਕਰ ਹੀ ਨਹੀਂ ਸਕਦਾ । ਇਹੀ ਵਜਾਹ ਹੈ ਕਿ ਦੁਨੀਆਂ ਦਾ ਕੋਈ ਮਹਾਨ ਪਾਪ ਵੀ ਨਹੀਂ ਜੋ ਕਰੋਧੀ ਨਾ ਕਰ ਸਕੇ ਹੋਣ । ਸਤਗੁਰਾਂ ਨੇ ਖ਼ੁਦ ਇਸਦਾ ਜ਼ਿਕਰ ਭਾਈ[1] ਮੱਖਣ ਸ਼ਾਹ ਨੂੰ ਉਪਦੇਸ਼ ਦੇਂਦਿਆ ਹੋਇਆ ਕੀਤਾ ਹੈ ।

ਕਈ ਵਾਰੀ ਲੋਕਾਂ ਨੂੰ ਭਰਮ ਲਗ ਜਾਂਦਾ ਹੈ ਕਿ ਪਾਪ ਨਾਸ਼ ਅਤੇ ਧਰਮ ਥਾਪਨ ਹਿਤ ਕੀਤੀ ਹੋਈ ਕ੍ਰਿਯਾ ਵੀ ਕਰੋਧ ਕਰਕੇ ਹੀ ਕੀਤੀ ਜਾ ਸਕਦੀ ਹੈ । ਪਰ ਇਹ ਗਲ ਉਕੀ ਹੀ ਨਿਰਮੂਲ ਹੈ । ਕਰੋਧ ਜਿਹਾ ਕਿ ਪਿਛੇ ਦਸਿਆ ਜਾ ਚੁਕਾ ਹੈ, ਹੰਕਾਰੀ ਮਨੁਖ ਦੀਆਂ ਮਨੋ ਮਈ ਕਲਪਤ ਕਾਮਨਾਵਾਂ ਦੇ ਪੂਰੇ ਨਾ ਹੋ ਸਕਣ ਤੇ ਘਬਰਾਹਟ ਤੋਂ ਪੈਦਾ ਹੋਇਆ ਜ਼ਜਬਾ ਹੈ । ਪਰ ਇਸ ਦੇ ਐਨ ਉਲਟ ਹੈ ਇਕ ਹੋਰ ਜਜ਼ਬਾ ਜਿਸ ਨੂੰ ਤੇਜ਼ ਕਿਹਾ ਜਾਂਦਾ ਹੈ । ਹਉਮੈਂ ਗ੍ਰਸਤ ਪ੍ਰਾਣੀਆਂ ਦੇ ਨਾਜਾਇਜ਼ ਮਨਸੂਬਿਆਂ ਨੂੰ ਮਿਟੀ ਵਿਚ ਮਲਾਨ ਲਈ, ਜਲਾਲ ਵਿਚ ਆਈ ਹੋਈ ਮਨੁਖਤਾ । ਸਿੰਘ ਵਿਚ ਤੇਜ ਹੋਣਾ ਜ਼ਰੂਰੀ ਹੈ । ਕਿਉਂ ਜੋ ਉਸ ਨੇ ਨਿਰਾ ਸ਼ਖਸੀ ਜੀਵਨ ਹੀ ਨਹੀਂ ਜੀਣਾ ਸਗੋਂ ਸੰਸਾਰਕ ਵੀ ਜੀਣਾ ਹੈ । ਉਸ ਨੇ ਆਪਣਾ ਭਲਾ ਹੀ ਨਹੀਂ ਚਿਤਵਨਾ। ਸੰਸਾਰ ਦੀ ਸੇਵਾ ਵੀ ਕਰਨੀ ਹੈ । ਜਾਤੀ ਕਲਿਆਨ ਹੀ ਨਹੀਂ ਲੋਚਣੀ, ਪਰਾਈ ਭਲਾਈ ਵੀ ਮੁਖ ਰਖਨੀ ਹੈ । ਇਸ ਕਰਕੇ ਉਸ ਨੇ ਬੇਗਾਨੇ ਦਰਦਾਂ ਦਾ ਦਾਰੂ ਤੇ ਬਿਗਾਨੀਆਂ ਪੀੜਾਂ ਲਈ ਪੁਰਜ਼ੇ ਹੋਣ ਵਾਲਾ ਉਪਕਾਰੀ ਬਨਣਾ ਹੈ । ਹੁਣ ਇਹ ਗਲ ਤਾਂ ਸਪਸ਼ਟ ਹੀ ਹੈ ਕਿ ਸੰਸਾਰ ਵਿਚ ਹਉਮੈ ਗ੍ਰਸਤ ਮਨੁਖ ਥਾਂ ਥਾਂ ਦੂਸਰਿਆਂ ਤੇ ਜ਼ੁਲਮ ਕਰਦੇ ਤੇ ਗਰੀਬਾਂ ਨੂੰ ਸਤਾਂਦੇ ਹਨ । ਇਨ੍ਹਾਂ ਸਤਿਆਂ ਹੋਇਆਂ ਦੀ ਬਾਹੁੜੀ ਕਰਨੀ ਸਿੰਘ ਦਾ ਮੁਖ ਕਰਤਵ ਹੈ । ਜਿਸ ਤਰ੍ਹਾਂ ਹਰ ਖੇਤੀ ਤੇ ਫੁਲਵਾੜੀ ਲਈ ਵਾੜ ਦੀ

---

ਧੀ ਭੈਣ ਕਾ ਪੈਸਾ ਖਾਏ । ਗੋਬਿੰਦ 'ਸਿੰਘ ਧੱਕੇ ਜਮ ਲਾਏ ।
*(ਤਨਖਾਹ ਨਾਮਾ ਭਾਈ ਨੰਦ ਲਾਲ ਜੀ)*

1. ਹੋਇ ਕ੍ਰੋਧ ਵਧ ਕਰਤ ਕੁਕਰਮ । ਬੁਧ ਸਭ ਨਸਹਿ ਤਿਆਗਹਿ ਧਰਮ ।
ਜਬ ਨਰ ਕੇ ਉਹ ਕ੍ਰੋਧ ਉਪਾਇ । ਕੋ ਅਸ ਪਾਪ ਜੋ ਕਰ ਨਾ ਸਕਾਇ ।
*(ਸੂਰਜ ਪ੍ਰਕਾਸ਼)*

ਜ਼ਰੂਰਤ ਹੈ, ਓਦਾਂ ਹੀ ਮਨੁਖ ਜਾਤੀ ਨੂੰ ਹੰਕਾਰੀ ਜਾਬਰ ਜਰਵਾਨਿਆ ਦੇ ਜ਼ੁਲਮ ਤੋਂ ਬਚਾਣ ਲਈ ਤੇਜ਼ਸਵੀ ਸੇਵਕਾਂ ਦੀ ਲੋੜ ਹੈ । ਤੇਜਵਾਨ ਧੱਕਾ ਨਹੀਂ ਕਰਦਾ, ਪਰ ਧੱਕਾ ਆਪਣੇ ਯਾ ਬਗਾਨੇ ਤੇ ਹੁੰਦਾ ਹੋਇਆ[1] ਸਹਾਰ ਵੀ ਨਹੀਂ ਸਕਦਾ । ਉਹ ਜ਼ਾਲਮ ਨਹੀਂ ਜ਼ੁਲਮ ਨਾਸ਼ੀ ਹੈ । ਮਾਰਦਾ ਨਹੀਂ ਪਰ ਮੌਤ ਨੂੰ ਰੋਕਦਾ ਹੈ । ਇਸ ਲਈ ਉਸ ਨੂੰ ਭਾਵੇਂ ਮਾਰਨ ਲਈ ਨਹੀਂ ਪਰ ਦੂਜਿਆਂ ਤੇ ਪੈਂਦਾ ਮਾਰ ਨੂੰ ਰੋਕਣ ਲਈ ਤੇਜਸਵੀ ਹੋ ਬੀਰ ਕ੍ਰਿਯਾ ਕਰਨੀ ਪੈਂਦੀ ਹੈ । ਪਵੇ ਵੀ ਕਿਉਂ ਨਾ ? ਜੋ ਵੀ ਮਨੁਖ ਆਪਣੇ ਆਪ ਨੂੰ ਜਗਤ ਜੀਵਨ ਪ੍ਰਭੂ ਦੀ ਜੋਤ ਦੀ ਅੰਸ਼ ਸਮਝਦਾ ਹੋਵੇ ਤੇ ਉਸ ਦੇ ਸਿਮਰਨ ਵਿਚ ਤਤਪਰ ਰਹੇ, ਉਹ ਇਹ ਕਿਸ ਤਰ੍ਹਾਂ ਵੇਖ ਸਕਦਾ ਹੈ ਕਿ ਉਸ ਦੇ ਸਾਹ-ਮਣੇ ਖਾਲਕ ਦੀ ਖਲਕ ਉਤੇ ਜ਼ੁਲਮ ਹੋ ਸਕੇ । ਉਹ ਕਾਇਰ ਤੇ ਹੈ ਨਹੀਂ, ਕਿ ਸਿਰ ਤੇ ਪੈਣ ਵਾਲੀਆਂ ਬਲਾਵਾਂ ਤੋਂ ਡਰਦਾ ਹੋਇਆ ਚੁਪ ਕਰ ਰਹੇ । ਉਸ ਨੂੰ ਇਹ ਨਿਸਚਾ ਹੈ ਕਿ ਦੇਹ ਤਾਂ ਰਹਿਣ ਵਾਲੀ ਹੈ ਹੀ ਨਹੀਂ ਤੇ ਸੰਸਾਰ ਤੋਂ ਚਲੇ ਜਾਣਾ ਹੈ । ਫਿਰ ਕਿਉਂ ਨਾ ਇਸ[2] ਭਵਸਾਗਰ ਨੂੰ ਯਸ਼ ਦੀ ਨੌਕਾ ਤੇ ਚੜ੍ਹ ਕੇ ਪਾਰ ਕਰੇ। ਐਸਾ ਬੀਰ ਜਦ ਪਰ ਰਖਸ਼ਾ ਹਿਤ ਰਣ ਮੰਡਦਾ ਹੈ ਤਾਂ ਆਪਣੇ ਆਪ ਨੂੰ ਧੀਰਜ ਦਾ ਘਰ ਬਣਾ ਲੈਂਦਾ ਹੈ । ਬੁਧੀ ਦਾ ਦੀਪਕ ਉਸ ਦੇ ਅੰਤਰ ਜਗ ਉਠਦਾ ਹੈ, ਤੇ ਉਪਕਾਰ ਹਿਤ ਚੜ੍ਹਨ ਸਮੇਂ ਜੇ ਕੁਸੰਗਤ ਕਰਕੇ ਕੋਈ ਰੁਕਾਵਟ ਪੈਦਾ ਵੀ ਹੋਵੇ ਤਾਂ ਉਸ ਨੂੰ ਗਿਆਨ ਦੀ ਤਲਵਾਰ ਨਾਲ ਕੱਟ ਸੁਟਦਾ ਹੈ। ਇਸ ਉਪਕਾਰ ਹਿਤ ਵਰਤੇ ਜਾਣ ਵਾਲੇ ਤੇਜ਼ ਦਾ ਪੁੰਜ ਹੋਣ ਕਰਕੇ ਹੀ[3] ਰਹਿਤਵਾਨ ਸਿੰਘ ਨੂੰ ਸਦਾ

SIKHBOOKCLUB.COM

1. ਭੈ ਕਾ ਹੂੰ ਕਉ ਦੇਤ ਨਹਿ ਨਹਿ ਭੈ ਮਾਨਤ ਆਨਿ ।
ਕਹੁ ਨਾਨਕ ਸੁਨ ਰੇ ਮਨਾ ਗਿਆਨੀ ਤਾਹਿ ਬਖਾਨਿ ।

2. ਧੰਨ ਜੀਉ ਤਹਿ ਕ ਜਗ ਮਹਿ ਮੁਖ ਤੇ ਹਰ ਚਿਤ ਮਹਿ ਜੁਧ ਬੀਚਾਰੈ ।
ਦੇਹ, ਅਨਿਤ ਨ ਨਿਤ ਰਹੇ, ਯਸ਼ ਨਾਵ ਚੜ੍ਹੇ ਭਵਸਾਗਰ ਤਾਰੇ ।
ਧੀਰਜ ਧਾਮ ਬਨਾਏ ਅਹੈ ਤਨ ਬੁਧ ਸੋ ਦੀਪਕ ਜਿਉਂ ਉਜਿਆਰੇ ।
ਗਿਆਨੇ ਕੀ ਬਢਨੀ ਮਨ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੇ ।

3. ਕਢ਼ ਕਿਰਪਾਨ ਨਾ ਕਬਹੂ ਤਿਆਗੇ।
ਮਨਮੁਖ ਲੜੇ ਨਾ ਰਣ ਤੇ ਭਾਗੇ ।

*(ਪ੍ਰੇ-ਪ੍ਰਧਾਨ ਉਤ੍ਰੀ ਭਾਈ ਨੰਦਲਾਲ ਜੀ)*

ਸ਼ਸਤਰ ਧਾਰੀ ਰਹਿਣ ਦਾ ਹੁਕਮ ਕੀਤਾ ਗਿਆ ਹੈ, ਭਾਵ ਸ਼ਸਤਰ ਉਸ ਨੇ
ਵਰਤਨਾ ਕਿਸੇ ਦੇ ਹਮਲੇ ਨੂੰ ਰੋਕਣ ਹਿਤ ਹੀ ਹੈ ਪਰ ਅਗ ਲਗਿਆਂ ਤੋਂ
ਖੂਹ ਪੁੱਟੇ ਨਹੀਂ ਜਾ ਸਕਦੇ । ਇਸੇ ਤਰ੍ਹਾਂ ਹੀ ਉਪਕਾਰੀ ਜੋ ਪਹਿਲੇ ਤੋਂ
ਨਸਧਬਧ ਨ ਹੋਵੇ ਤਾਂ ਸ਼ਸਤਰ ਦੀ ਵਰਤੋਂ ਨ ਜਾਣੇ, ਤਾਂ ਕਿਸੇ ਥਾਂ ਤੇ ਜ਼ਬਰ
ਯਾ ਜ਼ੁਲਮ ਹੁੰਦਾ ਦੇਖ ਉਸ ਨੂੰ ਰੋਕਣ ਸਮਰਥ ਨਹੀਂ ਹੋ ਸਕੇਗਾ । ਇਸ
ਲਈ ਹੀ ਰਹਿਤਵਾਨ ਸਿੰਘ ਨੂੰ ਹੁਕਮ ਹੈ ਕਿ ਭਾਵੇਂ ਉਸ ਨੇ ਤਲਵਾਰ
ਵਰਤਨੀ ਤੇ ਉਦੋਂ ਹੀ ਹੈ ਜਦੋਂ ਹੋਰ ਕੋਈ[1] ਚਾਰਾ ਨ ਰਹਿ ਜਾਏ ਪਰ ਰਖੇ
ਸਦਾ ਅੰਗ ਸੰਗ । ਸਿੰਘ ਨੇ ਆਪਣੇ ਜਗਤ ਵਿਵਹਾਰ ਵਿਚ ਵਰਤੋਂ
ਗਰੀਬੀ ਦੀ ਕਰਨੀ ਹੈ । ਸਭ ਨਾਲ ਸੇਵਕ ਹੋ ਵਰਤਨਾ ਹੈ । ਮਿਠਾ ਬੋਲਨਾ
ਹੈ । ਪਰ ਜਦ ਲੋਕਾਂ ਤੇ[2] ਅਨਯਾਏ ਬਾਦਸ਼ਾਹ ਹੀ ਕਿਉਂ ਨਾ ਕਰਦਾ ਹੋਵੇ ।
ਸਿੰਘ ਕਿਸੇ ਤੇ ਅਨਯਾਏ ਹੁੰਦਾ ਦੇਖ ਬਰਦਾਸ਼ਤ ਨਹੀਂ ਕਰ ਸਕਦਾ । ਜੇ
ਕਰੇ ਤਾਂ ਸਿੰਘ ਜੀਵਨ ਵਿਚ ਕਰੋਧ ਦੀ ਥਾਂ ਤੇਜ ਦੀ ਵਰਤੋਂ ਕਰਨੀ ਹੈ ।
ਜਿਸ ਤਰ੍ਹਾਂ ਵਿਕਾਰ ਦੀ ਥਾਂ ਗ੍ਰਹਿਸਥ, ਕਪਟ ਦੀ ਥਾਂ ਕਿਰਤ, ਹੰਕਾਰ ਦੀ
ਥਾਂ ਸਵੈ-ਸਤਕਾਰ ਹੈ, ਉਸੇ ਤਰ੍ਹਾਂ ਹੀ ਸਿੰਘ ਜੀਵਨ ਵਿਚ ਕਰੋਧ ਦੀ ਥਾਂ
ਤੇਜ ਹੈ । ਕਰੋਧੀ ਆਪਣੀ ਗਰਜ਼ ਲਈ ਜੋਸ਼ ਵਿਚ ਆਉਂਦਾ ਹੈ, ਤੇ ਤੇਜ-
ਵਸੀ ਉਪਕਾਰ ਹਿਤ ਉਠਦਾ ਹੈ । ਕਰੋਧੀ ਸ਼ਕਸਤ ਵਿਚ ਮਾਯੂਸ ਹੋ
ਜਾਂਦਾ ਤੇ ਔਕੜਾਂ ਵਿਚ ਉਠ ਭਜਦਾ ਹੈ, ਤੇਜਵਸੀ ਹਾਰ ਜਿਤ ਦੋਹਾਂ
ਵਿਚ ਸਮਾਨ ਰਹਿੰਦਾ ਹੋਇਆ ਰਣ ਵਿਚ ਅਖੀਰ ਤਕ ਜੂਝ ਮਰਦਾ ਹੈ ।[3]
ਸ਼ਸਤਰਧਾਰੀ ਸਿੰਘ ਲਈ ਆਗਿਆ ਹੀ ਇਹ ਹੈ । ਸਿੰਘ ਚਲਨ ਵਿਚ

1. ਹੰਕਾਰ ਅਜ਼ਹਮਾ ਹੀਲਤੇ ਦਰਗੁਜ਼ਸ਼ਤ ।
ਹਲਾਲਅਸਤ ਬੁਰਦਨ ਬ ਸ਼ਮਸ਼ੀਰ ਦਸ਼ਤ ।
*(ਜ਼ਫਰ ਨਾਮਾ)*

2. ਔਰ ਹਥਿਆਰ ਆਪ ਸਿਉਂ ਜੁਦਾ ਨ ਕਰੇ ਸਿੰਘ ਮੁਖ ਗਊ ਹੋ ਰਹੇ, ਜਦ ਜਾਣੇ ਕਿ ਕੋਈ ਦੁਸ਼ਟ ਖੈਹੜਾ ਛਡਦਾ ਨਹੀਂ ਔਰ ਧਰਮ ਕੀ ਬਾਤ ਹੈ, ਰਾਜਾ ਨਿਆਉਂ ਨਹੀਂ ਕਰਦਾ ਤਾਂ ਵਕਤ ਵੇਖ ਕੇ ਸ਼ਾਸਤ੍ਰ ਚਲਾਵੇ । ਅੰਤ ਕੋ ਅੰਤ ਲਾਚਾਰੀ ਹੈ ।
*(ਪ੍ਰੇਮ ਸਮਾਰਗ)*

3. ਰਣ ਮਹਿ ਪਿਠ ਨਹੀਂ ਦੇਨੀ ।
*(ਰਹਿਤਨਾਮਾ ਭਾਈ ਚੋਪਾ ਸਿੰਘ)*

SIKHBOOKCLUB.COM

ਤੇਜ ਦੀ ਵਰਤੋਂ ਕੇਵਲ ਪੁਰਸ਼ਾਂ ਹੀ ਨਹੀਂ ਕੀਤੀ ਸਗੋਂ ਨਾਰੀਆਂ ਨੇ ਵੀ ਕਰਕੇ ਵਖਾਈ ਹੈ । ਤੇਜਸਵੀ ਨੇ ਜ਼ੁਲਮ ਰੋਕਣਾ ਹੈ ਜੇ ਜਰਵਾਨਾ ਜ਼ਿੰਦਾ ਰਹਿ ਕੇ ਬੁਰਾਈ ਤੋਂ ਟਲ ਸਕੇ ਤਾਂ ਉਸ ਨੂੰ ਟਾਲਨ ਲਈ ਤੇਜਵਸੀ ਆਪਣੇ ਪ੍ਰਾਣ ਤਕ ਦੀ ਕੁਰਬਾਨੀ ਵੀ ਦੇਂਦਾ ਹੈ । ਪਰ ਜੇ ਕਿਸੇ ਚਾਰੇ ਕਰ ਕੇ ਵੀ ਉਹ ਨ ਟਲੇ ਤਾਂ ਓੜਕ ਉਸ ਦੀ ਅਭਿਮਾਨ ਕਰ ਹਲਕਾਏ ਹੋਏ ਜੀਵਨ ਤੋਂ ਖਲਾਸੀ ਕਰਾ ਦੇਣੀ ਹੀ ਜ਼ਰੂਰੀ ਹੁੰਦੀ ਹੈ । ਸਿੰਘ ਆਮ ਤੌਰ ਤੇ ਇਸ ਵਰਤੋਂ ਲਈ ਸ਼ਸਤਰ ਚਲਾਂਦੇ ਰਹੇ ਹਨ ਪਰ ਸਿੰਘਣੀਆਂ ਵੀ ਕੁਛ ਪਿਛੇ ਨਹੀਂ ਰਹੀਆਂ । ਉਨ੍ਹਾਂ ਨੇ ਦਾਨ ਰਖਯਾ ਹਿਤ ਆਪਣਾ ਆਪ, ਨਿਜ ਸੰਤਾਨ, ਤੇ ਇਸਤ੍ਰੀ ਲਈ ਸਭ ਤੋਂ[1] ਸ੍ਰੇਸ਼ਟ, ਸੁਹਾਗ ਤਕ ਕੁਰਬਾਨ ਕਰ ਦਿਤਾ ਹੈ । ਗਲ ਕੀ ਸਿੰਘ ਜੀਵਨ ਵਿਚ ਇਸ ਪਵਿਤ੍ਰ ਜਜ਼ਬੇ ਨੂੰ ਜੋ ਮਨੁ-ਖਤਾ ਦੇ ਸਹੀ ਆਤਮ ਸ੍ਵਰੂਪ ਦਾ ਚਮਕਾਰਾ ਸੀ, ਤੇ ਜਿਸ ਨੂੰ ਹਉਮੈ ਗ੍ਰਹਿਸਤ ਮਨੁਖਾਂ ਨੇ ਕਰੋਧ ਵਿਚ ਬਦਲ ਦਿਤਾ ਸੀ, ਫਿਰ ਸਹੀ ਰੂਪ ਵਿਚ ਲਿਆ ਤੇਜ ਸਰੂਪ ਕਰ ਵਰਤਿਆ ਹੈ ।

SIKHBOOKCLUB.COM

## ਮੋਹ ਤੇ ਪ੍ਰੇਮ

ਮਨੁਖ ਸੰਸਾਰ ਰਚਨਾ ਦੇ ਇਕ ਅੰਗ ਹੋਣ ਕਰਕੇ ਰਚਨਾ ਨਾਲ ਲਗਾਓ ਹੋ ਜਾਣਾ ਕੁਦਰਤੀ ਗਲ ਹੈ । ਇਹ ਅਨਗਿਣਤ ਸਮੇਂ ਤੋਂ ਇਸ[2] ਰਚਨਾ ਵਿਚ ਜਮਦਾ, ਪਲਦਾ, ਤੇ ਬਿਨਸਦਾ, ਅਤੇ ਬਿਨਸ ਕੇ ਫਿਰ ਪੈਦਾ ਹੁੰਦਾ ਚਲਾ ਆ ਰਿਹਾ ਹੈ । ਇਸ ਲਈ ਇਸ ਦਾ ਮਿਰਤ ਮੰਡਲ ਨਾਲ

---

1. ਸਿੰਘ ਨਾਰੀਓਂ ਕਾ ਕੋਈ ਸਾਹਸ ਬਿਖਾਨੇ ਕਿਆ,
   ਬੈਰੀਅਨ ਕੇਬਨ ਕੋ ਵੋਹ ਆਗ ਸੌਂਪ ਦੇਤੀ ਹੈ ।
   ਦਾਨਵ ਕੇ ਜਬੜੋਂ ਮੇਂ ਮਾਨਵਤਾ ਛੀਨ ਸ਼ਿਸ਼ੂ,
   ਮਾਨਵ ਕੋ ਮਾਨਵੀ ਭਾਗ ਸੌਂਪ ਦੇਤੀ ਹੈ ।
   ਗੌਰਵ ਕੇ ਰਖਸ਼ਨ ਮਹਿ ਚੰਡਕਾ ਕੇ ਖੱਪਰ ਕੋ,
   ਸਬ ਅਨਰਾਗ ਆਪਣੇ ਸੁਹਾਗ ਸੌਂਪ ਦੇਤੀ ਹੈ ।
2. ਕਈ ਜਨਮ ਭਏ ਕੀਟ ਪਤੰਗਾ, ਕਈ ਜਨਮ ਗਜਮੀਨ ਕੁਰੰਗਾ ।
   ਕਈ ਜਨਮ ਪੰਖੀ ਸਰਬ ਹੋਇਓ, ਕਈ ਜਨਮ ਹੈਵਰ ਬ੍ਰਿਖ ਜੋਇਓ ।
   ਮਿਲੁ ਜਗਦੀਸ ਮਿਲਨ ਕੀ ਬਰੀਆ, ਚਿਰੰਕਾਲ ਇਹ ਦੇਹ ਸੰਜਰੀਆ ।

ਸਨੇਹ ਹੋ ਜਾਣਾ ਸੁਭਾਵਕ ਹੀ ਹੈ, ਪਰ ਮਹਾਂ ਪੁਰਖਾਂ ਨੇ ਇਸ ਲਗਾਓ ਦੀਆਂ ਦੋ ਸੂਰਤਾਂ ਬਿਆਨ ਕੀਤੀਆਂ ਹਨ । ਇਕ ਤੇ ਹੈ ਇਸ ਜਗਤ ਨੂੰ ਕਰਤਾ ਰੂਪ ਮੰਨ, ਇਸ ਵਿਚ ਜੁੜਨਾ । ਇਸ ਕਿਸਮ ਦੇ ਲਗਾਓ ਦਾ ਨਾਮ 'ਲਿਵ' ਹੈ। ਦੂਜਾ ਹੈ ਜਗਤ ਕਰਤਾ ਨੂੰ ਭੁੱਲ, ਕੇਵਲ ਅਨਇਸਥਰ ਜਗਤ ਨਾਲ ਭੋਗ ਵਾਸ਼ਨਾ ਦੇ ਅਧੀਨ ਹੋ ਲੰਪਟ ਰਹਿਣਾ । ਇਸ ਲਗਾਓ ਨੂੰ ਤ੍ਰਿਸਨਾ ਕਿਹਾ ਗਿਆ ਹੈ । ਇਨ੍ਹਾਂ ਦੋਹਾਂ ਦੇ ਅਗੇ ਦੋ ਬਲ ਹਨ ਲਿਵ ਤੋਂ ਪ੍ਰੇਮ ਦਾ ਜਜ਼ਬਾ ਪੈਦਾ ਹੁੰਦਾ ਹੈ, ਤੇ ਤ੍ਰਿਸਨਾ ਤੋਂ ਮੋਹ ਦਾ । ਪ੍ਰੇਮ ਵਿਚ ਖਿੜਾਓ ਹੈ, ਤੇ ਮੋਹ ਵਿਚ ਮਾਯੂਸੀ । ਇਸ ਲਈ ਸਿੰਘ ਜੀਵਨ ਵਿਚ ਮੋਹ ਨੂੰ ਤਿਆਗਣ ਤੇ ਪ੍ਰੇਮ ਨੂੰ ਜੀਵਨ ਮਨੋਰਥ ਬਨਾਨ ਦੀ ਤਾਕੀਦ ਕੀਤੀ ਗਈ ਹੈ । ਕਿਉਂ ਜੋ ਮਨੁਖ ਸੂਰਤ ਤਾਂ ਵਾਸਤਵ ਵਿਚ ਇਕੋ ਹੀ ਚੀਜ਼ ਹੈ । ਉਹ ਤਾਂ ਐਨਕ ਦੀ ਤਰਹ ਹੈ ਜਿਸ ਦੇ ਰਾਹੀਂ ਮਨੁਖ ਨੇ ਇਸ ਜਗਤ ਨੂੰ ਵੇਖਣਾ ਹੈ । ਜੇ ਉਸ ਦੇ ਸ਼ੀਸ਼ਿਆਂ ਤੇ ਮੋਹ ਦਾ ਰੰਗ ਜੜਿਆ ਹੋਇਆ ਹੋਵੇਗਾ ਤਾਂ ਉਸ ਦੇ ਵਿਚੋਂ ਤਕਿਆ ਹੋਇਆ[1] ਸੰਸਾਰ, ਮੌਤ, ਮਾਯੂਸੀ, ਤੇ ਦੁਖ ਦਾ ਰੂਪ ਦਿਸ ਆਵੇਗਾ। ਪਰ ਜੇ ਸੂਰਤ ਐਨਕ ਦੇ ਸ਼ੀਸ਼ ਰਖੇ ਜਾਣ ਤੇ ਉਨ੍ਹਾਂ ਵਿਚ ਪ੍ਰੇਮ ਦੀ ਚਮਕ, ਜੋ ਉਸ ਦਾ ਸੁਭਾਵ ਰੂਪ ਹੈ ਪ੍ਰਗਟ ਰਹੇ ਤੇ ਜਗਤ ਨੂੰ ਉਹਦੇ ਰਾਹੀਂ ਤਕਿਆ ਜਾਏ ਤਾਂ[2] ਇਹ ਹਰੀ ਦਾ ਰੂਪ ਦਿਸ ਆਉਂਦਾ ਹੈ ।

ਸਿੰਘ ਜੀਵਨ ਵਿਚ ਮੋਹ, ਤਿਆਗਨੀ ਹੈ । ਇਸ ਨੂੰ ਭਰਮ ਕਿਹਾ

---

1. ਜੋਗੀ ਜਤੀ ਬ੍ਰਹਮਚਾਰੀ ਬੜੇ ਬੜੇ ਛਤਰਧਾਰੀ
 ਛਤਰ ਹੀ ਕੀ ਛਾਇਯਾ ਕਈ ਕੋਸ ਲਉ ਚਲਤ ਹੈ ।
 ਬੜੇ ਬੜੇ ਰਾਜਨ ਕੇ ਦਾਬਤ ਫਿਰਤ ਦੇਸ
 ਬੜੇ ਬੜੇ ਭੂਪਨ ਦ੍ਰਪ ਕੋ ਦਲਤ ਹੈਂ ।
 ਮਾਨ ਸੇ ਮਧੀਹ ਔ ਦਲੀਪ ਜੈਸੇ ਛਤਰਧਾਰੀ ,
 ਬਡੋ ਅਭਿਮਾਨ ਭੁਜ ਦੰਡ ਕਉ ਕਰਤ ਹੈ ।
 ਦਾਰਾ ਸੇ ਦਲੀਸਰ ਦਰਯੋਧਨ ਜੈਸੇ ਮਾਨਧਾਰੀ
 ਭੋਗ ਭੋਗ ਭੂਮ ਅੰਤ ਭੂਮ ਮਹਿ ਮਿਲਤ ਹੈਂ ।
2. ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ ਹਰਿ ਬਿਨੁ ਅਵਰੁਨ ਦੇਖਹੁ ਕੋਈ, ਹਰਿ ਬਿਨੁ ਅਵਰੁਨ ਦੇਖੋ ਕੋਈ ਨਦਰੀ ਹਰਿ ਨਿਹਾਲਿਆ ।
 ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ
 ਹਰਿਕਾ ਰੂਪ ਹੈ ਹਰਿ ਰੂਪੁ ਨਦਰੀ ਆਇਆ ।

ਗਿਆ ਹੈ ਇਸ ਨੂੰ ਤਿਆਗੇ ਬਿਨਾ ਸਚ ਰਿਦੇ, ਤੇ ਸਰੀਰ ਵਿਚ ਨਹੀਂ ਸਮਾ ਸਕਦਾ । ਇਸ ਮੋਹ ਦੇ ਭਰਮ ਕਰਕੇ ਸੰਸਾਰ ਡੁਬ ਰਿਹਾ ਹੈ। ਕੋਈ[1] ਗੁਰਮੁਖ ਹੀ ਜੋ ਇਸ ਨੂੰ ਤਿਆਗੇ, ਪਾਰ ਉਤਰ ਸਕਦਾ ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਧੁੰਦਲੀ ਰੋਸ਼ਨੀ ਵਿਚ ਤਕਿਆਂ, ਜਿਸ ਵਿਚ ਤਰ੍ਹਾਂ ਚੀਜ਼ ਦਾ ਸਹੀ ਰੂਪ ਨਜ਼ਰ ਨਾ ਆਉਣ ਕਰਕੇ ਕਿਸੇ ਦੂਜੀ ਸ਼ੈ ਦਾ ਭੁਲੇਖਾ ਲਗ ਜਾਂਦਾ ਹੈ, ਓਦਾਂ ਹੀ ਤ੍ਰਿਸ਼ਨਾਤਰ ਅਖਾਂ ਨਾਲ ਦੇਖਦਿਆਂ ਹੋਇਆ ਮੋਹ, ਪ੍ਰੀਤ[2] ਕਰ ਦਿਸ ਆਉਂਦਾ ਹੈ । ਭਾਵੇਂ ਹੈ ਛਿਨ ਭੰਗਰ ਹੀ, ਫਿਰ ਵੀ ਸੁਆਦ ਜ਼ਰੂਰ ਦੇਂਦਾ ਹੈ, ਪਰ ਇਹ ਸੁਆਦ ਮਨੁਖ ਜੀਵਨ ਤੇ ਸਿਆਹੀ ਹੈ । ਉਸ ਨੂੰ ਦਾਗਦਾਰ ਕਰ ਦੇਂਦਾ ਹੈ, ਤੇ ਇਸ ਮੋਹ ਕਾਲਖ ਨਾਲ ਦਾਗਿਆ ਹੋਇਆ ਜੀਵਨ ਸਚ ਦੀ ਕਚਹਿਰੀ ਵਿਚ ਬੈਠਣ ਯੋਗ ਨਹੀਂ ਰਹਿੰਦਾ । ਇਸ ਕਰਕੇ ਸਿੰਘ ਜੀਵਨ ਵਿਚ ਜਿਸ ਨੇ ਸਚਖੰਡ ਵਿਚ ਨਿਵਾਸ ਕਰਨਾ ਹੈ, ਮੋਹ ਤੋਂ ਮੂੰਹ ਮੋੜਨਾ ਹੀ ਬਨ ਆਇਆ ਹੈ ।

ਹੁਣ ਪ੍ਰਸ਼ਨ ਹੋਵੇਗਾ ਕਿ ਇਸ ਮੋਹ ਦੇ ਦਾਗ ਤੋਂ ਜੋ ਕਈ[3] ਜਨਮਾਂ ਤੋਂ ਲਗਦਾ ਚਲਾ ਆ ਰਿਹਾ ਹੈ, ਖਲਾਸੀ ਕਿਸ ਤਰ੍ਹਾਂ ਮਿਲੇ ? ਇਸਦਾ ਉੱਤਰ ਗੁਰਮਤ ਸਾਫ਼ ਦੇ ਰਹੀ ਹੈ । ਜਿਸ ਤਰ੍ਹਾਂ ਮੈਲੇ ਹੋਏ ਬਸਤਰ ਸਾਬਨ ਨਾਲ ਧੋਤੇ ਜਾ ਸਕਦੇ ਹਨ, ਜਿਸ ਤਰ੍ਹਾਂ ਸਰੋਵਰ ਤੇ ਆਇਆ ਬੂਰ ਹਥਾਂ ਨਾਲ ਪਾਣੀ ਡੋਲਕੇ ਲਾਂਭੇ ਕੀਤਾ ਜਾ ਸਕਦਾ ਹੈ, ਜਿਸ ਤਰ੍ਹਾਂ ਰਾਤ ਦਾ ਅੰਧੇਰਾ ਸੂਰਜ ਉਦੇ ਹੋਣ ਨਾਲ ਦੂਰ ਹੋ ਜਾਂਦਾ ਹੈ, ਉਸੇ ਤਰ੍ਹਾਂ ਹੀ ਮੋਹ ਮਾਇਆ ਦੇ[4] ਭਰਮ ਕਰ ਮਲੀਨ ਹੋਈ ਬੁੱਧੀ, ਸਤਿਗੁਰਾਂ ਦੇ ਗਿਆਨ

---

1. ਮੋਹੁ ਅਰ ਭਰਮੁ ਤਜਹੁ ਤੁਮ ਬੀਰ, ਸਾਚੁ ਨਾਮੁ ਰਿਦੈ ਰਵੈ ਸਰੀਰ ।
ਏਤੁ ਮੋਹਿ ਡੂਬਾ ਸੰਸਾਰੁ, ਗੁਰਮੁਖਿ ਕੋਈ ਉਤਰੈ ਪਾਰਿ ।
2. ਜੇਤਾ ਮੋਹੁ ਪ੍ਰੀਤਿ ਸੁਆਦ ਸਭਾ ਕਾਲਖ ਦਾਗਾ ਦਾਗ
ਦਾਗ ਦੋਸ਼ਿ ਮੋਹਿ ਚਲਿਆ ਲਾਇ ਦਰਗਹਿ ਬੈਸਣ ਨਾਹੀ ਜਾਇ ।
3. ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ।
4. ਜੈਸੇ ਤੋ ਬਸਨ ਅੰਗ ਸੰਗ ਮਿਲ ਹੋਏ ਮਲੀਨ
ਸਲਲ ਸਾਬਨ ਮਿਲ ਨਿਰਮਲ ਹੋਤ ਹੈ ।
ਜੈਸੇ ਤੋ ਸਰੋਵਰ ਸਿਵਾਲ ਕੇ ਉਛਾਦਿਓ

(ਬਾਕੀ ਦਾ ਫ਼ੁਟਨੋਟ ਅਗਲੇ ਸਫ਼ੇ ਤੇ)

ਨਾਲ ਜਗਮਗ ਜੋਤ ਦੀ ਤਰ੍ਹਾਂ ਚਮਕ ਉਠਦੀ ਹੈ । ਇਸ ਮੋਹ ਦੇ ਦਾਗ ਨੂੰ ਉਤਾਰ, ਨਿਰਮਲ ਕੀਤੀ ਹੋਈ ਸੁਰਤ ਨੂੰ ਗੁਰਮਤ ਵਿਚ ਛਾਓ ਰਹਿਤ ਸ਼ੂਨ ਨਹੀਂ ਮੰਨਿਆ ਗਿਆ । ਜਿਸ ਤਰ੍ਹਾਂ ਸ਼ੀਸ਼ੇ ਤੋਂ ਗਰਦ ਪੂੰਝਿਆਂ ਉਸ ਦੀ ਚਮਕ ਪ੍ਰਗਟ ਹੋ ਆਉਂਦੀ ਹੈ ਓਦਾਂ ਹੀ ਮੋਹ ਦੀਦਾਂ ਛਾਈਆ ਤੋਂ ਸਾਫ ਕੀਤੀ ਹੋਈ ਸੁਰਤ ਵਿਚ ਪ੍ਰੇਮ ਚਮਕਾਰੇ ਮਾਰ ਆਉਂਦਾ ਹੈ । ਇਹ ਪ੍ਰੇਮ ਲਿਵ ਦਾ ਫਲ ਹੈ, ਜਿਸ ਤਰ੍ਹਾਂ ਕਿ ਮੋਹ ਤ੍ਰਿਸ਼ਨਾ ਦਾ ਸੀ । ਤ੍ਰਿਸ਼ਨਾ ਗਰ-ਜਵੰਦ ਹੈ, ਮੰਗਤੀ ਹੈ, ਦੁਆਰੇ ਦੁਆਰੇ[1] ਭਟਕਦੀ ਤੇ ਠੋਕਰਾਂ ਖਾਂਦੀ ਹੈ । ਪਰ ਲਿਵ ਬੇਪਰਵਾਹ ਹੈ, ਦਾਤੀ ਹੈ, ਜਿਸ ਕਰਕੇ ਕਿਸੇ ਦੇ ਦੁਆਰੇ ਨਹੀਂ ਭਟਕਦੀ, ਸਗੋਂ[2] ਸੰਸਾਰ ਉਹਦੇ ਦੁਆਰੇ ਤੇ ਆ ਡਿਗਦਾ ਹੈ । ਇਹੀ ਕਾਰਨ ਹੈ ਕਿ ਪ੍ਰੇਮ ਸਭ[3] ਤਪਾਂ, ਗਿਆਨਾਂ ਤੋਂ ਪਰੇ ਬਿਆਨ ਕੀਤਾ ਗਿਆ

---

(ਪਿਛਲੇ ਪੇਜ਼ ਦਾ ਬਾਕੀ ਫ਼ੁਟਨੋਟ)
ਜਲ ਚੋਲ ਪੀਏ ਨਿਰਮਲ ਦੇਖੀਏ ਅਛੋਤ ਹੈ ।
ਜੈਸੇ ਨਿਸ ਅੰਧਿਕਾਰ ਤਾਰਜ ਚਮਤਕਾਰ
ਹੋਤ ਉਜਿਆਰੋ ਦਿਨ ਕਰਕੇ ਉਦੋਤ ਹੈ ।
ਤੈਸੇ ਮਾਇਆ ਮੋਹ ਭਰਮ, ਹੋਤ ਮਲੀਨ ਮਤ,
ਸਤਗੁਰ ਗਿਆਨ ਧਿਆਨ ਜਗਮਗ ਜੋਤ ਹੈ ।

1. 'ਦੁਆਰਹਿ ਦੁਆਰਿ ਸੁਆਲ ਜਿਉ ਡਲਤ ਨਹ ਸੁਧ ਰਾਮ ਭਜਨ ਕੀ ।'
ਤਥਾ:- 'ਦੂਸਰੋ ਨਾ ਦਾਸ ਕੋਈ ਦੇਖਿਓ ਗਰਜ਼ ਸਮ
ਬਰਜ ਹਟਾਏ ਵਾ ਕੇ ਦੁਆਰੇ ਜਾਈਅਤ ਹੈ ।
(ਕਰਤਾ ਸੂਰਜ ਪ੍ਰਕਾਸ਼)

2. ਜੈਸੇ ਤੋ ਮਿਠਾਈ ਰਾਖੀਏ ਛਪਾਏ ਜਤਨ ਕੇ
ਚੀਂਟੀ ਚਲ ਜਾਕੇ ਚੀਨ ਤਾਂਹੇ ਲਪਟਾਤ ਹੈ ।
ਦੀਪਕ ਜਗਾਸੇ ਜੈਸੇ ਰਾਖੀਏ ਦੁਰਾਏ ਗ੍ਰਿਹਿ
ਪ੍ਰਗਟ ਪਤੰਗ ਤਾਮਹਿ ਸਹਜ ਸਮਾਤ ਹੈ ।
ਜੈਸੇ ਤੋਂ ਬਿਮਲ ਜਲ ਕੰਵਲ ਏਕਾਂਤ ਬਸਹਿ
ਮਧੁਕਰ ਮਧ ਅਚਵਨ ਤਾਂਹੇਂ ਜਾਤ ਹੈ ।
ਤੈਸੇ ਗੁਰਮੁਖ ਜਹਿ ਘਟ ਪ੍ਰਗਟਤ ਪ੍ਰੇਮ
ਸਗਲ ਸੰਸਾਰ ਤਾਹਿ ਦੁਆਰੇ ਬਿਲਲਾਤ ਹੈ ।
ਤਥਾ:- ਪਾਇ ਗਹੇ ਜਬਤੇ ਤੁਮਰੇ ਤਬਤੇ ਕੋਊ ਆਂਖ ਤਰੇ ਨਹੀਂ ਆਨਿਓ ।

3. ਭਗਤ ਸਿੰਘ ! ਤਪ ਗਿਆਨ ਤੇ ਪਰੇ ਪ੍ਰੇਮ ਪਹਚਾਨ ।
(ਗੁਰਬਿਲਾਸ)

ਹੈ । ਇਸ ਕਰਕੇ ਗੁਰਮਤ ਸਿੰਘ ਜੀਵਨ ਵਿਚ ਮੋਹ ਦੀ ਥਾਂ ਪ੍ਰੇਮ ਪੈਦਾ ਕਰਦੀ ਹੈ । ਉਹ ਪ੍ਰੇਮ ਭਾਵੇਂ ਹੈ ਤਾਂ ਸਮੁਚੇ ਵਿਸ਼ਵ ਨਾਲ ਪਰ ਰਚਨਾ ਮਨੁਖ ਲਈ ਆਪਣੇ ਲਾਗਿਓਂ ਸ਼ੁਰੂ ਹੋ ਆਗਮ ਦੂਰੀ ਤਕ ਚਲੀ ਜਾਂਦੀ ਹੈ । ਇਸ ਲਈ ਸਿਖ ਪ੍ਰੇਮ ਬਿਉਹਾਰ, ਆਪਣੇ ਨੇੜਿਓਂ ਸ਼ੁਰੂ ਕਰਦਾ ਹੈ । ਇਸ ਕਰ ਕੇ ਉਸ ਦੇ ਮਾਂ, ਬਾਪ, ਭੈਣ, ਭਾਈ, ਇਸਤ੍ਰੀ ਬਚੇ ਤੇ ਸਾਕ ਸੈਣ ਸਭ ਪ੍ਰੇਮ ਦੇ ਪਾਤਰ ਬਣ ਜਾਂਦੇ ਹਨ । ਉਹ ਸਭਨਾਂ ਨੂੰ ਸ੍ਰੀ ਵਾਹਿਗੁਰੂ ਦੀ ਦਾਤ ਸਮਝਦਾ ਹੈ, ਤੇ ਉਸ ਦੇ[1] ਸਾਦ ਕਰ ਮਿਲੇ ਹੋਣ ਕਰਕੇ ਉਨ੍ਹਾਂ ਨਾਲ ਪ੍ਰੇਮ ਕਰਨਾ ਵੀ ਸ੍ਰੀ ਵਾਹਿਗੁਰੂ ਨਾਲ ਪ੍ਰੇਮ ਕਰਨਾ ਹੈ । ਇਸ ਕਰ ਕੇ ਹੀ ਸਿੰਘ ਜੀਵਨ ਵਿਚ ਪ੍ਰਵਾਰ ਦੇ ਸੰਬੰਧ ਵਿਚ ਪ੍ਰੇਮ ਭਰੇ ਬਿਉਹਾਰ ਦੇ ਫਰਜ਼ ਦਸੇ ਗਏ ਹਨ । ਗ੍ਰੈਹੀ ਜੀਵਨ ਮਾਪਿਆਂ ਦੀ ਸੇਵਾ ਤੋਂ ਸ਼ੁਰੂ ਹੁੰਦਾ ਹੈ। ਇਹ ਸੇਵਾ ਸਾਰੇ ਅਧਿਆਤਮ ਕਰਮਾਂ ਤੋਂ ਉਪਰ ਦਸੀ ਗਈ ਹੈ । ਹੋਵੇ ਵੀ ਕਿਉਂ ਨਾ ? ਮਾਪਿਆਂ ਦੀ ਸੇਵਾ ਕੀਤੇ ਬਿਨਾਂ ਤਾਂ ਮਨੁਖ ਅਰਿਣੀ ਹੋ ਹੀ ਨਹੀਂ ਸਕਦਾ । ਤਾਂ ਹੀ ਗੁਰਮਤ ਵਿਚ ਦਸਿਆ ਗਿਆ ਹੈ ਕਿ ਮਾਂ ਬਾਪ ਦੀ ਸੇਵਾ ਵਲੋਂ ਗਾਫਲ ਮਨੁਖ ਜੋ ਗਿਆਨ ਜਾਣਦਾ ਹੈ ਤਾਂ ਉਹ ਗਿਆਨ ਅਰਥਹੀਣ ਕਥਾ ਕਹਾਣੀ ਹੈ । ਜੋ ਤਪ ਕਰਦਾ ਹੈ ਤਾਂ ਭੁੱਲਾ, ਬਨੀ ਕੰਦਰੀ ਫਿਰ ਰਿਹਾ ਹੈ । ਜੇ ਦੇਵੀ ਦੇਵ ਦੀ ਪੂਜਾ ਲਭਦਾ ਹੈ ਤਾਂ ਨਿਰਾਰਥ ਹੈ, ਤੀਰਥ ਨਹਾਉਂਦਾ ਹੈ ਤਾਂ ਮਾਨੋ ਪਾਣੀ ਘੁੰਮਨ ਘੇਰ ਵਿਚ ਚੱਕਰ ਲਾਉਂਦਾ ਹੈ । ਮਾਪਿਆਂ ਦੀ ਸੇਵਾ ਤੋਂ ਵਾਂਜਿਆ ਹੋਇਆ ਮਨੁਖ ਜੇ ਦਾਨ ਕਰਦਾ ਹੈ ਤਾਂ ਈਮਾਨ ਤੋਂ ਫਿਰਦਾ ਹੈ । ਉਸ ਨੂੰ ਗੁਰੂ ਪ੍ਰਮੇਸ਼ਵਰ ਦੀ ਸਾਰ ਨਹੀਂ ਆ ਸਕਦੀ । ਆਵੇ ਵੀ ਕਿਸ ਤਰ੍ਹਾਂ ? ਜੋ ਮਿੰਨਤਾਂ ਮੰਨ ਕਰ ਲੈਨ, ਕਸ਼ਟ ਕਰ ਜਨਣ, ਤੇ ਔਖੇ ਹੋ ਪਾਲਨ ਵਾਲੇ ਦੇ ਅਹਿਸਾਨ ਨੂੰ ਨਹੀਂ ਜਾਣਦਾ ਉਸ ਤੋਂ ਗੁਰੂ ਪ੍ਰਮੇਸ਼ਵਰ ਨੇ ਧਨਵਾਦੀ ਹੋਣ ਦੀ ਕੀ ਆਸ ਰਖੀ ਜਾ ਸਕਦੀ ਹੈ । ਜੋ ਪ੍ਰਤਖਸ਼ ਕਿਰਪਾਲੂ ਮਾਤਾ ਪਿਤਾ ਦੀ ਨੇਕੀ ਅਨੁਭਵ ਨਹੀਂ

1. ਜਹਿ ਪ੍ਰਸਾਦਿ ਘਰ ਉਪਰ ਸੁਖ ਬਸਹਿ
ਸੁਤ, ਭਰਾਤ, ਮੀਤ, ਬਨਿਤਾ ਸੰਗ ਹਸਹਿ ।

ਕਰਦਾ, ਉਹ ਅਰੂਪ ਪ੍ਰਭੂ ਦੀ ਕੀਤੀ ਹੋਈ ਭਲਾਈ ਨੂੰ ਕਿਸ ਤਰ੍ਹਾਂ ਚੇਤੇ ਕਰ[1] ਸਕਦਾ ਹੈ ।

ਮਾਂ ਬਾਪ ਦੇ ਦੂਸਰਾ ਮੁਖ ਸੰਬੰਧੀ, ਇਸ ਪੁਰਸ਼ ਲਈ ਇਸਤ੍ਰੀ ਤੇ ਇਸਤ੍ਰੀ ਲਈ ਪੁਰਸ਼ ਹੈ । ਚੂੰਕਿ ਦੋਵੇਂ ਅੰਮ੍ਰਿਤ ਛਕ ਸਿੰਘ ਜੀਵਨ ਧਾਰਨ ਕਰਨ ਦੇ ਅਧਿਕਾਰੀ ਹਨ ਇਸ ਲਈ ਦੋਹਾਂ ਨੂੰ ਇਕ ਦੂਸਰੇ ਦੇ ਵਫ਼ਾਦਾਰ ਰਹਿਣ ਦੀ ਤਾਕੀਦ ਕੀਤੀ ਗਈ ਹੈ । ਭਾਵੇਂ ਇਸਤ੍ਰੀ ਨੂੰ ਪੁਰਸ਼ ਦੀ ਵਫ਼ਾ-ਦਾਰ ਰਹਿਣ ਦੀ ਤਾਕੀਦ ਤਾਂ ਪੁਰਾਤਨ ਮਤਾਂ ਵਿਚ ਵੀ ਕੀਤੀ ਗਈ ਸੀ ਪਰ ਪੁਰਸ਼ ਨੂੰ ਇਸਤ੍ਰੀ ਨਾਲ ਵਫ਼ਾਦਾਰ ਰਹਿਣ, ਤੇ ਵਿਵਾਹ ਸਮੇਂ ਕੀਤੇ ਹੋਏ ਪ੍ਰਨਾ ਨੂੰ ਪੂਰਾ ਕਰਨ ਤੇ ਘਟ ਜ਼ੋਰ ਦਿਤਾ ਗਿਆ ਸੀ । ਉਸ ਦਾ ਕਾਰਨ ਇਹ ਸੀ ਕਿ ਗੁਰਮਤ ਪ੍ਰਕਾਸ਼ ਤੋਂ ਪਹਿਲੇ ਸਮੇਂ ਦੇ ਮਤਾਂ ਵਿਚ, ਇਸਤ੍ਰੀ ਨੂੰ ਪੁਰਸ਼ ਸਮਾਨਤਾ ਦਿਤੀ ਹੀ ਨਹੀਂ ਸੀ ਗਈ । ਉਸ ਜਾਂ ਤਾਂ ਪਹਿਲੇ[2] ਮਨੁਖ ਆਦਮ ਨੂੰ ਬਹਿਸ਼ਤ ਵਿਚੋਂ ਕਢਾਣ ਵਾਲੀ ਇਸਤ੍ਰੀ ਹਵਾ ਦੀ ਔਲਾਦ ਹੋਣ ਕਰਕੇ ਮਨੁਖ ਦੀ ਨਿਗਾਹ ਵਿਚ ਨੀਵੀਂ ਤੇ ਯਾ[3] ਮਾਇਆ ਦਾ ਅਵਤਾਰ ਹੋਣ ਕਰਕੇ ਮਨੁਖ ਲਈ ਬੰਧਨ ਰੂਪ ਸੀ । ਪਰ ਖਾਲਸਾ ਚਲਨ ਵਿਚ ਇਹ ਗੱਲ ਨਹੀਂ ਸੀ । ਉਸ ਵਿਚ ਪੁਰਸ਼, ਪਿਤਾ ਗੁਰੂ ਗੋਬਿੰਦ ਸਿੰਘ ਜੀ ਦਾ ਤੇ ਇਸਤ੍ਰੀ ਮਾਤਾ ਸਾਹਿਬ ਦੇਵਾਂ ਜੀ ਦਾ ਅਵਤਾਰ ਹੈ । ਇਸ ਕਰ ਕੇ ਦੋਹਾਂ ਨੇ ਇਕ ਜੋਤ ਹੋਣਾ ਹੈ । ਗੁਰਮਤ ਵਿਚ ਦ੍ਰਿੜ ਕਰਾ-ਇਆ ਗਿਆ ਹੈ ਕਿ ਕੇਵਲ ਅਕਠੇ ਮਿਲ ਬਹਿਣ ਨਾਲ ਦੋ ਜੀਅ ਦਮ-ਪਤੀ ਨਹੀਂ ਹੋ ਸਕਦੇ, ਸਗੋਂ ਜਦੋਂ ਦੇ ਸੂਰਤਾਂ ਇਕ ਜੋਤ ਹੋ ਜਾਣਗੀਆਂ, ਤਾਂ

1. ਮਾ ਪਿਓ ਪਰਹਰ ਸੁਣੇ ਵੇਦ ਭੇਦ ਨ ਜਾਣਹਿ ਕਥਾ ਕਹਾਨੀ ।
ਮਾਂ ਪਿਓ ਪਰਹਰ ਕਰੇ ਪੂਜ, ਦੇਹੀ ਦੇਵ ਨਾ ਸੇਵ ਕਮਾਨੀ ।
ਮਾਂ ਪਿਓ ਪਰਹਰ ਨਾਵਨਾ, ਅਠਸਠ ਤੀਰਥ ਘੁਮਨ ਵਾਨੀ ।
ਮਾਂ ਪਿਓ ਪਰਹਰ ਕਰੇ ਦਾਨ, ਬੇਈਮਾਨ ਅਗਿਆਨ ਪ੍ਰਾਨੀ ।
ਮਾਂ ਪਿਓ ਪਰਹਰ ਵਰਤ ਕਰ ਮਰਮਰ ਜਮੈਂ ਭਰਮ ਭੁਲਾਨੀ ।
ਗੁਰਪ੍ਰਮੇਸਰ ਸਾਰ ਨ ਜਾਨੀ ।
2. ਬਾਈਬਲ ਦੀ ਤਾਲੀਮ ਅਨੁਸਾਰ
3. ਬ੍ਰਾਹਮਣ ਮਤ ਦੀ ਮਨੌਤ ਅਨੁਸਾਰ ।

ਹੀ ਉਹ ਸਹੀ ਮਾਅਨਿਆਂ ਵਿਚ ਹੋ[1] ਸਕਣਗੇ । ਇਕ ਜੋਤ ਹੋਣ ਲਈ ਇਹ ਜ਼ਰੂਰੀ ਹੈ ਕਿ ਦੋਵੇਂ ਇਕ ਦੂਸਰੇ ਵਲ ਪ੍ਰੇਮ ਬੰਧਨ ਵਿਚ ਬੱਧੇ ਹੋਏ ਖਿਚੇ ਤੁਰੇ ਆਉਣ । ਇਸ ਕਰਕੇ, ਜਿਥੇ ਇਸਤ੍ਰੀ ਨੂੰ ਹੁਕਮ ਦਿਤਾ ਗਿਆ ਕਿ ਉਹ[2] ਸੁਹਾਗਣ ਤਾਂ ਕਹੀ ਜਾ ਸਕਦੀ ਹੈ ਜੇ ਉਸ ਦੇ ਖਿਆਲ ਵਿਚ ਵੀ ਆਪਣੇ ਪਤੀ ਤੋਂ ਬਿਨਾਂ ਹੋਰ ਦੀ ਝਾਕ ਨਾ ਹੋਵੇ ਉਥੇ ਪੁਰਸ਼ ਨੂੰ ਕਿਹਾ ਗਿਆ ਕਿ ਉਹ[3] ਕੰਤ ਤਾਂ ਹੀ ਹੋ ਸਕਦਾ ਹੈ ਜੇ ਉਹ ਇਸ ਰਚਨਾ ਦੀ ਖਿੜੀ ਹੋਈ ਖੂਬਸੂਰਤ ਫੁਲਵਾੜੀ ਵਿਚ ਆਪਣੀ ਇਸਤ੍ਰੀ ਤੋਂ ਹੋਰ ਕਿਸੇ ਵੇਲ ਵਲ ਨਿਗਾਹ ਉਠਾ ਕੇ ਨਾ ਵੇਖੇ । ਇਹ ਦੰਪਤੀ ਪਿਆਰ ਸਿਖ ਜੀਵਨ ਪ੍ਰਭੂ ਪ੍ਰੇਮ ਦੇ ਆਸ਼ਰਤ ਹੈ । ਜਿੰਨਾਂ ਚਿਰ ਤਕ ਪ੍ਰਭੂ ਆਗਿਆ ਵਿਚ ਜੋੜ ਜੁੜਿਆ ਰਹੇ, ਪਰਸਪਰ ਪਿਆਰ ਨਾਲ ਬਿਬਾਹਨੀ, ਜੇ ਭਾਣੇ ਵਿਚ ਵਿਯੋਗ ਹੋ ਜਾਵੇ ਤਾਂ ਪ੍ਰਭੂ ਪ੍ਰੇਮ ਵਿਚ ਲੀਨ ਹੋ ਉਸ ਵਿਯੋਗ ਨੂੰ ਭਾਣਾ ਕਰ ਮੰਨਣਾ ਤੇ ਉਸ ਤੇ ਪ੍ਰਸੰਨ ਰਹਿਣ ।

ਦੰਪਤੀ ਦੇ ਨਾਤੇ ਤੋਂ ਬਾਹਦ ਸੰਤਾਨ ਹੈ । ਸੰਤਾਨ ਜਗਤ ਵਿਚ ਨਿਸ਼ਾਨ ਦਾ ਕਾਰਨ ਹੈ । ਇਸ ਕਰਕੇ ਹੀ ਸੰਸਾਰ[4] ਨਾਲ ਗੰਢ ਪੈਂਦੀ ਹੈ। ਪੁਤ ਧੀਆਂ ਪ੍ਰਭੂ ਦੀ ਦਾਤ ਹਨ । ਇਸ ਕਰਕੇ ਦਾਤਾ ਦਾ ਪੁਜਾਰੀ ਦਾਤ ਨਾਲ ਵੀ ਪਿਆਰ ਕਰਦਾ ਹੈ । ਪੁਰਾਣੇ ਮਤਾਂ ਅਨੁਸਾਰ ਇਨ੍ਹਾਂ ਨੂੰ ਬੰਧਨ ਨਹੀਂ ਸਮਝਦਾ, ਸਗੋਂ ਪ੍ਰਭੂ ਦੀ ਦਾਤ ਸਮਝ ਕੇ ਇਸ ਦਾਤ ਰਾਹੀਂ ਦਾਤਾਰ ਦੀ ਯਾਦ ਵਿਚ ਜੁੜਦਾ ਹੈ । ਸ਼ੁਕਰਾਨੇ ਨਾਲ ਭਰਦਾ ਹੈ, ਤੇ ਪ੍ਰਭੂ ਮਾਰਗ ਵਿਚ ਲੋੜ ਪੈਣ ਸਮੇਂ ਇਨ੍ਹਾਂ ਨੂੰ ਚਾਈਂ ਚਾਈਂ ਭੇਟ ਕਰ ਦੇਂਦਾ ਹੈ । ਸਿੰਘ ਨੇ ਜਗਤ ਕਲਿਆਨ ਕਰਨਾ ਹੈ । ਜਰਵਾਨਿਆ ਦਾ ਜ਼ੋਰ ਨਾਸ ਕਰਨਾ, ਤੇ ਧਰਮ ਨੂੰ ਅਸਥਾਪਨ ਕਰਨਾ ਹੈ, ਜਿਸ ਲਈ ਕੁਰਬਾਨੀਆਂ ਦੇਣ ਦੀ ਲੋੜ ਰਹਿੰਦੀ ਹੈ। ਸਿੰਘ ਆਪਣੀ ਸੰਤਾਨ

1. ਧਨ ਪਿਰੁ ਏਹਿ ਨ ਆਖੀਅਨਿ ਬਹਨਿ ਇਕਠੇ ਹੋਇ
ਏਕ ਜੋਤਿ ਦੋਇ ਮੂਰਤੀ ਧਨ ਪਿਰੁ ਕਹੀਐ ਸੋਇ ।
2. ਜਿਨ੍ਹਾਂ ਨਾਉਂ ਸੁਹਾਗਣੀ ਤਿਨਾਂ ਝਾਕ ਨਾ ਹੋਰ ।
3. ਕਿਆ ਗਾਲਾਇਓ ਭੂਛ, ਪਰਵੇਲਿ ਨ ਜੋਹੇ ਕੰਤ ਤੂ ।
ਨਾਨਕ ਫੁਲਾ ਸੰਦੀ ਵਾੜਿ ਖਿੜਿਆ ਹਭੁ ਸੰਸਾਰੁ ਜਿਉ ।
4. ਪੁਤੀਂ ਗੰਢੁ ਪਵੈ ਸੰਸਾਰਿ ।

ਨੂੰ ਇਨ੍ਹਾਂ ਕੁਰਬਾਨੀਆਂ ਲਈ ਪਾਲਦਾ ਹੈ। ਉਹ ਲੋੜ ਸਮੇਂ ਪ੍ਰਭੂ ਦੇ ਸਾਹਮਣੇ ਉਸ ਦੀ ਦਿਤੀ ਹੋਈ[1] ਦਾਤ ਨੂੰ ਭੇਂਟ ਕਰਦਾ ਹੈ, ਤੇ ਜਦ ਉਹ ਕੁਰਬਾਨ ਹੋ ਜਾਂਦੀ ਹੈ ਤਾਂ ਮੋਹ ਆਤਰ ਮਨੁਖਾਂ ਵਾਂਗ ਰੋਣ ਨਹੀਂ ਲਗ ਪੈਂਦਾ, ਸਗੋਂ ਪ੍ਰਭੂ[2] ਆਗਿਆ ਖਿੜੇ ਮਥੇ ਮੰਨ ਪ੍ਰਸੰਨ ਹੁੰਦਾ ਹੈ । ਕੜਾਹ ਵੰਡਦਾ ਹੈ ਤੇ ਆਨੰਦ ਪੜ੍ਹਦਾ ਹੈ । ਇਸ ਰਹਿਤ ਅਨੁਸਾਰ ਸਿੰਘ ਦੇ ਉਪਕਾਰੀ ਜੀਵਨ ਲਈ, ਧੀਆਂ[3] ਪੁਤਰ ਸਹਾਇਕ ਹਨ । ਇਸੇ ਤਰ੍ਹਾਂ ਹੀ ਧਰਮ ਕਿਰਤ ਨਾਲ ਕਮਾ-ਇਆ ਹੋਇਆ ਧਨ ਵੀ ਲੋੜਵੰਦਾਂ ਨੂੰ ਦੇਣ ਲਈ ਲਾਜ਼ਮੀ ਸ਼ੈ ਹੈ। ਰੂਪ ਦੀਆਂ ਚੋਟਾਂ ਤੋਂ ਬਚਨ ਲਈ ਸਾਥੀ ਇਸਤ੍ਰੀ ਇਕ ਕਿਲਾ ਹੈ । ਬੇਲੋੜੀ ਸ਼ੈ ਕੋਈ ਵੀ ਨਹੀਂ। ਸੋ ਇਨ੍ਹਾਂ ਤਮਾਮ ਲੋੜਵੰਦੀਆਂ ਵਿਅਕਤੀਆਂ ਨਾਲ, ਪ੍ਰਭੂ ਦੀਆਂ ਦਾਤਾਂ ਜਾਣ ਪਿਆਰ ਕਰਨਾ ਮੋਹ ਨਹੀਂ, ਸਗੋਂ ਪ੍ਰਭੂ ਪ੍ਰੇਮ ਦੇ ਰਾਹ ਵਲ ਤੁਰਨਾ ਹੈ । ਹਾਂ ਜੇ ਦਾਤਾਰ ਨੂੰ ਵਿਸਾਰ ਦਾਤੇ ਨਾਲ ਲਗਾਓ ਕੀਤਾ ਜਾਏ, ਤਾਂ ਉਹ ਮੋਹ ਹੈ । ਪਰ ਜੇ ਦਾਤ ਵਿਚ ਦਾਤਾਰ ਨੂੰ ਤਕਿਆ ਜਾਏ, ਤਾਂ ਉਹ ਕੁਦਰਤ ਵਿਚੋਂ ਕਾਦਰ ਨੂੰ ਤਕਨ ਵਾਂਗ ਹੈ । ਤੇ ਅਜਿਹਾ ਕਰਨਾ ਪ੍ਰੇਮ ਪੰਥ ਤੇ ਤੁਰਨਾ ਹੈ । ਇਸ ਲਈ ਸਿੰਘ ਜੀਵਨ ਵਿਚ ਇਨ੍ਹਾਂ ਨਾਲ ਪਿਆਰ ਕਰਨਾ ਦ੍ਰਿੜ ਕਰਾਇਆ ਗਿਆ ਹੈ । ਪਰ ਉਹ ਪਿਆਰ ਦਾਤਾ ਦੀ ਦਾਤ ਜਾਣ ਕੇ ਹੈ । ਦਾਤਾਰ ਨੂੰ ਭੁਲਾ ਕੇ ਹਉਮੈਂ ਗ੍ਰਹਿ-ਸਤ ਹੋ ਲਗਾਉ ਕਰਨਾ ਨਹੀਂ, ਕਿਉਂ ਕਿ ਉਹ ਮੋਹ ਹੈ ।

---

1. ਮਾਈ ਬਾਪ ਪੁਤ੍ਰ ਸਭਿ ਹਰਿਕੇ ਕੀਏ ।
   ਸਭਨਾ ਕਉ ਸਨਬੰਧ ਹਰਿ ਕਹਿ ਦੀਏ ।
2. ਜਿਸ ਕੀ ਬਸਤੁ ਤਿਸੁ ਆਗੈ ਰਾਖੈ ।
   ਪ੍ਰਭ ਕੀ ਆਗਿਆ ਮਾਨੈ ਮਾਥੈ ।
3. ਇਤਿਹਾਸ ਵਿਚ ਆਉਂਦਾ ਹੈ ਕਿ ਜਦ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੂੰ ਵਹੀਰ ਸਮੇਤ ਆਉਂਦਿਆਂ ਤਕ ਗੁਜਰਾਤ ਨਿਵਾਸੀ ਪੀਰ ਸ਼ਾਹ ਦੌਲਾ ਨੇ ਪ੍ਰਸ਼ਨ ਕੀਤਾ ਕਿ ਫਕੀਰ ਨਾਲ ਐਡਾ ਠਾਠ ਬਾਠ ਕਿਉਂ ? ਤਾਂ ਹਜ਼ੂਰ ਨੇ ਉਤ੍ਰ ਦਿਤਾ, ਵਾਧੂ ਕੁਝ ਵੀ ਨਹੀਂ:-
   ਇਸਤ੍ਰੀ ਇਮਾਨ ਹੈ, ਬੇਟਾ ਨਿਸ਼ਾਨ ਹੈ, ਦੌਲਤ ਗੁਜ਼ਰਾਨ ਹੈ,
   ਕਰਨੀ ਪ੍ਰਵਾਨ ਫਕੀਰ ਨ ਹਿੰਦੂ ਨ ਮੁਸਲਮਾਨ ਹੈ ।

# ਸ਼ਖਸ਼ੀ ਰਹਿਤ ਦਾ
# ਦੂਸਰਾ ਅੰਗ ਸ੍ਰੀਰਕ ਰਹਿਤ

ਸਰੀਰਕ ਰਹਿਤ ਨੂੰ ਅਸੀਂ ਚਾਰ ਅੰਗਾਂ ਵਿਚ ਵੰਡ ਸਕਦੇ ਹਾਂ । ਪਹਿਲਾ ਅੰਗ ਉਹ ਨਿਸ਼ਾਨ ਹਨ ਜੋ ਰਹਿਤਵਾਨ ਸਿੰਘ ਨੂੰ ਬਤੌਰ ਪੂਰਨ ਮਨੁਖਾਂ ਦੀ ਸ਼੍ਰੇਣੀ ਦੇ ਮੈਂਬਰ ਹੋਣ ਦੇ ਸਰੀਰ ਤੇ ਧਾਰਨ ਕਰਨੇ ਪੈਂਦੇ ਹਨ । ਦੂਸਰਾ ਹੈ ਸਰੀਰਕ ਸੰਭਾਲ, ਇਸ ਦੇ ਅਗੇ ਦੋ ਅੰਗ ਹਨ ਖਾਣਾ ਅਤੇ ਪਹਿਨਣਾ ।

SIKHBOOKCLUB.COM

ਸਿੰਘ ਰਹਿਤ ਦਾ ਕਥਨ ਕਰਦਿਆਂ ਹੋਇਆ ਬਹੁਤ ਸਾਰੇ ਲਿਖਾ-ਰੀਆਂ ਨੇ ਇਹ ਟਪਲਾ ਜਿਹਾ ਖਾਧਾ ਹੈ ਜਿਸ ਕਰਕੇ ਉਹ ਸਰੀਰਕ ਰਹਿਤ ਦੇ ਧਾਰਨ ਕਰਨ ਵਾਲੇ ਚਿੰਨ੍ਹ[1] ਪੰਜ ਬਿਆਨ ਕਰਦੇ ਹਨ ਪਰ ਗੌਰ ਕਰਕੇ ਸੋਚਿਆਂ ਅਜਿਹਾ ਨਹੀਂ; ਕਿਉਂ ਜੋ ਉਹ ਪੰਜ ਗਿਣਦੇ ਹਨ, ਕੜਾ, ਕਛ, ਕਿਰਪਾਨ, ਕੇਸ ਤੇ ਕੰਘਾ । ਪਰ ਇਹ ਗਲ ਪ੍ਰਤਖਸ਼ ਹੈ ਕਿ ਕੇਸ ਧਾਰਨ ਨਹੀਂ ਕੀਤੇ ਜਾ ਸਕਦੇ । ਉਹ ਤਾਂ ਕੁਦਰਤ ਹੀ ਹਰ ਇਕ ਨੂੰ ਬਾਹਲੇ ਜਾਂ

---

1. ਕਛ, ਕੇਸ, ਕੰਘਾ, ਕਿਰਪਾਨ । ਕੜਾ ਔਰ ਜੋ ਕਰੋ ਬਖਾਨ ।

*(ਰਹਿਤਨਾਮਾ ਭਾਈ ਪ੍ਰਲਾਦ ਸਿੰਘ)*

ਤਥਾ:- ਨਿਸਾਨੇ ਸਿਖੀ ਈਂ ਪੰਜ ਹਰਫ ਕਾਫ ।
ਹਰਗਿਜ਼ ਨ ਬਾਸ਼ਦ ਈਂ ਪੰਜ ਮੁਆਫ ।
ਕੜਾ, ਕਾਰਦੋ, ਕਾਛ ਕੰਘਾ ਬਿਦਾਂ ।
ਬਿਨਾ ਕੇਸ ਹੇਚ ਅਸਤ ਜੁਮਲਾ ਨਿਸਾਨ ।

*(ਦਸਮ ਗ੍ਰੰਥ ਦੀ ਲਿਖਤ ਜੋ ਮਹਾਰਾਜ ਜੀਂਦ ਪਾਸ ਹੈ)*

ਬੋੜੇ ਦੇਂਦੀ ਹੈ । ਰਹਿਤਵਾਨ ਸਿੰਘ ਕੇਵਲ ਉਨ੍ਹਾਂ ਨੂੰ ਕਟਾਉਂਦਾ ਨਹੀਂ । ਏਸੇ ਤਰ੍ਹਾਂ ਕੰਘਾ ਵੀ ਕੇਸਾਂ ਦੀ ਸਫਾਈ ਲਈ ਇਕ ਜ਼ਰੂਰੀ ਚੀਜ਼ ਹੈ ਚੂੰਕਿ ਸਿਖ ਨੇ ਸਰੀਰਕ ਸਫਾਈ ਵਿਚ ਬਹੁਤ ਤਤਪਰ ਰਹਿਣਾ ਹੈ, ਇਸ ਵਾਸਤੇ ਕੇਸਾਂ ਦੀ ਸਫਾਈ ਹਿਤ ਕੰਘੇ ਦਾ ਹਰ ਵਕਤ ਪਾਸ ਰਖਣਾ ਜ਼ਰੂਰੀ ਕਰਾਰ ਦਿਤਾ ਗਿਆ ਹੈ। ਸੋ ਸਿੰਘ ਮਾਨਸਕ ਚਲਨ ਦੀਆਂ ਉੱਚਾਈਆਂ ਨੂੰ ਪ੍ਰਗਟ ਕਰਨ ਵਾਲੇ ਚਿੰਨ੍ਹ ਹੀ ਹਨ । ਕੜਾ, ਕਛ ਅਤੇ ਕਿਰਪਾਨ । ਹੁਣ ਇਨ੍ਹਾਂ ਦੀ ਵਰਤੋਂ ਤੇ ਵਿਚਾਰ ਕਰੀਏ ।

## ਕੜਾ

ਇਹ ਲੋਹੇ ਦਾ ਕੰਗਨਾ ਹਰ ਰਹਿਤਵਾਨ ਸਿੰਘ ਨੂੰ ਪਹਿਨਣਾ ਜ਼ਰੂਰੀ ਹੈ । ਇਹ ਸਿੰਘ ਦੇ ਉਸ ਮਾਨਸਕ ਬ੍ਰਤ ਨੂੰ ਪ੍ਰਗਟ ਕਰਦਾ ਹੈ ਜੋ ਉਸ ਨੇ ਅੰਮ੍ਰਿਤ ਛਕਨ ਸਮੇਂ ਧਰਮ ਕਿਰਤ ਕਰ, ਨਿਰਬਾਹ ਕਰਨ ਦਾ ਕੀਤਾ ਹੈ । ਇਹ ਪ੍ਰਗਟ ਨਿਸ਼ਾਨ ਹੈ । ਹਰ ਰਹਿਤਵਾਨ ਸਿੰਘ ਕੜੇ ਤੋਂ ਸਿਆਣਿਆਂ ਜਾਂਦਾ ਹੈ ਤੇ ਉਹਦੇ ਹਥ ਵਿਚ ਪਿਆ ਹੋਇਆ ਕੜਾ ਦੇਖਣ ਵਾਲੇ ਨੂੰ ਦਸਦਾ ਹੈ ਕਿ ਇਸ ਨੇ ਧਰਮ ਕਿਰਤ ਕਰਨ ਦਾ ਤੇ ਕਪਟ ਦੀ ਕਾਰ ਤਿਆਗਣ ਦਾ ਪ੍ਰਣ ਲਿਆ ਹੋਇਆ ਹੈ । ਜੋ ਕਦੀ ਲੋੜ ਵਸ ਹੈ, ਉਹ ਕਿਰਤ ਤੋਂ ਥਿੜਕ, ਕਪਟ ਦੀ ਕਮਾਈ ਵਲ ਰੁਚੀ ਕਰੇ ਤਾਂ ਹਰ ਦੇਖਣ ਵਾਲੀ ਉਸ ਨੂੰ ਕਹਿ ਸਕਦਾ ਹੈ ਕਿ ਤੂੰ ਕੜਾ ਪਹਿਨਿਆ ਹੋਇਆ ਹੈ । ਤੈਨੂੰ ਆਪਣਾ ਪ੍ਰਣ ਯਾਦ ਕਰਨਾ ਚਾਹੀਦਾ ਹੈ । ਜੋ ਇਸ ਤਰ੍ਹਾਂ ਇਹ ਨਿਸ਼ਾਨ, ਲੋਭ-ਵਸ ਹੋ ਹੁੰਗਲਾ ਰਹੀ ਸਿੰਘ ਸੁਰਤ ਨੂੰ ਜਗਾ, ਆਪਾ ਪਹਿ-ਚਾਨਣ ਦੀ ਪ੍ਰੇਰਨਾ ਕਰਦਾ ਹੈ ।

## ਕਛਹਿਰਾ

ਇਹ[1] ਗੋਡਿਆਂ ਤੋਂ ਉਤਾਂਹ ਤਕ, ਤੇੜ ਦਾ ਪਹਿਨਣ ਵਾਲਾ ਕਪੜਾ

1. ਗੋਡੇ ਵਾਲੀ ਕਛ (ਗੋਡੇ ਢਕਣੀ) ਨ ਪਹਿਰੇ ਸੋ ਤਨਖਾਹੀਆ ।
*(ਰਹਿਤਨਾਮਾ ਭਾਈ ਦਯਾ ਸਿੰਘ ਜੀ)*

ਹੈ। ਭਾਵੇਂ ਇਹ ਬਤੌਰ ਲਿਬਾਸ ਦੇ ਵੀ ਇਤਨਾ ਸੁਖਦਾਈ ਅਤੇ ਲਾਭਵੰਤਾ ਹੈ ਕਿ ਅਜ ਇਸ ਨੂੰ ਤਮਾਮ ਮੁਹੱਜ਼ਬ ਜਗਤ ਨੇ ਪਹਿਨ ਲਿਆ ਹੈ ਪਰ ਸਿੰਘ ਰਹਿਤ ਵਿਚ ਇਸਦੀ ਬਰਸਾਂ ਤੋਂ ਪਹਿਨਣ ਦੀ ਤਾਕੀਦ ਚਲੀ ਆਉਂਦੀ ਹੈ । ਇਹ ਰਹਿਤਵਾਨ ਸਿੰਘ ਦੇ ਪ੍ਰਗਟ ਚਿੰਨ੍ਹਾਂ ਵਿਚੋਂ ਇਕ ਲਾਜ਼ਮੀ ਚਿੰਨ੍ਹ ਹੈ । ਇਹ ਚਿੰਨ੍ਹ, ਨਰ ਨਾਰੀ ਦੀ ਇਜ਼ਤ ਢਕਣ ਦਾ ਆਖਰੀ ਜ਼ਾਮਨ ਹੈ। ਸਿੰਘ ਰਹਿਤ ਵਿਚ ਇਸ ਦਾ ਕੇਵਲ ਇਤਨਾ ਮਾਦੀ ਫਾਇਦਾ ਹੀ ਨਹੀਂ ਉਠਾਇਆ ਸਗੋਂ ਇਹ ਮਾਨਸਕ ਪ੍ਰਣ ਦਾ ਪ੍ਰਗਟ ਨਿਸ਼ਾਨ ਕਰਾਰ ਦਿਤਾ ਹੈ। ਅੰਮ੍ਰਿਤ ਧਾਰੀ ਪੁਰਸ਼ ਨੇ ਇਸਤ੍ਰੀ ਬ੍ਰਤ ਅਤੇ ਨਾਰੀ ਨੇ ਪਤੀ ਬ੍ਰਤ ਧਰਮ ਧਾਰਨ ਕਰਨਾ ਹੈ । ਕਛਹਿਰਾ ਉਸ ਮਾਨਸਕ ਬ੍ਰਤ ਦਾ ਪ੍ਰਗਟ ਨਿਸ਼ਾਨ ਹੈ। ਚੂੰਕਿ ਜਿਨਸੀ ਵਿਕਾਰ ਮਨੁਖ ਸੁਰਤ ਨੂੰ ਗਿਰਾਨ ਦਾ ਬਹੁਤ ਭਾਰਾ ਕਾਰਨ ਹੈ । ਇਸ ਲਈ ਇਸ ਦੇ ਤਿਆਗ ਦਾ ਨਿਸਾਨ ਕਛਹਿਰੇ ਦੇ ਪਹਿਨਣ ਦੀ ਵੀ ਸਖਤ ਤਾਕੀਦ ਹੈ । ਏਥੋਂ ਤਕ ਕਿਹਾ ਗਿਆ ਹੈ ਕਿ ਰਹਿਤਵਾਨ ਸਿੰਘ ਕਛਹਿਰੇ ਦਾ ਕਦੀ ਤਿਆਗ ਨ ਕਰੇ । ਅਸ਼ਨਾਨ ਭੀ ਇਹਨੂੰ ਉਤਾਰ ਕੇ ਕਰਨਾ[1] ਤਨਖਾਹੀਆ ਹੋਣਾ ਹੈ । ਅਸ਼ਨਾਨ ਕਰਨ ਦੇ ਬਾਦ ਕਛਹਿਰੇ ਦਾ ਇਕ ਪੌਂਚਾ ਕੱਛ, ਦੂਸਰੇ ਸੁਕੇ ਦਾ ਪਹੁੰਚਾ ਪਹਿਨਣ ਦੇ ਬਾਹਦ ਦੂਜਾ ਪਹੁੰਚਾ ਉਤਾਰੇ । ਇਤਨੀ ਤਾਕੀਦ ਦਾ ਮਤਲਬ ਸਪਸ਼ਟ ਇਹ ਹੈ ਕਿ ਸਿੰਘ ਵਿਚ ਚਿੰਨ੍ਹ ਵਲੋਂ ਕਦੀ ਵੀ ਗਾਫਲ ਨਾ ਹੋਏ ਕਿਉਂ ਜੋ ਇਹ ਭਾਰੇ ਪਣ ਦਾ ਜਨਾਇਕ ਹੈ । ਸੰਸਾਰ ਰਚਨਾ ਵਿਚ ਕਦਮ ਕਦਮ ਤੇ ਠੋਕਰ ਹੈ । ਰੂਪ ਵਿਚਾਰ ਤੇ ਤੀਰ ਨਾਲ ਬੜੇ ਬੜੇ ਤਪੀਆਂ ਤੇ ਹਠੀਆਂ ਦਾ ਨਾਸ ਕਰ ਦੇਂਦਾ ਹੈ । ਇਸ ਲਈ ਰਹਿਤਵਾਨ ਸਿੰਘ ਨੂੰ ਹੁਕਮ ਦਿਤਾ ਗਿਆ ਹੈ ਕਿ ਉਹ ਕਛਹਿਰਾ ਸਰੀਰ ਤੋਂ ਕਦੀ ਅਲਹਿਦਾ ਨ ਕਰੇ। ਤਾਕਿ ਜੇ ਕਦੀ ਉਹਦੇ ਵਿਚ ਕਮਜ਼ੋਰੀ ਆ ਵੀ ਜਾਵੇ ਤਾਂ ਉਹ ਇਸ ਚਿੰਨ੍ਹ ਨੂੰ ਦੇਖ ਕੇ ਆਪਾ ਸੰਭਾਲੇ । ਪ੍ਰਣ ਨੂੰ ਯਾਦ ਕਰੇ ਤੇ

---

1. ਨੰਗਾ ਨਹਾਵੇ ਸੋ ਤਨਖਾਹੀਆ ।

(ਤਨਖਾਹ ਨਾਮਾ)

ਪਤਤ ਹੋਣ ਤੋਂ ਆਪਣੇ ਆਪ ਨੂੰ[1] ਬਚਾਵੇ ।

## ਕਿਰਪਾਨ

ਕਿਰਪਾਨ ਧਾਰਨ ਕਰਨ ਦੀ ਵੀ ਕਛਹਿਰੇ[2] ਵਾਂਗ ਸਖਤ ਤਾਕੀਦ ਹੈ। ਇਹ ਤਾਕੀਦ ਹੁੰਦੀ ਵੀ ਕਿਉਂ ਨਾ? ਜਦ ਕਿ ਸਰੀਰਕ ਮੋਹ ਵੀ, ਜਿਨਸੀ ਵਿਕਾਰ ਨਾਲੋਂ ਮਨੁਖ ਨੂੰ ਕਮਜ਼ੋਰ ਕਰਨ ਵਿਚ ਕੋਈ ਘਟ ਨਹੀਂ ਖਾਲਸੇ ਨੇ ਪ੍ਰਣ ਲਿਆ ਹੈ ਕਿ ਉਹ ਸਦਾ ਹੀ ਨਿਰਬਲ ਦੀ ਪਾਲਨਾ ਤੇ ਦੁਸ਼ਟਾਂ ਨੂੰ ਦਮਨ ਕਰੇਗਾ । ਇਸ ਮਹਾਨ ਉਪਕਾਰ ਲਈ ਸ਼ਸਤਰ ਦੀ ਵਰਤੋਂ ਜ਼ਰੂਰੀ ਹੈ । ਭਾਵੇਂ ਉਹ ਵਰਤਣਾ ਉਦੋਂ ਹੀ ਹੈ ਜਦੋਂ ਹੋਰ ਕੋਈ ਪੇਸ਼[3] ਨਾ ਜਾਏ, ਪਰ ਫੇਰ ਵੀ ਆਖਰ ਵਰਤਣਾ ਪੈਂਦਾ ਹੀ ਹੈ । ਇਹ ਕੁਦਰਤ ਦਾ ਅਟਲ ਕਾਨੂੰਨ ਹੈ ਕਿ ਪੱਕਾ ਕਰਨ ਵਾਲੀ ਸ਼ਕਤੀ ਨੂੰ ਹਟਾਏ ਬਿਨਾਂ ਕੋਈ ਚੀਜ਼ ਵੀ ਆਪਣੀ ਸਹੀ ਨਸ਼ਵੋ ਨੁਮਾ ਨਹੀਂ ਪਾ ਸਕਦੀ । ਇਹ ਕਾਇਦਾ ਜਗਤ ਦੇ ਹਰ ਇਕ ਪਹਿਲੂ ਵਿਚ ਵਾਪਰ ਰਿਹਾ ਹੈ । ਕੋਈ ਵੀ ਕ੍ਰਿਸਾਨ ਖੇਤੀ ਦਾ ਪੂਰਾ ਫਸਲ ਹਾਸਲ ਨਹੀਂ ਕਰ ਸਕਦਾ, ਜੇ ਉਹ ਘਾਹ ਬੂਟ ਆਦੀ ਨਿਰਾਰਥ ਆਪ ਹੁਦਰੀਆਂ ਵਧਣ ਵਾਲੀਆਂ ਬੂਟੀਆਂ ਨੂੰ ਗੋਡ ਕੇ

---

1. ਸਿੰਘ ਇਤਹਾਸ ਵਿਚ ਇਹ ਬੜਾ ਮਸ਼ਹੂਰ ਵਾਕਿਆ ਹੈ ਕਿ ਜਦ ਭਾਈ ਜੋਗਾ ਸਿੰਘ ਜੀ ਗੁਰੂ ਆਗਿਆ ਅਨੁਸਾਰ ਆਪਣੀ ਧਰਮ ਪਤਨੀ ਨਾਲ ਵਿਵਾਹ ਦੀਆਂ ਲਾਵਾਂ ਵਿਚੇ ਛਡ ਕੇ ਆਨੰਦਪੁਰ ਸਾਹਿਬ ਨੂੰ ਤੁਰੇ ਤਾਂ ਹੁਸ਼ਿਆਰਪੁਰ ਪੁਜਣ ਤੇ ਮਨੁਖੀ ਕਮਜ਼ੋਰੀ ਦੇ ਅਧੀਨ ਹੋ ਵੇਸਵਾ ਦੁਆਰੇ ਜਾਣ ਦੀ ਲਾਲਸਾ ਕਰ ਬੈਠੇ । ਲਿਖਿਆ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਰਾਤ ਭਰ ਵੇਸਵਾ ਦੀਆਂ ਪੌੜੀਆਂ ਵਿਚ ਖੜ ਸਿਖ ਦੀ ਆਤਮ ਰਖਸ਼ਾ ਕਰਦੇ ਰਹੇ ਪ੍ਰੰਤੂ ਜਦ ਸੁਬਾਹ ਦਾ ਸਮਾਂ ਹੋ ਗਿਆ, ਤੇ ਆਪ ਨੇ ਸਤਸੰਗ ਹਿਤ ਜਾਣਾ ਚਾਹਿਆ ਤਾਂ ਸਿਖ ਦੀ ਸੁਰਤ ਨੂੰ ਜਗਾਨ ਹਿਤ ਉਸ ਨੂੰ ਚਿੰਨ੍ਹਾਂ ਵਲ ਇਸ਼ਾਰਾ ਕਰਦਿਆਂ ਹੋਇਆਂ ਕੀਤੇ ਹੋਏ ਪ੍ਰਣ ਚੇਤੇ ਕਰਾ ਦਿਤੇ । ਲਿਖਿਆ ਹੈ ਕਿ:–
   ਭੇਸ ਸਿਖੀ ਦਾ ਤੇਰਾ ਫੜਿਆ ਤੂੰ ਕੇਹੜਾ ਕਾਜ ।
   ਕਛੇ ਕੜੇ ਕਿਰਪਾਨ ਵਾਲੇ, ਆਂਵਦੀ ਨਹੀਂ ਲਾਜ ਹੈ ?
2. ਕਛ, ਕਿਰਪਾਨ ਨ ਕਬਹੂ ਤਿਆਗੇ, ਸਨਮੁਖ ਰਹੇ ਨ ਰਣ ਤੇ ਭਾਗੇ ।
   *(ਤਨਖਾਹ ਨਾਮਾ ਭਾਈ ਨੰਦ ਲਾਲ ਜੀ)*
3. ਚੋ ਕਾਰ ਅਜ਼ ਹਮਾਂ ਹੀਲਤੇ ਦਰ ਗੁਜ਼ਸ਼ਤ ।
   ਹਲਾਲਅਸਤ ਬੁਰਦਨ ਬਸ਼ਮਸ਼ੀਰ ਦਸਤ ।
   *(ਜ਼ਫਰਨਾਮਾ)*

ਖਤਮ ਨ ਕਰੇ । ਇਸੇ ਤਰ੍ਹਾਂ ਹੀ ਸੁੰਦਰ ਮੋਰ, ਕਬੂਤਰ ਤੇ ਮੁਰਗ ਆਦਿ ਜਾਨਵਰ ਕੁੱਤੇ ਬਿਲਿਆਂ ਤੋਂ ਬਚਾ ਕੀਤੇ ਬਗੈਰ ਵਧ ਫੁਲ ਨਹੀਂ ਸਕਦੇ । ਅੱਜ ਮਨੁਖ, ਬੱਕਰੀ, ਭੇਡ ਤੇ ਗਾਏ ਦਾ ਦੁਧ ਪੀਣ ਦੇ ਸਮਰਥ ਵੀ ਨਾ ਹੁੰਦਾ, ਜੇ ਉਸਦੇ ਵਡੇਰੇ ਬਨਾਂ ਤੇ ਜੂਹਾਂ ਵਿਚੋਂ ਬਘਿਆੜ, ਚਿਤਰੇ ਤੇ ਸ਼ੇਰ ਦੀ ਨਸਲ ਖਤਮ ਨ ਕਰ ਦੇਂਦੇ। ਇਹ ਗਲ ਤੇ ਕਿਤੇ ਰਹੀ, ਮਨੁਖ ਅੱਖ ਵੀ ਬੀਮਾਰੀਆਂ ਦੇ ਕੀੜੇ, ਮਛਰ, ਮਖੀਆਂ, ਤੇ ਹਲਕਾਏ ਕੁੱਤੇ ਮਾਰੇ ਤੋਂ ਬਗੈਰ ਚੈਨ ਨਾਲ ਜ਼ਿੰਦਗੀ ਬਸਰ ਨਹੀਂ ਕਰ ਸਕਦਾ । ਸੋ ਜਿਸ ਤਰ੍ਹਾਂ ਮਨੁਖੀ ਅਮਨ ਲਈ, ਜ਼ਹਿਰੀਲੇ ਕੀੜੇ ਤੇ ਹਲਕੇ ਕੁੱਤੇ ਖਤਮ ਕਰਨ ਦੀ ਲੋੜ ਹੈ, ਓਦਾਂ ਹੀ ਮਨੁਖ ਅਮਨ ਦੀ ਪੂਰੀ ਪੂਰੀ ਰਖਸ਼ਾ ਕਰਨ ਲਈ, ਆਸੁਰੀਬਲ ਦੇ ਮਧ ਮਤੇ ਜਰਵਾਣਿਆਂ ਨੂੰ ਮੁਕਾਉਣ ਦੀ ਤੇ ਹੰਕਾਰ ਦੇ ਪਾਗਲਾਂ ਤੋਂ ਸ੍ਰਿਸ਼ਟੀ ਨੂੰ ਪਾਕ ਕਰਨ ਦੀ ਵੀ ਜ਼ਰੂਰਤ ਹੈ। ਚੂੰਕਿ ਇਸ ਜਗਤ ਉਪਕਾਰ ਸ਼ਸਤਰਾਂ ਦੀ ਵਰਤੋਂ ਨਾਲ ਹੀ ਕੀਤਾ ਜਾ ਸਕਦਾ ਹੈ, ਇਸ ਲਈ ਸ਼ਸਤਰ ਸਿੰਘ ਜੀਵਨ ਵਿਚ ਬੜੇ ਸਤਕਾਰੇ ਗਏ ਹਨ । ਸਤਿਗੁਰਾਂ ਨੇ ਫੁਰਮਾ-ਇਆ ਹੈ ਕਿ ਜਿਸ ਤਰ੍ਹਾਂ ਪੁਰਾਣੇ ਮਜ਼ਹਬ ਵਿਚ ਕਮਜ਼ੋਰ ਲੋਕ ਪੀਰਾਂ ਦੀਆਂ ਮੰਨਤਾਂ ਮੰਨ ਉਨ੍ਹਾਂ ਕੋਲੋਂ ਬਲ ਪ੍ਰਾਪਤੀ ਦੀ ਇਛਾ ਕਰਦੇ ਸਨ ਓਦਾਂ ਹੀ ਨਵੇਂ ਜੀਵਨ ਵਿਚ ਖਾਲਸ ਸ਼ਸਤਰਾਂ ਕੋਲੋਂ ਬਲ ਪ੍ਰਾਪਤ[1] ਕਰਿਆ ਕਰੇਗਾ । ਇਹ ਹੀ ਕਾਰਨ ਹੈ ਕਿ ਖਾਲਸੇ ਨੂੰ ਤਾਕੀਦ ਕੀਤੀ ਗਈ ਕਿ ਉਹ ਕਦੀ ਸ਼ਸਤਰ-ਹੀਨ ਨ ਹੋਵੇ । ਪਰ ਸਾਰੇ ਸ਼ਸਤਰਾਂ ਦਾ ਧਾਰਨ ਕਰਨਾ ਹਰ ਸਮੇਂ ਵਿਚ ਮੁਸ਼ਕਿਲ ਹੈ । ਇਸ ਲਈ ਕ੍ਰਿਪਾਨ ਜੋ ਸ਼ਸਤਰ ਕਲਾ ਦੀ[2] ਜਗਤ ਪ੍ਰਸਿਧ ਪ੍ਰਤੀਨਿਧ ਮੰਨੀ ਗਈ ਹੈ, ਹਮੇਸ਼ਾ ਧਾਰੀ ਰਖੇ ।

---

1. ਅਸ, ਕਿਰਪਾਨ, ਖੰਡੋ ਖੜਗ, ਤੁਬਕ,ਤਬਰ ਅਰ ਤੀਰ ।
ਸੈਫੀ ਸੈਹੀ ਸਾਕਬੀ ਏਹੀ ਹਮਾਰੇ ਪੀਰ ।

*(ਦਸਮ ਗ੍ਰੰਥ)*

2. ਸੰਸਾਰ ਦੇ ਤਮਾਮ ਸੈਨਾਪਤੀ ਅਤੇ ਸ਼ਹਿਨਸ਼ਾਹ ਜਦੋਂ ਵੀ ਦਰਬਾਰੀ ਲਿਬਾਸ ਪਹਿਨਦੇ ਹਨ ਤਾਂ ਹੋਰ ਕੋਈ ਸ਼ਸਤਰ ਹੋਵੇ ਜਾਂ ਨ ਹੋਵੇ ਤਲਵਾਰ ਜ਼ਰੂਰ ਪਹਿਨੀ ਜਾਂਦੀ ਹੈ ਅਤੇ ਜਦੋਂ ਵੀ ਕੋਈ ਦੇਸ ਸ਼ਸਤਰ ਬਲ ਨਾਲ ਜਿਤਿਆ ਜਾਂਦਾ ਤਾਂ ਇਹੋ ਹੀ ਕਿਹਾ ਜਾਂਦਾ ਹੈ ਕਿ ਤਲਵਾਰ ਦੇ ਜ਼ੋਰ ਨਾਲ ਜਿਤਿਆ ਗਿਆ ਹੈ ।

ਕਿਰਪਾਨ ਖਾਲਸਾ ਪੰਥ ਵਿਚ ਕੇਵਲ ਸ਼ਸਤਰਾਂ ਦੀ ਨੁਮਾਇੰਦਾ ਹੀ ਨਹੀਂ ਬਲਕਿ ਉਹ ਸ੍ਰੀ ਅਕਾਲ ਪੁਰਖ ਜੀ ਦੀ ਸ਼ਕਤੀ ਪ੍ਰਗਟ ਨਿਸ਼ਾਨ ਮੰਨਿਆ ਗਿਆ ਹੈ । ਨਿਰਗੁਨ ਸਵਰੂਪ ਅਕਾਲ ਪੁਰਖ, ਜਿਸ ਸ਼ਕਤੀ ਦੇ ਪ੍ਰਕਾਸ਼ ਦੁਆਰੇ ਸਰਗੁਨ ਹੋ, ਪ੍ਰਗਟਦੇ ਹਨ ਉਸ ਨੂੰ ਗੁਰਮਤ ਵਿਚ ਸ੍ਰੀ ਭਗੋਤੀ ਜੀ ਕਿਹਾ ਗਿਆ ਹੈ। ਸ਼ਕਤੀ ਦੇ ਪ੍ਰਕਾਸ਼ ਤੋਂ ਹੀ ਸਤਗੁਰਾਂ ਨੇ ਚਾਨਣ ਲੈ ਦਸ ਜਾਮੇਂ ਧਾਰਨ ਕੀਤੇ ਹਨ । ਉਹ ਸਰੀ ਭਗੌਤੀ ਅਕਾਲ ਪੁਰਖ ਦੀ ਸ਼ਕਤੀ ਹੀ ਸ਼ੁਰੂ ਜਗਤ ਤੋਂ ਸੰਤਾ ਦੀ ਸਹਾਇਕ ਹੈ, ਦੁਸ਼ਟ ਦਮਨ[1] ਕਰਦੀ ਚਲੀ ਆਈ ਹੈ ਸਤਗੁਰਾਂ ਨੇ ਅਕਾਲ ਪੁਰਖ ਕੋਲੋਂ ਇਹ ਮੰਗ ਮੰਗੀ ਹੈ ਕਿ ਇਸ ਸ਼ਕਤੀ ਦਾ ਪ੍ਰਗਟ ਚਿੰਨ੍ਹ ਸਦਾ ਹੀ ਉਨ੍ਹਾਂ ਦੇ ਦਾਹਿਨ[2] ਦਰਸ਼ਨ ਦੇਂਦੀ ਰਹੇ । ਇਹੋ ਹੀ ਸ੍ਰੀ ਭਗੌਤੀ ਜੀ ਦਾ ਪ੍ਰਤੱਖ ਚਿੰਨ੍ਹ ਕਿਰਪਾਨ, ਸਿੰਘ ਨੇ ਸਦਾ ਗਾਤਰੇ ਰਖਣਾ ਹੈ ਕਿਉਂਕਿ ਉਸ ਨੇ ਅੰਮ੍ਰਿਤ ਛਕਨ ਸਮੇਂ ਦੀਨ ਰਖਸ਼ਾ ਤੇ ਦੁਸ਼ਟ ਬਿਦਾਰਨ ਦਾ ਪ੍ਰਣ ਲਿਆ ਹੋਇਆ ਹੈ । ਉਸ ਨੇ [3] ਨਿਤ ਜੰਗ ਕਰਨੇ ਹਨ ਜਿਸ ਕਰਕੇ ਕੰਮ ਅਜ ਕੰਮ ਕਿਰਪਾਨ ਉਸ ਦੇ ਗਾਤਰੇ ਰਹਿਣੀ ਜ਼ਰੂਰੀ ਹੈ, ਕਿਉਂ ਜੋ ਸ਼ਸਤਰ ਹੀਣ ਪ੍ਰਾਣੀ ਕੋਲੋਂ ਕੋਈ ਭੈ ਨਹੀਂ ਕਰਦਾ । ਸਗੋਂ ਸ਼ਸਤਰ ਹੀਨ ਖੁਦ ਜਰਵਾਣਿਆਂ ਅਗੇ ਹੋ[4] ਝੁਕ ਜਾਂਦਾ ਹੈ ਸਿੰਘ ਲਈ ਜ਼ੋਰ ਅਗੇ ਝੁਕਨਾ ਕਿਸੇ ਹਾਲਤ ਵਿਚ ਵੀ ਨਹੀਂ ਬਨ ਆਇਆ ਉਸ ਨੂੰ ਹਰ ਸਮੇਂ ਤੇ ਹਰ ਅਸਥਾਨ ਵਿਚ ਸ਼ਸਤਰ ਧਾਰੀ ਹੋ ਕੇ ਵਿਚਰਨਾ ਜ਼ਰੂਰੀ ਹੈ ਇਸ ਕਰਕੇ ਕਿਰਪਾਨ ਰੋਜ਼ ਦੇ ਧਾਰਨ ਕਰਨ ਵਾਲੇ

---

1. ਰਾਵਨ ਸੇ ਮਹਾਂ ਰਾਵਨ ਸੇ ਘਟ ਕਾਨਨ ਸੇ ਛਿਨ ਮਹਿੰ ਹਨ ਡਾਰੇ ।
ਬਾਰਦ ਨਾਦ ਅਕੰਪਨ ਸੇ ਜੱਗ ਜੰਗ ਲਰੇ ਜਿਨ ਸਿਓ ਜਮ ਹਾਰੇ ।
ਸੁੰਭ ਨਿਸੁੰਭ ਸੇ ਜੀਤ ਲੀਏ ਜਿਨ ਸਾਤ ਸਮੁੰਦ ਹਥਿਆਰ ਪਖਾਰੇ ।
ਜੇ ਜੇ ਹੁਤੇ ਅਕਟੇ ਬਿਕਟੇ ਸੇ ਕਟੇ ਕਰ ਕਾਲ ਕਿਰਪਾਨ ਕੇ ਮਾਰੇ ।
2. ਸਦਾ ਦਾਸ ਕੇ ਦਾਹਿਨੇ ਦਾਨ ਦੀਜੇ ਸ੍ਰੀ ਸ਼ਾਹ ਗੋਬਿੰਦ ਕੀ ਰਾਖ ਕੀਜੇ ।

*(ਦਸਮ ਗ੍ਰੰਥ)*

3. ਖਾਲਸਾ ਸੋ ਜੋ ਚੜ੍ਹੇ ਤੁਰੰਗ, ਖਾਲਸਾ ਸੋ ਜੋ ਕਰੇ ਨਿਤ ਜੰਗ ।
ਖਾਲਸਾ ਸੋਈ ਸ਼ਸਤਰ ਕੋ ਧਾਰੇ । ਖਾਲਸਾ ਸੋਈ ਦੁਸਟ ਕੋ ਮਾਰੇ ।

*(ਰਹਿਤਨਾਮਾ ਭਾਈ ਨੰਦ ਲਾਲ ਜੀ)*

4. ਤਜੇ ਸ਼ਸਤਰ ਭੈ ਕਰੇ ਨ ਕੋਈ ।

ਚਿੰਨ੍ਹਾਂ ਵਿਚੋਂ ਮੁਖ ਚਿੰਨ੍ਹ ਹੈ । ਹਰ ਦੀਨ ਦੁਖੀ ਦਾ ਹਕ ਹੈ ਕਿ ਉਹ ਆਪਣੇ ਉਤੇ ਹੋ ਰਹੇ ਧੱਕੇ ਸਮੇਂ ਕਿਰਪਾਨ ਧਾਰੀ ਸਿੰਘ ਤੋਂ ਇਹ ਮੰਗ ਕਰੇ ਕਿ ਉਹ ਉਸ ਦੀ ਰਖਸ਼ਾ[1] ਲਈ ਬਾਹੁੜੇ । ਸੋ ਕਿਰਪਾਨ ਕੇਵਲ ਸਿੰਘ ਨੂੰ ਹੀ ਉਦੇਸ਼ ਚੇਤੇ ਨਹੀਂ ਕਰਾਉਂਦੀ ਜਗਤ ਦੇ ਹਰ ਦੀਨ ਦੁਖੀ ਨੂੰ ਇਹ ਹਕ ਦੇਂਦੀ ਹੈ ਕਿ ਉਹ ਆਪਣੀ ਬਾਹੁੜੀ ਲਈ ਹਰ ਸਮੇਂ ਤੇ ਹਰ ਥਾਂ ਸਿੰਘ ਨੂੰ ਵੰਗਾਰ ਸਕੇ ।

## ਕੇਸ

ਕੇਸ ਧਾਰਨ ਕਰਨ ਵਾਲੇ ਚਿੰਨ੍ਹਾਂ ਦੇ ਬਾਹਦ ਸਰੀਰ ਸੰਭਾਲ ਦੀ ਰਹਿਤ ਸ਼ੁਰੂ ਹੁੰਦੀ ਹੈ । ਇਸ ਦੇ ਤਿੰਨ੍ਹਾਂ ਹੀ ਅੰਗਾ ਵਿਚ ਸਿਖ ਲਈ ਸੰਜਮ ਦਾ ਜੀਵਨ ਬਸਰ ਕਰਨ ਦੀ ਆਗਿਆ ਹੈ । ਮਨੁਖ ਦੇਹੀ ਵਿਚ ਬੈਠ ਸਿੰਘ ਨੇ ਉਪਕਾਰ ਕਰਨਾ ਹੈ । ਇਸ ਲਈ ਇਹ ਦੇਹ ਪੂਰਨ ਸੰਭਾਲ ਦੀ[2] ਪਾਤਰ ਹੈ ਪ੍ਰੰਤੂ ਸੰਭਾਲ ਹੋਰ ਸ਼ੈ ਹੈ ਤੇ ਵਿਕਾਰ ਹੋਰ ਗੱਲ । ਸੰਭਾਲ ਵਿਚ ਸੰਜਮ ਵਰਤਨੇ ਪੈਂਦੇ ਹਨ, ਤੇ ਵਿਕਾਰ ਵਿਚ ਸ਼ੰਗਾਰ । ਸੰਜਮ ਸੁਭਾਵਕ ਸ਼ੈ ਹੈ ਪਰ ਵਿਕਾਰ, ਵਾਦੀਆਂ ਤੇ ਅਮਲ ਲਗਾ ਦੇਂਦਾ ਹੈ । ਸਤਗੁਰਾਂ ਨੇ ਸਿੰਘ ਨੂੰ ਸਰੀਰ ਦੀ ਸੰਭਾਲ ਫੁਰਮਾਈ ਹੈ ਉਹ ਸੰਭਾਲ ਪੂਰਨ ਕਰਨੀ ਹੈ । ਸਿੰਘ ਉਪਕਾਰੀ-ਜੀਵਨ ਹਿਤ ਮਿਲਿਆ ਹੋਇਆ ਸਰੀਰ, ਪੂਰਨ, ਪਵਿਤ੍ਰ ਸਾਫ, ਸਜੀਲਾ, ਨਿਰੋਆ, ਤੇ ਪੁਸ਼ਟ ਰਖਣਾ ਹੈ ਇਨ੍ਹਾਂ ਗੱਲਾਂ ਦੀ ਸੰਭਾਲ ਕਰਨੀ ਹੈ। ਪਰ ਇਸ[3] ਕੰਚਨ ਕਾਇਆਂ ਨੂੰ ਬਿਖੇ ਰਸ ਅਧੀਨ ਹੋ, ਵਿਚਾਰਾਂ ਦੀ ਭਠੀ ਵਿਚ ਝੋਕਨ ਲਈ ਭੜਕੀਲੇ ਸ਼ੰਗਾਰ, ਵਾਧੂ, ਵਾਦੀਆਂ, ਤੇ ਅਕਾਰਥ ਅਮਲਾਂ ਦੇ ਵਸ ਨਹੀਂ ਪਾਉਣਾ ਸੰਜਮ-ਰਹਿਤ ਬਨਾਵਟੀ ਜੀਵਨ ਦਾ ਅਰੰਭ ਆਮ ਤੌਰ ਤੇ ਮਨੁਖ

---

1. ਸਿਖ ਇਤਹਾਸ ਵਿਚ ਨੁਸ਼ਹਿਰੇ ਜ਼ਿਲੇ ਅੰਮ੍ਰਿਤਸਰ ਦੇ ਕਿਸਾਨਾਂ ਦਾ ਚੌਧਰੀਆਂ ਦੇ ਧੱਕੇ ਦੇ ਖਿਲਾਫ ਭਾਈ ਬਘੇਰ ਸਿੰਘ ਨੂੰ ਵੰਗਾਰਨਾ, ਤੇ ਉਨ੍ਹਾਂ ਦਾ ਸ਼ਸਤਰ ਧਾਰੀ ਹੋਣ ਕਰ ਕੇ ਦੀਨ ਰਖਸ਼ਾ ਹਿਤ ਕਰਮ ਯੋਗ ਕਰਦਿਆਂ ਹੋਇਆਂ ਸ਼ਹੀਦ ਹੋਣਾ, ਅਜਿਹੇ ਅਨੇਕ ਪ੍ਰਮਾਣਾਂ ਵਿਚੋਂ ਇਕ ਹੈ ।
2. ਘਟਿ ਵਸਹਿ ਚਰਣਾਰ ਬਿੰਦ ਰਸਨਾ ਰਸਨਾ ਜਪੈ ਗੁਪਾਲ ।
   ਨਾਨਕ ਸੋ ਪ੍ਰਭੁ ਸਿਮਰੀਐ ਤਿਸੁ ਦੇਹੀ ਕਉ ਪਾਲਿ ॥
3. ਕੰਚਨ ਕਾਇਆ ਕੋਟ ਗੜ੍ਹ ਵਿਚਿ ਹਰਿ ਸਿਧਾ ।

ਵਿਚ ਕੇਸ ਦਾੜ੍ਹੀ ਮੁਨਾਮਨੋਕਲਪਤ ਸੋਹਣੀ ਬਨਾਨ ਤੋਂ ਹੀ ਸ਼ੁਰੂ ਹੁੰਦੀ ਹੈ ।[1]

---

1. ਮਰਦਾਨੇ ਕਿਹਾ ਤਿੰਨ ਬਾਤਾਂ ਤੂੰ ਕਰ, ਇਕ ਸਿਰ ਤੇ ਕੇਸ ਰਖਦੇ, ਦੂਜਾ ਪਿਛਲੀ ਰਾਤ ਸਤਿਨਾਮ ਜਪਣਾ, ਤੀਜੇ ਸਾਧ ਸੰਗਤ ਆਉਂਦੇ ਜਾਂਦੇ ਦੀ ਸੇਵਾ ਕਰਨੀ ।

*(ਗਿਆਨ ਰਤਨਾਵਲੀ)*

ਤਥਾ:– ਕੇਸ ਕੜਕੇ ਦੇ ਜੋ ਹੋਏਂ ਉਨਾਂ ਦਾ ਬੁਰਾ ਨਾ ਮੰਗੇ ।

*(ਪ੍ਰੇਮ ਸਮਾਰਗ)*

ਤਥਾ:– ਜੋ ਸਿਖ ਚਿੱਟੇ ਕੇਸ ਚੁਗੇ ਸੋ ਤਨਖਾਹੀਆ ।

*(ਰਹਿਤਨਾਮਾ ਭਾਈ ਚੋਪਾ ਸਿੰਘ ਜੀ)*

ਤਥਾ:– ਸਤਿਗੁਰਾਂ ਦੀ ਆਗਿਆ ਅਨੁਸਾਰ ਅੰਮ੍ਰਿਤ ਛਕਣ ਸਮੇਂ ਸਿੰਘ ਨੂੰ ਭੱਦਨ ਕਰਨ ਦੀ ਮਨਾਹੀ ਕੀਤੀ ਗਈ । ਲਿਖਿਆ ਹੈ :–

ਭਦਨ ਤਿਆਗ ਕਰਹੁ ਰੇ ਭਾਈ । ਤਬ ਸਿਖਨ ਯੇਹ ਬਾਤ ਸੁਨਾਈ ।
ਮਾਤ ਪਿਤਾ ਮਰੇ ਜੇ ਕੋਈ । ਤੇ ਭੀ ਕਹਤ ਨ ਭੱਦਨ ਹੋਈ ।
ਤਾਂ ਪਰ ਭੱਦਨ ਮੂਲ ਨ ਕੀਜੈ । ਏਹ ਉਪਦੇਸ਼ ਸਤ ਕਰ ਲੀਜੈ ।
ਭੱਦਨ ਭਰਮ, ਧਰਮ ਕੁਛ ਨਾਹੀ । ਨਿਸਚੇ ਜਾਣ ਸੰਤ ਮਨ ਮਾਹੀ ।
ਸੰਗਤ ਭੱਦਨ ਮਤ ਕਰੇ ਖਰ ਨਾ ਲਾਵੇ ਸੀਸ ।
ਮਾਤ ਪਿਤਾ ਕੋਈ ਮਰੇ ਸਤਿਗੁਰ ਕਹੀ ਅਸੀਸ ।

*(ਗੁਰਸੋਭਾ)*

ਕੇਸ ਕਟਾਉਣ ਦੇ ਸੰਬੰਧ ਵਿਚ ਪਹਿਲੇ ਸਤਿਗੁਰਾਂ ਦੇ ਸਮੇਂ ਤੋਂ ਹੀ ਇਸ ਵਾਦੀ ਨੂੰ ਛਡਣ ਦਾ ਮਸ਼ਵਰਾ ਦਿਤਾ ਗਿਆ ਸੀ । ਏਹੀ ਕਾਰਨ ਹੈ ਕਿ ਸਾਰੇ ਸਤਿਗੁਰਾਂ ਦੇ ਜ਼ਮਾਨੇ ਵਿਚ ਸਿਖ ਧਰਮ ਦਾ ਪ੍ਰਚਾਰ ਕਰਨ ਵਾਲੇ ਉਦਾਸੀ ਸਾਧੂ ਕੇਸ ਨਹੀਂ ਸਨ ਕਟਾਂਦੇ । ਖਾਲਸਾ ਪ੍ਰਗਟ ਕਰਨ ਸਮੇਂ ਇਸ ਵਾਦੀ ਨੂੰ ਉੱਕਾ ਹੀ ਤਿਆਗ ਦੇਣ ਦਾ ਫੈਸਲਾ ਕਰ ਦਿਤਾ ਗਿਆ, ਅਜਿਹਾ ਕਰ ਦੇਣਾ ਵੀ ਜ਼ਰੂਰੀ ਸੀ, ਕਿਉਂਜੋ ਸੰਸਾਰ ਦਾ ਇਤਿਹਾਸ ਏਸ ਗੱਲ ਦਾ ਗਵਾਹ ਹੈ ਕਿ ਸਰੀਰਕ ਭੋਗ ਵਾਸ਼ਨਾ ਤੋਂ ਉਤਾਂਹ ਹੋ ਜੀਵਨ ਬਸਰ ਕਰਨ ਵਾਲੇ ਮਨੁਖ ਇਸ ਵਾਦੀ ਤੋਂ ਆਮ ਤੌਰ ਤੇ ਬਚੇ ਰਹੇ ਹਨ । ਪੁਰਾਤਨ ਆਰੀਆ ਰਿਸ਼ੀਆਂ, ਮੁਨੀਆਂ ਤੇ ਅਵਤਾਰਾਂ ਦੇ ਵਾਂਗ ਬਣਾਉਣ ਸਮੇਂ ਅਜ ਤਕ ਵੀ ਨਕਲੀ ਕੇਸ ਤੇ ਦਾੜ੍ਹੀਆਂ ਲਗਾਉਣੀਆਂ ਪੈਂਦੀਆਂ ਹਨ । ਸਿੰਘ ਚਲਣ ਇਸ ਨਕਲ ਨੂੰ ਅਸਲ ਵਿਚ ਬਦਲਣਾ ਚਾਹੁੰਦਾ ਹੈ । ਉਹ ਨਿਰਾ ਮਨ ਕਰ ਕੇ ਹੀ ਨਹੀਂ, ਸਗੋਂ ਸਰੀਰ ਕਰ ਕੇ ਵੀ ਰਿਖੀ ਜੀਵਨ ਬਿਤਾਉਣ ਦੀ ਤਾਕੀਦ ਕਰਦਾ ਹੈ । ਭਾਰਤ ਵਰਸ਼ ਦੇ ਬਜ਼ੁਰਗਾਂ ਤੋਂ ਬਿਨਾਂ ਯਹੂਦੀਆਂ ਦੇ ਰਖਸ਼ਕ ਮੂਸਾ, ਈਸਾਈਆਂ ਦੇ ਖ਼ੁਦਾਵੰਦ ਮਸੀਹ, ਮੁਸਲਮਾਨਾਂ ਦੀ ਹਾਮੀ ਭਰਨ ਵਾਲੇ ਮੁਹੰਮਦ ਸਾਹਿਬ ਤੇ ਏਨ੍ਹਾਂ ਸਾਰਿਆਂ ਦੇ ਵਡੱਕੇ ਹਜ਼ਰਤ ਇਬਰਾਹੀਮ ਭੀ ਬਾਲ ਕਟਾਉਣ ਦੀ ਵਾਦੀ ਤੋਂ ਬੜੀ ਹਦ ਤਕ ਪ੍ਰਹੇਜ ਕਰਦੇ ਸਨ । ਇਹੋ ਹੀ ਬਿਵਸਤਾ ਪਾਰਸੀਆਂ ਦੇ ਬਜ਼ੁਰਗਾਂ ਜ਼ਰਦੁਸਤ ਜੀ ਦੀ ਸੀ। ਮਜ਼੍ਹਬੀ ਆਗੂਆਂ ਤੋਂ ਬਿਨਾਂ ਸੁਕਰਾਤ ਤੇ ਟਾਲਸਟਾਏ ਜੇਹੇ ਫਿਲਾਸਫਰ, ਤੁਲਸੀ ਜੀ ਤੇ ਟੈਗੋਰ ਵਰਗੇ ਮਹਾਨ ਕਵੀ ਵੀ ਨੂਰਾਨੀ ਸੂਰਤ ਰਖਣਾ ਪਸੰਦ ਕਰਦੇ ਸਨ । ਮਜ਼੍ਹਬੀ ਦੁਨੀਆ ਵਿਚ ਕੇਸ ਕਟਾਉਣ ਦੀ ਵਾਦੀ ਨੂੰ ਨਿੰਦਿਆ ਗਿਆ ਹੈ । ਕੀ ਹਿੰਦੂ ਸਾਹਿਤ, ਕੀ ਬਾਈਬਲ ਤੇ ਕੀ ਕੁਰਾਨ, ਹਰ ਇਕ ਵਿਚ ਕੇਸਾਂ ਨੂੰ ਵਡਿਆਇਆ ਗਿਆ ਹੈ ।

SIKHBOOKCLUB.COM

ਅੰਮ੍ਰਿਤਧਾਰੀ ਸਿੰਘ ਨੂੰ ਪਹਿਲਾਂ ਇਸ ਬਨਾਵਟ ਤੋਂ ਹੀ ਰੋਕਿਆ ਗਿਆ ਹੈ। ਉਸ ਨੇ ਭਾਵੇਂ ਸਰੀਰ ਨੂੰ ਸਵਛ ਰਖਨਾ ਹੈ, ਪਰ ਉਸ ਦੀ ਕੋਈ ਬਨਾਵਟ ਨਹੀਂ ਬਨਾਣੀ, ਕਿਉਂ ਜੋ ਇਹ ਬਨਾਵਟ ਵਾਦੀ ਬਣ ਜਾਂਦੀ ਹੈ ਤੇ ਉਪ-ਕਾਰੀ ਜੀਵਨ ਨੂੰ ਹਰ ਸਮੇਂ ਬਨਾਵਟਾਂ ਬਨਾਨ ਦੇ ਸਾਧਨ ਨਹੀਂ ਮਿਲ ਸਕਦੇ । ਇਸ ਲਈ ਉਹ ਇਹ ਵਾਧੂ ਵਾਦੀ ਪਾਵੇ ਹੀ ਕਿਉਂ ? ਇਹ ਤਾਂ ਕੇਵਲ ਪਾਈ ਹੀ ਆਮ ਤੌਰ ਤੇ ਸੰਜਮ-ਰਹਿਤ ਜੀਵਨ ਵਿਚ ਜਾਂਦੀ ਹੈ । ਇਸ ਲਈ ਸਿੰਘ ਨੂੰ ਇਸ ਵਾਦੀ ਤੋਂ ਵਰਜਨ ਲਈ ਇਤਨੀ ਤਾਕੀਦ ਕੀਤੀ ਗਈ ਹੈ ਕਿ ਕੇਸ ਦਾਹੜੀ ਕਟਾਣ ਵਾਲਾ ਪਤਤ ਕਰਾਰ ਦਿਤਾ ਗਿਆ ਹੈ । ਸਿੰਘ ਚਲਨ ਵਿਚ ਆਮ ਤੌਰ ਤੇ ਜਿਨ੍ਹਾਂ ਵਾਦੀਆਂ ਦੀ ਮਰਜ਼ ਬਾਹਲੀ ਫੈਲੀ ਹੋਈ ਹੋਵੇ ਉਨ੍ਹਾਂ ਤੋਂ ਬਚਨ ਦੀ ਸਖਤ ਤਾਕੀਦ ਹੈ । ਇਹ ਵਾਦੀ ਵੀ ਬਹੁਤ ਫੈਲੀ ਹੋਈ ਤੇ ਇਸ ਦਾ ਗ੍ਰਹਿਣ ਕਰ ਲੈਣਾ ਸਿਖੀ ਤੋਂ ਪਰਗਟ ਇਨਕਾਰ ਕਰ ਦੇਣਾ ਹੈ । ਅੰਮ੍ਰਿਤਧਾਰੀ ਸਿੰਘ ਨੂੰ ਅੰਮ੍ਰਿਤ[1] ਛਕਣ ਸਮੇਂ ਜੋ ਪ੍ਰਣ ਲੈਣੇ ਪੈਂਦੇ ਹਨ, ਉਹਨਾਂ ਵਿਚੋਂ ਇਹ ਮੁਖ ਪ੍ਰਣ ਹੈ । ਕਿ ਉਹ ਆਪਣੀ [2] ਸੂਰਤ ਬਨਾਵਟੀ ਨਹੀਂ ਬਣਾਵੇਗਾ । ਹੁਣ ਜੋ ਸਿੰਘ ਇਹ ਪ੍ਰਣ ਕਰ ਕੇ ਵੀ ਕੇਸ ਦਾਹੜ੍ਹੀ ਕਟਾ ਦੇਵੇ ਤੇ ਸੂਰਤ ਬਨਾਵਟੀ ਬਣਾਵੇ, ਓਸ ਨੇ ਤਾਂ ਸਮਝੋ ਆਪਣੇ ਕੀਤੇ ਹੋਏ ਪ੍ਰਣਾਂ ਦੇ ਬਰਖਿਲਾਫ਼ ਜ਼ਾਹਿਰਾ ਬਗ਼ਾਵਤ ਕਰ ਦਿਤੀ । ਏਸੇ ਲਈ ਉਸ ਨੂੰ ਪਤਿਤ ਕਰਾਰ ਦਿਤਾ ਹੈ । ਸੂਰਤ ਦੀ ਬਨਾ-ਵਟ ਦੇ ਮੁਤਅਲਕ ਏਥੇ ਤਕ ਖਿਆਲ ਰਖਿਆ ਗਿਆ ਹੈ ਕਿ ਰਹਿਤ-

---

1. ਅੰਮ੍ਰਿਤਧਾਰੀ ਸਿੰਘ ਤੋਂ ਬਿਨਾ, ਸਿਖੀ ਸਿਖ ਰਹੇ ਉਹ ਉਮੀਦਵਾਰ ਜੋ ਅਜੇ ਖਾਲਸਾ ਨਹੀਂ ਬਣੇ, ਕੁਦਰਤੀ ਸੂਰਤ ਰਖਣ ਦਾ ਪ੍ਰਣ ਨਹੀਂ ਲੈਂਦੇ, ਇਸ ਲਈ ਜੇ ਉਹ ਆਪਣੇ ਕੇਸ ਦਾਹੜੀ ਮੁਨਾਉਣ ਤਾਂ ਉਹ ਪਤਿਤ ਨਹੀਂ ਕਹੇ ਜਾ ਸਕਦੇ ।

2. ਸੂਰਤ ਤੋਂ ਮੁਰਾਦ ਹਮੇਸ਼ਾ ਹੀ ਸਿਰ ਤੇ ਚਿਹਰਾ ਹੁੰਦਾ ਹੈ । ਆਮ ਬੋਲੀ ਵਿਚ ਵੀ ਕਿਹਾ ਜਾਂਦਾ ਹੈ:- ਤੂੰ ਆਪਣੀ ਸੂਰਤ ਤਾਂ ਸ਼ੀਸ਼ੇ ਵਿਚ ਵੇਖ । ਸ਼ੀਸ਼ੇ ਵਿਚ ਗਲੇ ਤੋਂ ਉਤਲੇ ਅੰਗ ਹੀ ਦੇਖੇ ਜਾ ਸਕਦੇ ਹਨ । ਹਾਂ ਕਪੜੇ ਉਤਾਰ ਸਾਰਾ ਸਰੀਰ ਵੀ ਵੇਖਿਆ ਜਾ ਸਕਦਾ ਹੈ। ਪਰ ਸਰੀਰ ਤੇ ਸੂਰਤ ਦੋ ਸ਼ਬਦ ਵਰਤੇ ਹੀਂ ਇਸ ਵਾਸਤੇ ਜਾਂਦੇ ਹਨ ਕਿ ਸਰੀਰ ਸ਼ਬਦ ਨਕਸ਼ਿਖ ਤਕ ਸਾਰੇ ਮਨੁਖ ਦਾ ਵਾਚਕ ਹੈ । ਪਰ ਸੂਰਤ ਸ਼ਬਦ ਤੋਂ ਮੁਰਾਦ ਗਰਦਨ ਤੋਂ ਉਤਲੇ ਉਤਲੇ ਅੰਗ ਹਨ ਚਿਹਰੇ ਤੋਂ ਹੀ ਮਨੁਖ ਨੂੰ ਖੂਬਸੂਰਤ ਜਾਂ ਬਦਸੂਰਤ ਜਿਹੋ ਜਿਹਾ ਉਹ ਹੈ ਆਖਿਆ ਜਾਂਦਾ ਹੈ ।

ਵਾਨ ਸਿੰਘ ਲਈ ਦਾਹੜਾ ਸਿੱਧਾ ਖੁੱਲਾ ਰਖਣ ਦਾ ਮਸ਼ਵਰਾ ਤੇ ਖ਼ਿਜ਼ਾਬ[1] (ਕਲਫ) ਲਗਾਉਣ ਦੀ ਮਨਾਹੀ ਕੀਤੀ ਗਈ ਹੈ ।

## ਕੰਘਾ

ਸਿੰਘ ਨੇ ਭਾਵੇਂ ਬਨਾਵਟੀ ਸੂਰਤ ਨਹੀਂ ਬਨਾਉਣੀ, ਪਰ ਸਰੀਰ ਨੂੰ ਸਵਛ ਜ਼ਰੂਰ ਰਖਣਾ ਹੈ । ਸਰੀਰ ਦੀ ਸਵੱਛਤਾ ਲਈ ਕੇਸਾਂ ਨੂੰ ਸਾਫ਼ ਰਖਣਾ ਬੜਾ ਜ਼ਰੂਰੀ ਹੈ ਤੇ ਕੇਸਾਂ ਦੀ ਸਵੱਛਤਾ ਲਈ ਕੰਘਾ ਕਮ ਅਜ਼ ਕਮ ਦੋ ਵਕਤ ਕਰਨਾ ਜ਼ਰੂਰੀ ਹੈ । ਸਿੰਘ ਜੀਵਨ ਤਿਆਰ ਬਰਤਿਆਰ ਜ਼ਿੰਦਗੀ ਦਾ ਨਾਮ ਹੈ । ਏਸ ਦੀ ਜੀਵਨ ਨਿਯਮਾਵਲੀ ਸਿਪਾਹੀ ਵਰਗੀ ਹੈ। ਇਸ ਵਿਚ ਢਿੱਲ ਦੀ ਕੋਈ ਗੁੰਜਾਇਸ਼ ਨਹੀਂ । ਢਿੱਲਾ, ਤਨਖਾਹੀਆ ਹੈ । ਇਸ ਲਈ ਦੋਵੇਂ ਵਕਤ ਕੰਘਾ ਕਰਨ ਵਿਚ ਗਫ਼ਲਤ ਨਹੀਂ ਵਰਤੀ ਜਾ ਸਕਦੀ ਤੇ ਕਰਮ ਯੋਗ ਕਰਦਿਆਂ ਹੋਇਆ ਪਤਾ ਨਹੀਂ ਕਿ ਮਨੁਖ ਨੂੰ ਸਵੇਰੇ ਸ਼ਾਮ ਦਾ ਵੇਲਾ ਕਿਥੇ ਆਵੇ । ਇਸੇ ਲਈ ਕੰਘਾ ਸਦਾ ਅੰਗ ਸੰਗ ਰਖਣਾ ਜ਼ਰੂਰੀ ਕਰਾਰ ਦਿਤਾ ਗਿਆ ਹੈ, ਤਾਕਿ ਸਿੰਘ ਨੂੰ ਕਦੀ ਇਸ ਬਹਾਨੇ ਵੀ ਕੇਸਾਂ ਦੀ ਸਫ਼ਾਈ ਤੋਂ ਗਾਫਲ ਰਹਿਣ ਦਾ ਸਮਾਂ ਨਾ ਮਿਲੇ ਕਿ ਉਸ ਦੇ ਕੋਲ ਕੰਘਾ ਨਹੀਂ ਸੀ।

## ਸਰੀਰ ਰਖ਼ਸਾ

ਜਿਹਾ ਕਿ ਪਿਛੇ ਵਿਚਾਰ ਆ ਚੁਕੀ ਹੈ । ਰਹਿਤਵਾਨ ਸਿੰਘ ਨੇ ਆਪਣੀ ਕਾਇਆਂ ਨੂੰ ਕਰਤਾ ਪੁਰਖ ਦੀ ਕੋਠੜੀ ਸੰਭਾਲ ਕੇ ਰਖਣਾ ਹੈ । ਇਹ ਸੰਭਾਲ ਸੰਜਮ ਨਾਲ ਹੀ ਹੋ ਸਕਦੀ ਹੈ । ਸੰਜਮਾਂ ਦਾ ਸਮੂੰਹ ਹੀ ਰਹਿਤ ਹੈ । ਸਰੀਰ ਦੀ ਅਰੋਗਤਾ ਲਈ ਸਭ ਤੋਂ ਪਹਿਲੇ ਅੰਮ੍ਰਿਤ ਵੇਲੇ ਦਾ ਜਾਗਣਾ ਜ਼ਰੂਰੀ ਕਰਾਰ ਦਿਤਾ ਗਿਆ ਹੈ । ਇਹ ਸਿਹਤ ਦੇ ਅਸੂਲ ਦਾ ਇਕ ਜਗਤ-ਪ੍ਰਸਿਧ ਕਾਇਦਾ ਹੈ । ਸਿੰਘ ਰਹਿਤ ਵਿਚ ਏਸ ਤੇ ਬਹੁਤ

---

1. ਸਿਖ ਕਲਫ਼ ਨਾ ਲਗਾਵੇ

*(ਰਹਿਤਨਾਮਾ ਭਾਈ ਚੋਪਾ ਸਿੰਘ ਜੀ)*

ਜ਼ੋਰ ਦਿਤਾ ਗਿਆ ਹੈ । ਸਿੰਘ ਨੂੰ ਤਾਰਿਆ ਦੀ ਛਾਵੇਂ ਉਠਣ[1] ਦੀ ਤਾਕੀਦ ਹੈ। ਇਹ ਵੇਲਾ ਅਜਬ ਸੁਹਾਵਣਾ ਹੁੰਦਾ ਹੈ । ਕੁਦਰਤ ਰਾਤ ਦੇ ਆਰਾਮ ਬਾਅਦ ਹਰ ਜੀਵ ਨੂੰ ਨਵੀਂ ਜਾਗਰਤ ਤੇ ਉਦਮ ਦਾ ਉਤਸ਼ਾਹ ਦੇ ਰਹੀ ਹੁੰਦੀ ਹੈ । ਏਸੇ ਵੇਲੇ ਹੀ ਅੰਬਰ ਤੋਂ ਦਾਤਾ ਤ੍ਰੇਲ ਦੇ ਮੋਤੀ ਲੁਟਾ ਰਹੇ ਹੁੰਦੇ ਹਨ, ਜਿਸ ਦੇ ਧਨ ਦੀਆਂ ਝੋਲੀਆਂ ਭਰ ਬਨਾਸਪਤੀ ਆਪ ਖਿਲਦੀ ਹੋਈ ਜਗਤ ਨੂੰ ਖੇੜੇ ਦੇਂਦੀ ਹੈ । ਏਸ ਸਮੇਂ ਬੰਦ ਕਲੀਆਂ ਆਪਣੀ ਛਾਤੀ ਪਾੜ ਫੁੱਲ ਬਣ, ਖੁਸਬੂ ਦਾ ਧਨ ਦੁਨੀਆਂ ਨੂੰ ਮੁਫਤ ਲੁਟਾਂਦੀਆਂ ਹਨ । ਗੱਲ ਕੀ, ਵਣ ਤ੍ਰਿਣ ਵਿਚ ਉਤਸ਼ਾਹ ਹੁੰਦਾ ਹੈ ਫਿਰ ਅਜਿਹੇ ਸਮੇਂ ਕੁਦਰਤ ਵਿਚ ਕਾਦਰ ਤਕਣ ਵਾਲਿਆਂ ਨੂੰ ਉਤਸ਼ਾਹ ਕਿਉਂ ਨਾ ਆਵੇਂ । ਉਹਨਾਂ ਨੂੰ ਚਾਓ[2] ਉਪਜਦਾ ਹੈ ਉਹ ਇਸ ਸਮੇਂ ਦੇ ਇਤਨੇ ਚਾਹਵਾਨ ਹੁੰਦੇ ਹਨ ਕਿ ਇਸ ਸਮੇਂ ਦੀ ਨੀਂਦ ਨੂੰ ਹਰਾਮ[3] ਸਮਝਦੇ ਹਨ । ਰਹਿਤਵਾਨ ਸਿੰਘ ਨੂੰ ਤਾਕੀਦ ਕੀਤੀ ਗਈ ਹੈ ਕਿ ਉਹ ਤੜਕੇ[4] ਉਠੇ । ਇਸ ਗੱਲ ਉਤੇ ਇਤਨਾ ਜ਼ੋਰ ਦਿਤਾ ਗਿਆ ਹੈ ਕਿ ਇਸ ਤੋਂ ਗਾਫਲ ਹੋਣਾ ਜੀਵਨ ਤੋਂ ਹੱਥ[5] ਧੋ ਬਹਿਣਾ ਹੈ । ਹੈ ਵੀ ਗੱਲ ਠੀਕ, ਸਵੇਰੇ ਉਠਣ ਤੋਂ ਬਗੈਰ ਆਦਮੀ ਦਾ ਸਰੀਰ ਪੂਰਨ ਆਰੰਭ ਨਹੀ ਹੋ ਸਕਦਾ ਤੇ ਰੋਗੀ ਤਨ ਦੀ ਜ਼ਿੰਦਗੀ ਮੌਤ ਤੋਂ ਵੀ ਬੁਰੀ ਹੈ । ਇਸ ਲਈ ਰਹਿਤਵਾਨ ਸਿੰਘ ਨੂੰ ਸਰੀਰ ਦੀ ਸੰਭਾਲ ਹਿੱਤ ਇਹ ਪਹਿਲਾ ਅਸੂਲ ਸਮਝਾਇਆ ਗਿਆ ਕਿ ਉਹ ਅੰਮ੍ਰਿਤ ਵੇਲੇ ਉੱਠੇ ।

---

1. ਭਿਨੀ ਰੈਨੜੀਐ ਚਮਕਨਿ ਤਾਰੇ ।
   ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ ।
2. ਚਉਥੈ ਪਹਰਿ ਸਬਾਹ ਕੈ ਸੁਰਤਿਆ ਉਪਜੈ ਚਾਉ ॥

(੧੪੬)

3. ਬੇਦਾਰੀ ਅਸਤ ਜ਼ਿੰਦਗੀਏ ਆਰਫ਼ਾਨੇ ਸ਼ੌਕ ।
   ਗੋਇਆ ਹਰਾਮ ਕਰਦਮ ਚਿ ਆਇੰਦੇ ਖਾਬੇ ਸੁਬਹੁ

*(ਭਾ: ਨੰਦ ਲਾਲ ਜੀ)*

4. ਗੁਰਸਿਖ ਰਹਿਤ ਸੁਨਹੁ ਰੇ ਮੀਤ ।
   ਪਰਭਾਤੇ ਉਠ ਕਰ ਹਿਤ ਚੀਤ ।
5. ਫਰੀਦਾ–ਪਿਛਲੇ ਰਾਤਿ ਨ ਜਾਗਿਓਹਿ ਜੀਵਦੜੋ ਮੋਇਓਹਿ ॥

## ਅਸ਼ਨਾਨ

ਸੁਬਹ ਉੱਠਣ ਦੇ ਬਾਅਦ ਅਸ਼ਨਾਨ ਸਿਹਤ ਲਈ ਜ਼ਰੂਰੀ ਚੀਜ਼ ਹੈ । ਸੋ ਰਹਿਤਵਾਨ ਸਿੰਘ ਨੂੰ ਇਸ ਦੀ ਵੀ ਤਾਕੀਦ ਕੀਤੀ ਗਈ ਹੈ । ਸਿਖਾਂ ਦੀ ਦਰਿਆਵਾਂ ਨਾਲ ਦੋਸਤੀ ਪ੍ਰਸਿਧ ਗੱਲ ਹੈ । ਜਿਤਨੇ ਵੀ ਪੁਰਾਤਨ ਗੁਰ–ਅਸਥਾਨ ਹਨ, ਉਹ ਸਾਰੇ ਹੀ ਯਾ ਤਾਂ [1] ਦਰਿਆਵਾਂ ਦੇ ਕੰਢਿਆਵਾਂ ਤੇ ਹਨ, ਨਹੀਂ ਤਾਂ ਉਹਨਾਂ ਤੇ ਭਾਰੇ ਭਾਰੇ ਤਲਾਬ ਤਿਆਰ ਕਰਵਾਏ ਗਏ ਹਨ । ਇਹ ਸਾਰਾ ਉੱਦਮ ਅਸ਼ਨਾਨ ਦਾ ਸੁਭਾਵ ਬਣਾਉਣਾ ਵੀ ਸਿਖ ਉਤੇ ਕੀਤੀ ਗਈ ਇਕ ਬਖਸ਼ਿਸ਼ ਮੰਨੀ ਗਈ ਹੈ । ਰਹਿਤਵਾਨ ਸਿੰਘ ਨੂੰ ਦ੍ਰਿੜ੍ਹ ਕਰਵਾਇਆ ਗਿਆ ਹੈ । ਕਿਉਂ ਕਿ ਸਿਖ ਜੀਵਨ ਅਨੁਸਾਰ [2] ਅਸ਼ਨਾਨ ਦਾ ਸੁਭਾਵ ਬਣਾਉਣਾ ਵੀ ਸਿਖ ਉਤੇ ਕੀਤੀ ਗਈ ਇਕ ਬਖਸ਼ਿਸ਼ ਮੰਨੀ ਗਈ ਹੈ । ਰਹਿਤਵਾਨ ਸਿੰਘ ਨੂੰ ਦ੍ਰਿੜ੍ਹ ਕਰਵਾਇਆ ਗਿਆ ਹੈ ਕਿ ਜਿਸ ਤਰ੍ਹਾਂ ਨਾਮ ਜਪਣਾ ਆਤਮਾ ਵਿਚ ਰੋਸ਼ਨੀ ਦੇਂਦਾ ਹੈ, ਦਾਨ ਦੇਣਾ ਮਨ ਨੂੰ ਉਚਿਆਂ ਕਰਦਾ ਹੈ , ਏਸੇ ਤਰ੍ਹਾਂ ਅਸ਼ਨਾਨ [3] ਤਨ ਨੂੰ ਅਰੋਗ ਕਰਦਾ ਹੈ । ਅਸ਼ਨਾਨ ਦੇ ਨਾਲ ਹੀ ਇਹ ਵੀ ਤਾਕੀਦ ਕਰ ਦਿਤੀ ਕਿ ਅਸ਼ਨਾਨ ਨਿਰਮਲ, ਸਵਛ ਤਾਜ਼ੇ ਪਾਣੀ ਨਾਲ ਕਰਨਾ ਚਾਹੀਦਾ ਹੈ । ਕਈ ਲੋਗ ਸੁਸਤੀ ਕਰ ਛਡਦੇ ਹਨ ਤੇ ਠੰਢੇ [4] ਪਾਣੀ ਨਾਲ ਨਹਾਉਣ ਤੋਂ ਘਬਰਾਉਂਦੇ ਹਨ । ਰਹਿਤਵਾਨ ਸਿੰਘ ਨੂੰ ਅਜਿਹੀ ਸੁਸਤੀ ਨੂੰ ਠਾਕਿਆ ਗਿਆ ਹੈ । ਅਸ਼ਨਾਨ ਕਰਨ ਦੇ ਨਾਲ ਦੋ [5] ਵਕਤ ਕੰਘਾ ਤੇ ਦਾਤਨ ਕਰਨ

SIKHBOOKCLUB.COM

---

1. ਤਿਨਾ ਦਰਿਆਵਾਂ ਸਿਉ ਦੋਸਤੀ ਮਨਿ, ਮੁਖਿ ਸਚਾ ਨਾਉ ।
2. ਨਿਰਮਲ ਹੋਏ ਕਰਿ ਇਸ਼ਨਾਨਾ, ਗਤਿ ਪੂਰੈ ਕੀਨੇ ਦਾਨਾ।
3. ਨੰਦ ਲਾਲ ਤੁਮ ਬਚਨ ਸੁਨਹੁ ਸਿਖ ਕਰਮ ਹੈ ਏਹ ।
   ਨਾਮ ਦਾਨ ਇਸ਼ਨਾਨ ਬਿਨ ਕਰੇ ਨ ਅਨ ਸਿਉ ਨੇਹ ।
4. ਠੰਡੇ ਪਾਣੀ ਜੋ ਨਹੀ ਨਹਾਵੇ । ਸੋ ਤਨਖਾਹੀਆ ਬਡੇ ਕਹਾਵੇ ।

   *(ਤਨਖਾਹ ਨਾਮਾ)*
5. ਕੰਘਾ ਦੋਨੋ ਵਕਤ ਕਰ ਪਗ ਚੁਨੇ ਕਰ ਬਾਧਹੀ ।
   ਦਾਤੁਨ ਨੀਤ ਕਰ ਨ ਦੁਖ ਪਾਵੈ ਨੰਦ ਲਾਲ ਜੀ ।

   *(ਤਨਖਾਹਨਾਮਾ ਭਾਈ ਨੰਦ ਲਾਲ ਜੀ)*

ਦੀ ਵੀ ਤਾਕੀਦ ਹੈ । ਕਪੜੇ ਸਾਫ਼ ਪਹਿਨਣ ਦੀ ਸਲਾਹ ਦਿਤੀ ਗਈ ਹੈ । ਇਹਨਾਂ ਛੋਟੀਆਂ ਛੋਟੀਆਂ ਗੱਲਾਂ ਵਲ ਇਸ਼ਾਰਾ ਕਰਨ ਦਾ ਮਤਲਬ ਇਹ ਹੈ ਕਿ ਰਹਿਤਵਾਨ ਸਿੰਘ ਆਪਣੇ ਸ਼ਰੀਰ ਦੀ ਸੰਭਾਲ ਰਖੇ । ਉਹ ਇਕ ਵਿਕਾਰੀ ਦੀ ਤਰ੍ਹਾਂ ਉਸ ਨੂੰ ਵਿਕਾਰ ਦੀ ਭੱਠੀ ਵਿਚ ਝੋਕਣ ਲਈ ਸ਼ਿੰਗਾਰ ਦੇ ਤੇਲ ਨਾਲ ਚੋਪੜੇ ਅਤੇ ਨਾਹੀ ਸੁਰਤ ਤੋਂ ਟੁਟੇ ਹੋਏ ਬੈਰਾਗੀ ਵਾਂਗ ਉਸ ਨੂੰ ਮਾਇਆ ਦਾ ਬੈਲਾ ਜਾਣ ਵਰਤਾਂ, ਤਪਾਂ ਤੇ ਮਲੀਣ ਕਿਰਿਆਵਾਂ ਨਾਲ ਨਸ਼ਟ ਕਰੇ । ਸਿੰਘ ਦਾ ਸਰੀਰ ਉਪਕਾਰ ਹਿਤ ਵਰਤਣ ਲਈ ਕਰਤਾ ਪੁਰਖ ਦੀ ਦਿਤੀ ਹੋਈ ਦਾਤ ਹੈ । ਉਸ ਨੂੰ ਸੰਭਾਲ ਕੇ ਰਖੇ ਤੇ ਸੰਜਮ ਨਾਲ ਵਰਤੇ । ਖਾਸ ਤੌਰ ਤੇ ਸੌਣ ਤੇ ਖਾਣ ਵਿਚ ਮੌਸਮ ਦਾ ਬੜਾ ਖਿਆਲ ਰਖੇ, ਕਿਉਂ ਜੁ ਲੋੜ ਤੋਂ ਵਧ ਰਸ[1] ਅਧੀਨ ਹੋ ਖਾਣਾ, ਸਰੀਰ ਨੂੰ ਰੋਗੀ ਤੇ ਲੋੜੋ ਵਧ ਸੌਣਾ ਮਨ ਨੂੰ ਦਰਿੱਦਰੀ ਬਣਾਉਣਾ ਹੈ । ਇਸ ਲਈ ਇਹਨਾਂ ਸੰਜ-ਮਹੀਨ ਕਿਰਿਆਵਾਂ ਵਲੋਂ ਬੜੇ ਸੁਚੇਤ ਰਹਿਣਾ ਪੈਂਦਾ ਹੈ ਅਤੇ ਸਰੀਰ ਨੂੰ[2] ਨਿਰੋਗ ਤੇ ਪੁਸ਼ਟ ਰਖਣ ਹਿਤ ਸੰਜਮ ਧਾਰਨ ਕਰਨੇ ਹਨ ਜਿਸ ਕਰ ਕੇ ਰਹਿਤਵਾਨ ਸਿੰਘ ਨੂੰ ਸਰੀਰ ਅਰੋਗਤਾ ਦੇ ਅਸੂਲਾਂ ਦੀ ਤਾਕੀਦ ਕਰਨਾ ਵੀ ਰਹਿਤ ਦਾ ਇਕ ਅੰਗ ਮੰਨਿਆ ਗਿਆ ਹੈ ।

## ਖਾਣਾ

ਸਰੀਰ ਦੀ ਸਾਧਾਰਨ ਰੋਜ਼ਾਨਾ ਕਿਰਿਆ ਦੇ ਬਾਅਦ ਮਨੁਖ ਜੀਵਨ

---

1. ਅਲਪ ਅਹਾਰ ਸੁਲਪਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤ ।
ਸੀਲ ਸੰਤੋਖ ਸਦਾ ਨਿਰਬਾ ਹੇਬੋ ਹੋਏ ਬੋ ਤ੍ਰੈਗੁਣ ਅਤੀਤ ।

*(ਦਸਮ ਗ੍ਰੰਥ)*

2. ਇਹਨਾਂ ਨਿਯਮਾਂ ਦੇ ਧਾਰਨ ਕਰਨ ਸਮੇਂ ਇਹ ਖਿਆਲ ਰਖਣਾ ਚਾਹੀਦਾ ਹੈ ਕਿ ਸਿੰਘ ਜੀਵਨ ਸੁਚੇਤ ਸੁਰਤ ਦਾ ਜੀਵਨ ਹੈ । ਅੰਧ ਵਿਸ਼ਵਾਸ਼ ਤੇ ਕਰਮ ਕਾਂਡ ਦਾ ਨਹੀਂ । ਇਸ ਕਰਕੇ ਉਪਰ ਦਿਤੀਆਂ ਕਿਰਿਆਵਾਂ ਵਿਚੋਂ ਜੋ ਆਮ ਤੌਰ ਤੇ ਸਿਹਤ ਦੇ ਅਸੂਲਾਂ ਦੇ ਅਨਕੂਲ ਹਨ, ਜੋ ਕੋਈ ਕਿਰਿਆ ਕਿਸੇ ਖਾਸ ਸਮੇਂ ਦੇਸ਼, ਯਾ ਸ਼ਰੀਰਕ ਅਵਸਥਾ ਦੇ ਅਨਕੂਲ ਨਾ ਬੈਠੇ ਤਾਂ ਮਨ-ਹਠ ਕਰਕੇ ਕਰੀ ਨਹੀਂ ਜਾਣੀ ਚਾਹੀਦੀ, ਕਿਉਂਕਿ ਇਸ ਤਮਾਮ ਧਾਰਨਾ ਦਾ ਮਤਲਬ ਤਾਂ ਦੇਹੀ ਨੂੰ ਪਾਲਣਾ ਹੀ ਹੈ ਤੇ ਜੇ ਕਿਸੇ ਕਾਰਨ ਕਰ ਕੇ ਦੇਹੀ ਰੋਗ ਗ੍ਰਹਿਸਤ ਹੁੰਦੀ ਹੋਵੇ ਤਾਂ ਓਸ ਨੂੰ ਲਭਣਾ ਹੀ ਯੋਗ ਹੈ ।

ਵਿਚ ਖਾਣਾ ਖਾਸ ਤਵੱਜੋ ਗੋਚਰਾ ਹੈ ਕਿਉਂਜੋ ਖਾਣੇ ਨਾਲ ਸਰੀਰਕ ਪੁਸ਼ਟੀ ਅਤੇ ਮਾਨਸਕ ਵਿਵਸਥਾ ਦਾ ਤੁਅੱਲਕ ਹੈ । ਇਸ ਵਿਚਾਰ ਦੇ ਅਧੀਨ ਹੀ ਮਤ ਮਤਾਂਤਰਾ ਵਿਚ ਕਈ ਕਾਇਦੇ ਬਣਾਏ ਗਏ । ਕਈ ਚੀਜ਼ਾਂ ਹਲਾਲ ਤੇ ਹਰਾਮ ਕਰਾਰ ਦਿਤੀਆਂ ਗਈਆਂ; ਪਰ ਗੁਰਮਤ ਵਿਚ ਇਕੋ ਹੀ ਅਸੂਲ ਕਾਇਮ ਕੀਤਾ ਗਿਆ ਕਿ ਕੇਵਲ ਓਹੀ [1] ਖਾਣਾ ਮਨ੍ਹਾ ਹੈ ਜਿਸ ਕਰਕੇ ਤਨ ਰੋਗੀ ਹੋ ਜਾਏ, ਜਾਂ ਮਨ ਵਿਚ ਵਿਕਾਰ ਪੈਦਾ ਹੋਵੇ । ਪਰ ਜਿਸ ਚੀਜ਼ ਦੇ ਖਾਣ ਵਿਚ ਏਨ੍ਹਾਂ ਦਹਾਂ ਬੁਰਾਈਆਂ ਦੀ ਸੰਭਾਵਨਾ ਹੋਵੇ ਉਹ ਖਾਣੀ ਪਵਿਤ੍ਰ ਹੈ । ਸਿੰਘ ਨੂੰ ਸਮਝਾਇਆ ਗਿਆ ਹੈ ਕਿ ਖਾਣ ਪੀਣ ਦੀ ਚੀਜ਼ਾਂ ਪ੍ਰਭੂਦਾਤ [2] ਹਨ , ਦਾਤਾ ਦਾ ਸ਼ੁਕ੍ਰੀਆ ਕਰ, ਨਿਰਸੰਸੇ ਹੋ ਖਾ ਲੈਣੀਆਂ ਚਾਹੀਦੀਆਂ ਹਨ। ਹਾਂ, ਜਿਨ੍ਹਾਂ ਦੇ ਖਾਣ ਪੀਣ ਕਰ ਕੇ ਸਰੀਰ ਰੋਗੀ ਹੁੰਦਾ ਹੋਵੇ ਉਹਨਾਂ ਦਾ ਗ੍ਰਹਿਣ ਨ ਕਰੋ। ਖਾਣ ਵਾਲੀਆਂ ਚੀਜ਼ਾਂ ਵਿਚ ਸਰੀਰ ਰੋਗੀ ਕਰਨ ਵਾਲੀ ਚੀਜ਼ ਬਿਲਾ ਜ਼ਰੂਰਤ, ਲੋੜੋਂ ਵੱਧ ਖਾਣਾ ਹੀ ਹੈ। ਇਸ ਕਰ ਕੇ ਅਲਪ ਅਹਾਰ ਦੀ ਤਾਕੀਦ ਕੀਤੀ ਗਈ ਹੈ । ਪੀਣ ਵਾਲੀਆਂ ਚੀਜ਼ਾਂ ਵਿਚ ਨਸ਼ੇ, ਵਿਕਾਰ ਪੈਦਾ ਕਰਨ ਵਾਲੀਆਂ ਚੀਜ਼ਾਂ ਹਨ । ਏਸ ਨਾਲ ਤਨ ਵੀ ਰੋਗੀ ਹੁੰਦਾ ਹੈ ਤੇ ਮਨ ਵਿਚ ਵੀ ਵਿਕਾਰ ਪੈਦਾ ਹੁੰਦੇ ਹਨ ਰਹਿਤਵਾਨ ਸਿਖ ਨੂੰ ਸਖਤ ਤਾਕੀਦ ਕੀਤੀ ਗਈ ਹੈ ਕਿ ਉਹ ਨਸ਼ਿਆਂ ਤੋਂ ਪ੍ਰਹੇਜ ਕਰੇ । ਨਸ਼ਿਆਂ ਦੀ ਹਰ ਇਕ ਕਿਸਮ ਦੀਆਂ ਚੀਜ਼ਾਂ ਤੋਂ ਵਰਜਿਆ ਗਿਆ ਹੈ । ਟੋਪੀ ਵਿਚ ਪਾ ਕੇ ਅੱਗ ਲਗਾ, ਧੂਆਂ ਪੀਣ ਵਾਲੀਆਂ ਚੀਜ਼ਾਂ ਦੇ ਮੁਤਅੱਲਕ ਲਿਖਿਆ ਗਿਆ ਹੈ ਕਿ ਰਹਿਤਵਾਨ ਸਿਖ

---

1. ਬਾਬਾ ਹੋਰੁ ਖਾਣਾ ਖੁਸੀ ਖੁਆਰ ।
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ।
2. ਖਾਣਾ ਪੀਣਾ ਪਵਿਤ੍ਰ ਹੈ ਦਿਤੋਨੁ ਰਿਜ਼ਕ ਸੰਬਾਹੇ ।

*(ਆਸਾ ਦੀ ਵਾਰ)*

ਤਥਾ– ਖਾਣਾ ਪੀਣਾ ਸਭ ਪਵਿਤ੍ਰ ਕਿਸੇ ਵਾਸਤੇ ਜੋ ਰਿਜ਼ਕ ਧੁਰੋਂ ਕਾ ਮਿਲਿਆ । ਜਹਾਂ ਜਹਾਂ ਇਸ ਦਾ ਰਿਜ਼ਕ ਰਲਿਆ ਹੈ ਤਹਾਂ ਤਹਾਂ ਤੇ ਬਿਨ ਉਪਾਏ ਆਏ ਮੂੰਹ ਪਾਉਂਦਾ ਹੈ ਤਿਸਤੇ ਇਸ ਕੋ ਕਿਹਾ ਹੈ । ਜੋ ਖਾਏ ਪਹੁੰਚੇ ਸੋ ਪਵਿਤ੍ਰ ਕਰ ਖਾਏ ।

ਹੁੱਕਾ, ਚਰਸ [1] ਤਮਾਕੂ ਗਾਂਜਾ ਆਦਿ ਨਸ਼ਿਆਂ ਵਲ ਤੱਕੇ ਵੀ ਨਾ । ਏਸੇ ਤਰ੍ਹਾਂ ਹੀ [2] ਸ਼ਰਾਬ, ਭੰਗ ਤੇ ਅਫ਼ੀਮ ਆਦਿ ਨਸ਼ੇ, ਤੇ ਉਨ੍ਹਾਂ ਦਾ ਅਕਸ [3] ਮਦਰਾ ਪੀਣਾ ਵੀ ਸਖਤ ਮਨ੍ਹਾਂ ਕੀਤਾ ਗਿਆ ਹੈ । ਸਾਰਿਆਂ ਨਸ਼ਿਆਂ ਦੀ ਆਮ ਮਨਾਹੀ ਕਰਦਿਆਂ ਹੋਇਆਂ ਤਮਾਕੂ ਪੀਣ ਦੇ ਬਰਖਿਲਾਫ ਸਖਤ ਤਾਕੀਦ ਕੀਤੀ ਗਈ ਹੈ, ਅਤੇ ਦਸਿਆ ਗਿਆ ਕਿ ਜੋ ਰਹਿਤਵਾਨ ਸਿੰਘ[4] ਤਮਾਕੂ ਦੀ ਵਰਤੋਂ ਕਰੇਗਾ, ਉਹ ਪਤਤ ਹੋ ਪੰਥ ਵਿਚੋਂ ਖ਼ਾਰਜ ਹੋ ਜਾਵੇਗਾ। ਰਹਿਤਵਾਨ ਸਿੰਘ ਨੂੰ ਸਭ ਕਿਸਮ ਦੇ ਨਸ਼ਿਆਂ ਤੋਂ ਮਨ੍ਹਾਂ ਕਰਦਿਆਂ

---

1. ਕੁਠਾ, ਹੁੱਕਾ, ਚਰਸ ਤਮਾਕੂ । ਗਾਂਜਾ, ਟੋਪੀ, ਦਾੜ੍ਹੀ ਖਾਕੂ ।
ਇਨ ਕੀ ਓਰ ਨ ਕਬਹੁ ਦੇਖੇ । ਰਹਿਤਵਤ ਜੋ ਸਿੰਘ ਭਸੇਖੇ ।
*(ਰਹਿਤਨਾਮਾ ਭਾਈ ਦੇਸਾ ਸਿੰਘ)*

2. ਗੁਰੂ ਕਾ ਸਿਖ ਸ਼ਰਾਬ ਕਦੀ ਨਾ ਪੀਵੇ ।
*(ਰਹਿਤਨਾਮਾ ਭਾ: ਚੌਪਾ ਸਿੰਘ)*

3. ਸ਼ਰਾਬ ਵਿਚ ਭੰਗ ਤੇ ਅਫ਼ੀਮ ਮਿਲਾ ਕੇ ਘੋਗ ਅਮਲ ਤਿਆਰ ਕਰਦੇ ਹਨ । ਇਸ ਦਾ ਰੋਕਣਾ ਸਾਰੇ ਅਮਲਾਂ ਦੀ ਰੋਕ ਹੈ । ਰਹਿਤਵਾਨ ਸਿੰਘ ਨੂੰ ਦ੍ਰਿੜ ਕਰਾਇਆ ਗਿਆ ਹੈ:–
ਪਰ ਨਾਰੀ, ਜੂਆ, ਅਸਤ, ਚੋਰੀ, ਮਧਰਾ ਜਾਨ ।
ਪਾਚੋ ਐਬ ਯੇਹ ਜਗਤ ਮਹਿ ਤਜੇ ਸੋ ਸਿੰਘ ਸੁਜਾਨ ।

SIKHBOOKCLUB.COM

4. ਸਿੰਘ ਰਹਿਤ ਵਿਚ ਇਸ ਗਲ ਦਾ ਖਾਸ ਖਿਆਲ ਰਖਿਆ ਹੈ ਕਿ ਜੋ ਬੁਰਾਈਆਂ ਆਮ ਫੈਲ ਚੁਕੀਆਂ ਹੋਣ ਤੇ ਜਿਨ੍ਹਾਂ ਤੋਂ ਜਗਤ ਭਲਾਈ ਨੂੰ ਵਧੇਰੇ ਨੁਕਸਾਨ ਪੁਜ ਰਿਹਾ ਹੋਵੇ ਉਨ੍ਹਾਂ ਦਾ ਤਿਆਗ ਕਤਈ ਤੇ ਜ਼ਰੂਰੀ ਕਰਾਰ ਦਿਤਾ ਜਾਵੇ । ਚੁਨਾਂਚਿ ਨਸ਼ਿਆਂ ਵਿਚੋਂ ਤਮਾਕੂ ਦੀ ਵਰਤੋਂ ਦੀ ਭੈੜੀ ਵਾਦੀ ਜਗਤ ਪ੍ਰਸਿਧ ਹੋ ਗਈ ਸੀ । ਏਥੋਂ ਤਕ ਕਿ ਆਮ ਲੋਕੀ ਇਸਨੂੰ ਨਸ਼ਾ ਹੀ ਨਹੀਂ ਸਮਝਦੇ, ਜਿਸ ਕਰਕੇ ਇਹ ਜਗਤ ਵਿਚ ਇਕ ਭਾਰਾ ਰੋਗ ਰੂਪ ਹੋ ਰਹੀ ਸੀ । ਗ਼ਰੀਬਾਂ ਦਾ ਬੇਅੰਤ ਧਨ, ਕੀਮਤੀ ਸਮਾਂ ਤੇ ਸਰੀਰਕ ਸਿਹਤ ਇਸ ਦੀ ਭੇਟ ਹੋ ਰਹੀ ਸੀ । ਨਾਲੇ ਇਹ ਇਕ ਦੂਜੇ ਦੀ ਨੜੀ ਪੀਣ ਕਰਕੇ ਛੂਤ ਦੀਆਂ ਬੀਮਾਰੀਆਂ ਫੈਲਾਣ ਦਾ ਵੀ ਇਕ ਵੱਡਾ ਕਾਰਨ ਸੀ । ਤੀਸਰੀ ਗੱਲ ਏਸ ਦੇ ਮੁਤਅੱਲਕ ਇਹ ਵੀ ਹੈ ਕਿ ਇਹ ਨਸ਼ਾ ਮੁਗ਼ਲਾਂ ਦੇ ਸਮੇਂ ਹੀ ਹਿੰਦੁਸਤਾਨ ਵਿਚ ਆਇਆ ਸੀ, ਜਿਸ ਨੂੰ ਕਤਈ ਰੋਕ ਦੇਣਾ ਬੁਰਾਈ ਨੂੰ ਅਰੰਭ ਵਿਚ ਸਟ ਮਾਰਨਾ ਸੀ, ਚੁਨਾਂਚਿ ਅਜ ਸਿੰਘ ਚਲਨ ਜੋ ਜਗਤ ਵਿਚ ਤਿਆਰ–ਬਰ–ਤਿਆਰ ਆਪਣੇ ਫਰਜ਼ ਤੇ ਤਤਪਰ ਤੇ ਸੁਚੇਤ ਦਿਸ ਆਉਂਦਾ ਹੈ ਇਸ ਦਾ ਇਕ ਵਡਾ ਕਾਰਨ ਇਹ ਵੀ ਹੈਕਿ ਸਿੰਘ ਇਸ ਜਗਤ–ਜੂਠ ਨਸ਼ੇ ਤੋਂ ਬਚੇ ਹੋਏ ਹਨ । ਭਾਵੇਂ ਮੁਗ਼ਲਾਂ ਨੇ ਵੀ ਆਮ ਤੌਰ ਤੇ, ਜਹਾਂਗੀਰ ਨੇ ਖ਼ਾਸ ਤੌਰ ਤੇ, ਆਪਣੀ ਰਿਆਇਆ ਨੂੰ ਇਸ ਤੋਂ ਰੋਕਣ ਦੀ ਕੋਸ਼ਸ਼ ਕੀਤੀ ਤੇ ਬ੍ਰਾਹਮਣਾਂ ਨੇ ਵੀ ਇਸ ਨੂੰ ਨਰਕ ਦਾਤੀ ਉਪਾਧੀ ਦਸਿਆ, ਪਰ ਇਸ ਬਿਮਾਰੀ ਤੋਂ ਬਚਣ ਦਾ ਸੁਭਾਗ ਪੂਰੇ ਤੌਰ ਤੇ ਖ਼ਾਲਸਾ ਪੰਥ ਨੂੰ ਹੀ ਪ੍ਰਾਪਤ ਹੋ ਸਕਿਆ ।

ਹੋਇਆਂ ਤਾਕੀਦ ਕੀਤੀ ਗਈ ਹੈ ਕਿ ਕੇਵਲ ਇਕ [1] ਪ੍ਰਸ਼ਾਦੇ ਦਾ ਹੀ ਅਮਲ ਰਖਣਾ ਹੈ । ਇਹ ਸਰੀਰ ਲਈ ਲੋੜਵੰਦਾ ਹੈ । ਬਾਕੀ ਅਮਲ ਸਭ ਵਿਵਰਜਤ ਹਨ ।

## ਸੁਚ ਸੋਧ

ਖਾਣ ਵਾਲੀਆਂ ਚੀਜ਼ਾਂ ਦੇ ਸੰਬੰਧ ਵਿਚ ਸਰੀਰਕ ਸਿਹਤ ਦੇ ਖਿਆਲ ਤੋਂ ਪ੍ਰਸ਼ਾਦਾ ਤਿਆਰ ਕਰਨ ਸਮੇਂ ਸੁਚ ਸੋਧ ਦਾ ਖ਼ਿਆਲ ਰਖਣਾ ਵੀ ਜ਼ਰੂਰੀ ਹੈ । ਭਾਵੇਂ ਕਈ ਪੁਰਾਤਨਤਾ ਦੇ ਅੰਧੇਰੇ ਵਿਚ ਭੁਲੇ ਭਟਕੇ ਲੋਕ ਇਸ ਸਾਧਾਰਨ ਕਿਰਿਆ ਨੂੰ ਛੂਤ ਛਾਤ ਤੇ ਚੌਕੇ ਭਾਂਡੇ ਦੇ ਭਰਮਾਂ ਵਿਚ ਬਦਲ ਲੈਂਦੇ ਹਨ, ਜੋ ਗੁਰਮਤ ਵਿਚ [2] ਕੂੜਿਆਰਾਂ ਦਾ ਤਾਰੀਕਾ ਕਿਹਾ ਗਿਆ ਹੈ; ਪਰ ਇਸ ਤੋਂ ਅਸਲ ਮੁਰਾਦ ਹੈ ਸਿਹਤ ਦੇ ਅਸੂਲਾਂ ਦੇ ਲਿਹਾਜ਼ ਨਾਲ ਪ੍ਰਸਾਦ ਤਿਆਰ ਕਰਨ ਦੇ ਅਸਥਾਨ ਅਤੇ ਵਸਤੂਆਂ ਨੂੰ ਸੋਧ ਕੇ ਵਰਤਿਆ ਜਾਣਾ, ਉਹ ਸੁਚੀਆਂ ਹੋਣ, ਕਚੀਲ ਨ ਹੋਣ। ਸਿੰਘ ਰਹਿਤ ਵਿਚ ਇਨ੍ਹਾਂ ਤੇ ਵੀ ਵਿਚਾਰ ਕੀਤੀ ਗਈ ਹੈ । ਕੁਝ ਮਸ਼ਵਰੇ ਵੀ ਦਿਤੇ ਗਏ ਹਨ, ਜਿਹਾ ਕਿ ਲੰਗਰ ਵਿਚ ਚਉਕਾ[3] ਮਿਟੀ ਦਾ ਦੇਣਾ ਅਤੇ ਸਵੱਛ ਜਲ ਵਰਤਣਾ, ਜਿਸ ਨਾਲ ਜਲ ਵਿਚ [4] ਹਥ ਵਗੈਰਾ ਪਾਏ ਗਏ ਹੋਣ ਉਸ ਨੂੰ ਨ ਪੀਣਾ । ਇਸੇ ਤਰ੍ਹਾਂ ਖਾਣ ਵਾਲੀਆਂ ਵਸਤਾਂ ਦੇ ਮੁਤਅਲਕ ਵੀ ਖਿਆਲ ਦਿਤਾ ਗਿਆ ਹੈ ਕਿ ਉਹ ਸਵੱਛ ਹੋਣ, ਜਿਹਾ ਕਿ ਸਿੰਘਾਂ ਦੀਆਂ ਦੋ ਮੁਖ ਗਜ਼ਾਵਾਂ ਦੇ ਬਾਰੇ ਮਸ਼ਵਰਾ ਦਿਤਾ ਗਿਆ ਹੈ । ਪਹਿਲੀ ਕੜਾਹ

---

1. ਅਮਲ ਪ੍ਰਸ਼ਾਦੇ ਦਾ ਹੀ ਰਖਣਾ ।

*(ਰਹਿਤਨਾਮਾ ਭਾਈ ਚੌਪਾ ਸਿੰਘ)*

2. ਦੇਕੈ ਚਉਕਾ ਕਢੀ ਕਾਰ। ਉਪਰਿ ਆਇ ਬੈਠੇ ਕੂੜਿਆਰ ।
ਮਤੁ ਭਿਟੈ ਵੇ ਮਤਿ ਭਿਟ । ਇਹੁ ਅੰਨ ਅਸਾਡਾ ਫਿਟੈ ।
ਤਨਿ ਫਿਟੈ ਫੇੜ ਕਰੇਨਿ । ਮਨਿ ਜੂਠੈ ਚੁਲੀ ਭਰੇਨਿ ।

*(ਆਸਾ ਦੀ ਵਾਰ)*

3. ਲੰਗਰ ਮਹਿ ਚੌਕਾ ਮਿਟੀ ਕਾ ਦਵੇ ।
4. ਜਿਸ ਜਲ ਮਹਿ ਹਥ ਪਵੇ ਸੋ ਨ ਪੀਵੇ ।

*(ਰਹਿਤਨਾਮਾ ਭਾਈ ਦਯਾ ਸਿੰਘ)*

ਪ੍ਰਸ਼ਾਦ, ਤੇ ਦੂਜੀ ਮਹਾਂ ਪ੍ਰਸ਼ਾਦ (ਮਾਸ) ਕੜਾਹ ਪ੍ਰਸ਼ਾਦ[1] ਤਿਆਰ ਕਰਨ ਸਮੇਂ ਰਵਾ, ਘਿਓ, ਤੇ ਮਿਠਾ ਇਕੋ ਜਿਹਾ ਪਾਇਆ ਜਾਵੇ । ਜਗ੍ਹਾ ਸਾਫ ਸੁਥਰੀ ਤੇ ਬਰਤਨ ਮਾਂਜ ਧੋ ਕੇ ਸਾਫ ਕੀਤੇ ਹੋਏ ਹੋਣ। ਰਸੋਈਆ ਵੀ ਅਸ਼ਨਾਨ ਕਰਕੇ ਪਵਿਤ੍ਰ ਹੋਵੇ । ਇਸੇ ਤਰ੍ਹਾਂ ਹੀ ਮਹਾਂ ਪ੍ਰਸ਼ਾਦ[2] ਦੇ ਮੁਤਅੱਲਕ ਵੀ ਮਸ਼ਵਰਾ ਦਿੱਤਾ ਗਿਆ ਹੈ ਕਿ ਹੋ ਸਕੇ ਤਾਂ ਸ਼ਿਕਾਰ ਕੀਤਾ ਮਾਸ ਖਾਏ ਪਰ ਜੇ ਚਾਰੇ ਬੰਨੇ ਸ਼ਿਕਾਰ ਨ ਮਿਲ ਸਕੇ ਤਾਂ ਝਟਕਾ ਕੇ ਖਾਏ ।

## ਲਿਬਾਸ

ਸਧਾਰਨ ਕਿਰਿਆ ਤੇ ਖਾਣੇ ਦੇ ਬਾਅਦ ਸਰੀਰ ਰਖਸ਼ਾ ਹਿਤ ਲਿਬਾਸ ਦੀ ਲੋੜ ਹੈ । ਲਿਬਾਸ ਦੇ ਮੁਤਅੱਲਕ ਭੀ ਪੁਰਾਣੇ ਮਨੌਤਾਂ ਤੇ ਕਾਇਮ ਕੀਤੇ ਹੋਏ ਕਰਮ ਕਾਂਡ ਨੂੰ ਲਾਂਭੇ ਰਖ ਉਹੋ ਹੀ ਅਸੂਲ ਕਾਇਮ ਕੀਤਾ ਗਿਆ, ਜੋ ਖਾਣੇ ਮੁਤਅੱਲਕ ਹੈ । ਭਾਵ ਸਿਖ ਹਰ ਇਕ ਲਿਬਾਸ ਪਹਿਨ ਲਵੇ ਪਰ ਉਹ ਨਾ ਪਹਿਨੇ ਜਿਸ ਕਰਕੇ ਸਰੀਰ ਰੋਗੀ ਹੋ ਜਾਵੇ, ਯਾ ਮਨ ਵਿਚ ਵਿਕਾਰ ਪੈਦਾ ਹੋਵੇ । ਸਰੀਰ ਦੇ ਬੀਮਾਰ ਹੋਣ ਦਾ ਕਾਰਨ ਲਿਬਾਸ ਦਾ ਜ਼ਰੂਰਤ ਤੋਂ ਵਧੇਰੇ ਯਾਂ ਘਟ ਪਹਿਨਣਾ ਹੀ ਕਾਰਨ ਹੋ ਸਕਦਾ ਹੈ, ਇਸ ਲਈ ਸਿਖ ਨੂੰ ਲੋੜ ਅਨੁਸਾਰ ਹੀ ਗਰਮੀ ਸਰਦੀ ਪਰਖ, ਲਿਬਾਸ ਪਹਿਨਣਾ ਚਾਹੀਦਾ ਹੈ । ਪਰ ਲਿਬਾਸ ਤੋਂ ਮਨ ਵਿਚ ਵਿਕਾਰ ਪੈਦਾ ਹੋਣ ਦਾ ਖਿਆਲ ਖਾਸ ਤੌਰ ਪਰ ਰਖਣਾ ਜ਼ਰੂਰੀ ਹੈ, ਕਿਉਂ ਜੁ ਲਿਬਾਸ ਬਹੁਤ ਵਾਰੀ ਸ਼ੰਗਾਰ ਦਾ ਅੰਗ ਬਣ ਵਿਕਾਰ ਦਾ ਸਹਾਈ ਹੋ ਜਾਂਦਾ ਹੈ । ਇਸ ਲਈ ਇਸ ਗੱਲ ਦੇ ਮੁਤਅੱਲਕ ਵੀ

---

1. ਕੜਾਹ ਪ੍ਰਸਾਦ ਕੀ ਬਿਧ ਸੁਣ ਲੀਜੇ । ਤੀਨ ਭਾਂਤਾ ਕੋ ਸਮਸਰ ਕੀਜੇ ।
ਲੇਪਨ ਆਗੇ ਬਹੁਕਰ ਦੀਜੇ । ਮਾਂਜਨ ਕਰ ਭਾਂਜਨ ਧੋਵੀਜੇ ।
ਕਰ ਅਸ਼ਨਾਨ ਪਵਿਤ੍ਰ ਹੋਏ ਬਹੇ । ਵਾਹਿਗੁਰੂ ਬਿਨ ਅਵਰ ਨ ਕਹੇ ।
*(ਤਨਖਾਹਨਾਮਾ ਭਾਈ ਨੰਦ ਲਾਲ ਜੀ)*

2. ਮਾਸ ਮਛੀ ਖਾਨੇ ਮਹਿ ਭੀ ਬੀਚਾਰ ਹੈ ਕਿ ਅਖੇੜ ਬ੍ਰਿਤ(ਸ਼ਿਕਾਰ) ਕਰ ਖਾਏ । ਜਿਸ ਨੂੰ ਹਥਿਆਰ ਨਾਲ ਮਾਰੇ ਉਸੇ ਨੂੰ ਪਵਿਤ੍ਰ ਕਰ ਜਾਨੇ ਔਰ ਜੋ ਸ਼ਿਕਾਰ ਨ ਕਰ ਸਕੇ ਤਾਂ ਝਟਕੇ ਕਾ ਖਾਏ । *(ਪ੍ਰੇਮ ਮਾਰਗ)*

ਰਹਿਤਵਾਨ ਸਿੰਘ ਨੂੰ ਮਸ਼ਵਰੇ ਦਿੱਤੇ ਗਏ ਹਨ । ਜੇਹਾ ਕਿ ਸਿੰਘ ਸੁਰ-ਮਈ, ਸੁਫੈਦ, ਪੀਲੇ, ਹਰੇ, ਹਰ ਰੰਗ ਦੇ ਕਪੜੇ ਬੇਸ਼ਕ ਪਹਿਨ ਲਵੇ, ਪਰ ਸੂਹਾ ਗੇਰਵਾ [1]ਨਾ । ਪਹਿਨੇ ਲਿਬਾਸ ਵਿਚ ਕੋਈ ਖਾਸ ਭੇਦ ਨਹੀਂ ਪਾਇਆ ਗਿਆ । ਜਿਹੋ ਜਿਹਾ ਦੇਸ ਹੋਵੇ ਓਹੋ ਜਿਹਾ ਵੇਸ ਕਰ ਲੈਣ ਦੀ ਆਗਿਆ ਦਿਤੀ ਗਈ ਹੈ । ਪਰ ਮਾਨਸਿਕ ਕਮਜ਼ੋਰੀ ਤੋਂ ਖ਼ਬਰਦਾਰ ਰਹਿਣ ਲਈ ਸਿੰਘ ਨੂੰ ਕਿਹਾ ਗਿਆ ਹੈ ਕਿ ਉਹ ਟੋਪੀ[2] ਨਾ ਪਹਿਨੇ ।

---

1. ਪੰਜਾਬ ਦੇਸ ਵਿਚ ਸੂਹਾ ਗੇਰਵਾ ਲਿਬਾਸ ਆਮ ਤੌਰ ਤੇ ਸਨਿਆਸੀ ਭਿਖਸ਼ੂ ਪਾਉਂਦੇ ਹਨ । ਚੁਨਾਂਚਿ ਲੋਕ ਦੂਰੋਂ ਹੀ ਭਗਵੇਂ ਕਪੜਿਆਂ ਵਾਲੇ ਨੂੰ ਵੇਖ ਉਨ੍ਹਾਂ ਨੂੰ ਭਿਖਾਰੀ ਸਮਝ, ਉਨ੍ਹਾਂ ਨਾਲ ਭਿਖਸ਼ੂਆਂ ਵਾਲਾ ਸਲੂਕ ਕਰਨ ਤੇ ਤਿਆਰ ਹੋ ਜਾਂਦੇ ਸਨ, ਜਿਸ ਕਰਕੇ ਸਿੰਘ ਨੂੰ ਮਸ਼ਵਰਾ ਦਿਤਾ ਗਿਆ ਕਿ ਉਹ ਇਸ ਰੰਗ.ਦੇ ਕਪੜੇ ਨ ਪਾਵੇ ਤਾਕਿ ਕਿਸੇ ਨੂੰ ਟਪਲਾ ਨ ਲਗੇ । ਪਰ ਇਸ ਦੇ ਇਹ ਅਰਥ ਨਹੀਂ ਕਿ ਜੇ ਸਿੰਘ ਕਿਸੇ ਭਲੇ ਕਰਮ ਕਰਨ ਹਿਤ ਭਗਵਾਂ ਲਿਬਾਸ ਪਾਉਣ ਦੀ ਲੋੜ ਪਵੇ ਤਾਂ ਉਹ ਇਸ ਮਰਯਾਦਾ ਨੂੰ ਕਰਮ ਕਾਂਡੀਆਂ ਵਾਂਗ ਸਾਹਮਣੇ ਰਖਦਾ ਹੋਇਆ ਉਹ ਸੁਕ੍ਰਿਤ ਤੋਂ ਰੁਕ ਜਾਵੇ । ਖ਼ਾਲਸੇ ਨੂੰ ਨੇਕੀ ਕਰਨ ਹਿਤ ਹਰ ਕਿਸਮ ਦਾ ਲਿਬਾਸ ਪਹਿਨ ਲੈਣ ਦੀ ਆਗਿਆ ਹੈ । ਇਸ ਦਾ ਸਬੂਤ ਇਤਿਹਾਸ ਵਿਚ ਸਤਿਗੁਰਾਂ ਦੇ ਆਪਣੇ ਵਿਦਿਆਰਥੀ ਸਿਖਾਂ ਨੂੰ ਕਾਂਸ਼ੀ ਜਾ, ਸੰਸਕ੍ਰਿਤ ਪੜ੍ਹਨ ਹਿਤ ਭਗਵੇਂ ਕਪੜੇ ਪਹਿਨਣ ਦੀ ਆਗਿਆ ਤੋਂ ਮਿਲਦਾ ਹੈ ।
2. ਟੋਪੀ ਦੇ ਮੁਤਅੱਲਕ ਭਾਈ ਪ੍ਰਲਾਦ ਸਿੰਘ ਜੀ ਦੇ ਰਹਿਤਨਾਮੇ ਵਿਚ ਦੋ ਬਚਨ ਆਏ ਹਨ । ਇਕ ਵਿਚ ਟੋਪੀ ਨਾ ਪਹਿਣਨ ਦਾ ਸਿੰਘ ਨੂੰ ਮਸ਼ਵਰਾ ਦਿਤਾ ਗਿਆ ਹੈ ਅਤੇ ਦੂਸਰੇ ਬਚਨ ਵਿਚ ਟੋਪੀ ਵੇਖ ਕੇ ਸੀਸ ਨਿਵਾਣ ਦੇ ਖਿਲਾਫ ਤਾੜਨਾ ਕੀਤੀ ਗਈ ਹੈ । ਇਸ ਦਾ ਕਾਰਨ ਇਹ ਪ੍ਰਤੀਤ ਹੁੰਦਾ ਹੈ ਕਿ ਮਸੰਦ (ਜਿਨ੍ਹਾਂ ਦਾ ਵਿਸਥਾਰ ਨਾਲ ਜ਼ਿਕਰ ਅਗੇ ਆਵੇਗਾ) ਜੋ ਧਰਮ ਪ੍ਰਚਾਰ ਦੇ ਨਾਮ ਤੇ ਠੱਗੀ ਤੇ ਅਤਿਆਚਾਰ ਕਰ ਰਹੇ ਸਨ, ਆਪਣੇ ਪ੍ਰਗਟ ਨਿਸ਼ਾਨ ਦੇ ਤੌਰ ਤੇ ਗਲ ਸੇਹਲੀ ਤੇ ਸਿਰ ਟੋਪੀ ਰਖਦੇ ਸਨ (ਜਿਹਾ ਕਿ ਅਜ ਤਕ ਗੁਰੂ ਹਰ ਸਹਾਇ ਵਿਚ ਪ੍ਰਿਥੀ ਚੰਦੀਆਂ ਦੀ ਸੇਹਲੀ ਟੋਪੀ, ਮਹੰਤ ਖਾਸ ਦਿਨ ਤੇ ਕਾਰ ਸੇਵਾ ਲੈਣ ਸਮੇਂ ਪਹਿਨਦਾ ਹੈ) ਚੂੰਕਿ ਖਾਲਸੇ ਨੂੰ ਮਸੰਦਾਂ ਨਾਲ ਕਤਈ ਨ-ਮਿਲ ਵਰਤਨ ਦਾ ਹੁਕਮ ਦਿਤਾ ਗਿਆ, ਇਸ ਲਈ ਉਨ੍ਹਾਂ ਦਾ ਪ੍ਰਗਟ ਨਿਸ਼ਾਨ ਵੀ ਤਿਆਗਣ ਯੋਗ ਹੀ ਸਮਝਿਆ ਗਿਆ, ਪਰ ਇਸ ਦਾ ਇਹ ਮਤਲਬ ਨਹੀਂ ਕਿ ਯੁਧ ਸਮੇਂ ਯਾ ਹੋਰ ਕਿਸੇ ਪ੍ਰਾਨ-ਰਖਸ਼ਾ ਹਿਤ ਸਿਰ ਤੇ ਖੋਦ ਪਹਿਨਣਾ ਵੀ ਮਨ੍ਹਾਂ ਹੈ । ਇਤਿਹਾਸ ਵਿਚ ਬਾਬਾ ਦੀਪ ਸਿੰਘ ਤੇ ਹੋਰ ਅਨੇਕ ਯੋਧਿਆਂ ਦਾ ਯੁਧ ਸਮੇਂ ਸਿਰ ਤੇ ਲੋਹੇ ਦਾ ਟੋਪ ਪਾਉਣ ਦਾ ਜ਼ਿਕਰ ਆਉਂਦਾ ਹੈ । ਚੁਨਾਂਚਿ ਗੁਰਬਾਣੀ ਵਿਚ ਵੀ ਇਸ ਕਿਸਮ ਦੀ ਮਜ਼ਹਬੀ ਦੁਕਾਨਦਾਰਾਂ ਦੀ ਪ੍ਰੋਹਿਤ ਜਮਾਤ ਵਲੋਂ ਗੁਰੂ ਦੀ ਚੇਲੇ ਨੂੰ ਟੋਪੀ ਦੇਣ ਦਾ ਜ਼ਿਕਰ ਇਉਂ ਕੀਤਾ ਗਿਆ ਹੈ:-
ਕੁਲਹਾ ਦੇਂਦੇ ਬਾਵਰੇ ਲੈਂਦੇ ਬਾਹਤ ਨਿਲੱਜ ।
ਚੂਹਾ ਖੇਡ ਨਾ ਮਾਵਈ ਤਿਕਲ ਬਨੇ ਛਜੁ ।

ਇਸ ਤਰ੍ਹਾਂ ਦੀਆਂ ਖ਼ਾਸ ਖ਼ਾਸ ਇਹਤਿਆਤਾਂ, ਜਿਨ੍ਹਾਂ ਤੋਂ ਬਿਨਾਂ ਸਿਖ ਦੇ ਮਨ ਵਿਚ ਕਮਜ਼ੋਰੀ ਆ ਜਾਣ ਦੀ ਸੰਭਾਵਨਾ ਹੋਵੇ, ਵਰਤਣ ਦੀ ਆਗਿਆ ਕੀਤੀ ਗਈ ਹੈ, ਪਰ ਆਮ ਤੌਰ ਤੇ ਹਰ ਇਕ ਕਿਸਮ ਦਾ ਲਿਬਾਸ ਜੋ[1] ਸਮੇਂ ਤੇ ਅਸਥਾਨ ਅਨਕੂਲ ਹੋਵੇ, ਪਹਿਨਣ ਦੀ ਆਗਿਆ ਹੈ ।

## ਪੰਥਕ ਰਹਿਤ

ਰਹਿਤਵਾਨ ਸਿੰਘ ਦਾ ਜੀਵਨ ਸ਼ੁਰੂ ਹੀ ਇਸ ਪ੍ਰਪੱਕ ਨਿਸਚੇ ਤੋਂ ਹੁੰਦਾ ਹੈ ਕਿ ਉਹ ਜਗਤ-ਜੀਵਨ ਪ੍ਰਭੂ ਦੇ ਅੰਸ਼ ਹੋਣ ਕਰਕੇ ਓਸਦੇ ਸਵ-ਰੂਪ ਵਿਸ਼ਵ ਦਾ ਇਕ ਅੰਕ ਹੈ, ਜਿਸ ਕਰਕੇ ਉਸਦੇ ਮੁਕੰਮਲ ਤੇ ਨਰੋਏ ਹੋਣ ਨਾਲ ਜਗਤ ਦੇ ਪਵਿਤ੍ਰ ਤੇ ਅਰੋਗ ਹੋਣ ਨਾਲ ਹੀ ਉਹ ਸ਼ਾਂਤ-ਚਿਤ ਰਹਿ ਸਕਦਾ ਹੈ । ਇਸ ਲਈ ਸਿੰਘ ਕੇਵਲ ਸ਼ਖਸ਼ੀ ਜੀਵਨ ਨਹੀਂ ਜੀ ਸਕਦਾ । ਓਸ ਨੇ ਜਗਤ-ਜੀਵਨ ਜੀਣਾ ਹੈ । ਇਸ ਜਗਤ ਨੂੰ ਪਾਪਾਂ ਤੋਂ ਬਰੀ ਕਰ ਤੇ ਜਰਵਾਣਿਆਂ ਨੂੰ ਦਮਨ ਕਰ ਪੁੰਨ ਦਾ ਅਸਥਾਨ ਬਣਾਉਣ ਹਿਤ ਪੰਥ ਸਾਜਿਆ ਗਿਆ ਹੈ। ਅੰਮ੍ਰਿਤਧਾਰੀ ਸਿੰਘ ਖ਼ਾਲਸਾ ਪੰਥ ਦਾ ਇਕ ਜੁਜ਼ ਹੈ । ਉਹ ਸ਼ਖਸ਼ੀ ਤੌਰ ਤੇ ਰਹਿਤਵਾਨ ਹੈ । ਜੀਵਨ ਨੂੰ ਉਜਲਾ ਇਸ ਵਾਸਤੇ ਹੀ ਬਣਾਉਂਦਾ ਹੈ ਕਿ ਪੰਥਕ ਮਾਲਾ ਵਿਚ ਇਕ ਮਣਕੇ ਵਾਂਗ ਸ਼ੋਭ ਸਕੇ । ਉਹਦਾ ਕੁਰਹਿਤਾਂ ਕੋਲੋਂ ਬਚਣ ਦਾ ਇਹੀ ਮਤਲਬ ਹੈ ਕਿ ਕਿਧਰੇ ਉਸਦਾ ਕੁਰਹਿਤੀਆਂ ਜੀਵਨ ਪੰਥਕ ਹਾਰ ਨੂੰ, ਜਿਸ ਦਾ ਉਹ ਇਕ ਮੋਤੀ ਹੈ, ਕੋਝਾ ਨਾ ਬਣਾ ਦੇਵੇ । ਰਹਿਤਵਾਨ ਸਿੰਘ ਪੰਥ ਦਾ ਇਕ ਸਿਪਾਹੀ ਹੈ, ਜਿਸ ਨੇ ਬਿਲਾ ਉਜ਼ਰ ਲੋੜ ਪੈਣ ਤੇ ਭੇਂਟ ਕਰਨ ਲਈ ਆਪਣਾ ਸੀਸ ਪੰਥ ਦੇ ਸਪੁਰਦ ਕੀਤਾ ਹੋਇਆ ਹੈ । ਹੁਣ ਉਸਦਾ ਸਿਰ ਉਸਦੇ ਮੋਢਿਆ ਤੇ ਪੰਥ ਦੀ ਇਕ ਅਮਾਨਤ ਹੈ। ਜਿਸ ਤਰ੍ਹਾਂ ਪ੍ਰਾਣ ਪੰਥ

---

1. ਸ੍ਰੀ ਦਸਮ ਪਾਦਸ਼ਾਹ ਜੀ ਨੇ ਖ਼ੁਦ ਖ਼ਾਲਸਾ ਪ੍ਰਗਟ ਕਰਨ ਦੇ ਬਾਅਦ ਮਾਲਵੇ ਵਿਚ ਇਕ ਸਿਖ ਦੇ ਲੁੰਗੀ ਤੇ ਖੇਸ ਭੇਟਾ ਕਰਨ ਤੇ, ਲੁੰਗੀ ਤੇੜ ਬੰਨ੍ਹ ਤੇ ਖੇਸ ਮੋਢੇ ਤੇ ਸੁੱਟ, ਫੁਰਮਾਇਆ ਸੀ:- ਤੇੜ ਲੁੰਗੀ ਤੇ ਮੋਢੇ ਖੇਸ । ਜੇਹਾ ਦੇਸ ਤੇਹਾ ਵੇਸ ।
*(ਪੰਥ ਪ੍ਰਕਾਸ਼)*

ਦੀ ਅਮਾਨਤ ਸਿਖ ਲਈ ਫਿਰਦਾ ਹੈ, ਉਸੇ ਤਰ੍ਹਾਂ ਹੀ ਉਹਨਾਂ ਪ੍ਰਾਣ ਤੋਂ ਕਮਾਇਆ ਹੋਇਆ ਧਨ ਭੀ ਪੰਥ ਦਾ ਹੀ ਹੈ । ਗੱਲ ਕੀ[1] ਤਨ, ਮਨ, ਧਨ, ਗੁਰੂ ਦੇ ਸਪੁਰਦ ਕਰ[2] ਬਿਲਾ-ਉਜਰ ਸੇਵਾ ਕਰਨੀ ਹੀ ਜੀਵਨ ਦਾ ਮਨੋ-ਰਥ ਹੈ । ਗੁਰੂ ਖਾਲਸਾ ਰੂਪ ਹੈ ਜਿਸ ਕਰਕੇ[3] ਰਹਿਤਵਾਨ ਸਿੰਘ ਦਾ ਤਨ, ਮਨ, ਧਨ, ਪੰਥ ਦੀ ਮਲਕੀਅਤ ਹੈ । ਇਸ ਭਾਰੀ ਪ੍ਰਤਗਿਆ ਨੂੰ ਨਿਬਾਹਣ ਹਿਤ ਹੀ ਰਹਿਤਵਾਨ ਸਿੰਘ ਨੂੰ ਸ਼ਖਸ਼ੀ ਰਹਿਤ ਦੇ ਬਾਅਦ ਪੰਥਕ ਰਹਿਤ ਸਮਝਾਈ ਗਈ ਹੈ । ਜਿਸ ਤਰ੍ਹਾਂ ਸ਼ਖਸ਼ੀ ਰਹਿਤ ਵਿਚ ਰਹਿ ਕੇ ਉਸਨੇ ਆਪਣੀ ਸ਼ਖਸੀਅਤ ਨੂੰ ਮੁਕੰਮਲ ਕਰਨਾ ਹੈ, ਓਦਾਂ ਹੀ ਪੰਥਕ ਰਹਿਤ ਵਿਚ ਰਹਿ ਕੇ ਉਸ ਨੇ ਆਪਣੇ ਆਪ ਨੂੰ ਪੰਥ ਵਿਚ ਇੱਕ-ਮਿਕ ਕਰਨਾ ਹੈ। ਇਸ ਰਹਿਤ ਦੇ ਸ਼ਖਸੀ ਰਹਿਤ ਵਾਂਗਰ ਹੀ ਕਈ ਹਿੱਸੇ ਹਨ :-

## ਆਗਿਆ ਪਾਲਨ

ਰਹਿਤਵਾਨ ਸਿੰਘ ਨੂੰ ਪੰਥਕ ਆਗਿਆ ਦਾ ਪਾਲਨ ਕਰਨ ਸਮੇਂ ਇਹ ਨਿਸਚਾ ਹੋਣਾ ਚਾਹੀਦਾ ਹੈ ਕਿ ਉਹ ਜਿਸ ਪੰਥ ਦੀ ਆਗਿਆ ਪਾਲ ਰਿਹਾ ਹੈ, ਉਹ ਗੁਰੂ ਰੂਪ ਹੈ । ਗੁਰਮਤ ਜੀਵਨ ਦੇ ਆਰੰਭ ਵਿਚ ਹੀ ਆਦਿ ਗੁਰੂ ਜੀ ਨੇ ਦੋ ਚੀਜ਼ਾਂ ਦੇ ਆਸਰੇ ਇਹ ਜੀਵਨ ਕਾਇਮ ਕੀਤਾ ਹੈ।[4] ਗੁਰਬਾਣੀ ਅਤੇ ਸੰਗਤ ਇਸ ਗੁਰਬਾਣ ਅਤੇ ਸੰਗਤ ਨੂੰ ਹੀ ਜੋਤ ਅਤੇ ਜੁਗਤ ਦਾ ਨਾਮ ਭੀ ਦਿਤਾ ਗਿਆ ਹੈ ।[5] ਜੋਤ ਸਰੂਪ ਸ਼ਬਦ ਹੈ ਅਤੇ ਜੁਗਤੀ ਸ਼ਬਦ ਦਾ ਵਰਤਾਰਾ ਵਰਤਾ, ਜੀਵਨ ਨੂੰ ਸਫਲਤਾ ਤਕ ਪੁਚਾਉਣ ਦੀ ਮਰਯਾਦਾ ਦਾ ਨਾਮ ਹੈ । ਇਸ ਮਰਯਾਦਾ ਨੂੰ ਪੂਰਣ ਪ੍ਰਚਲਤ ਕਰਨ

---

1. ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ ।
2. ਮੁਰਦਾ ਹੋਏ ਮੁਰੀਦ ਨਾ ਗਲੀ ਹੋਵਣਾ ।
   ਸਬਰ, ਸਿਦਕ, ਸ਼ਹੀਦ, ਭਰਮ ਭਉ ਖੋਵਣਾ ।
3. ਖਾਲਸਾ ਮੇਰੋ ਰੂਪ ਹੈ ਖਾਸ । ਖਾਲਸੇ ਮਾਹਿ ਹਉ ਕਰਉ ਨਿਵਾਸ ।
   *(ਸਰਬਲੋਹ ਪ੍ਰਕਾਸ਼)*
4. ਗੁਰਬਾਣੀ ਸੰਗਤ ਬਿਨਾ ਦੂਜੀ ਓਟ ਨਹੀਂ ਹੈ ਰਾਈ ।
5. ਬਲਿਆ ਗੁਰ ਗਿਆਨੁ ਅੰਧੇਰਾ ਬਿਨਸਿਆ ਹਰਿ ਰਤਨ ਪਦਾਰਥ ਲਾਧਾ ।
   ਹਉਮੈ ਰੋਗੁ ਗਇਆ ਦੁਖੁ ਲਾਥਾ ਆਪੁ ਆਪੈ ਗੁਰਮਤਿ ਖਾਧਾ ।

ਹਿਤ ਹੀ ਸਤਿਗੁਰਾਂ ਨੇ ਦਸ ਜਾਮੇ ਧਾਰਨ ਕੀਤੇ ਹਨ । ਜਦ ਮਨੁਖ ਵਿਚ ਜੋਤ[1] ਜਗ ਪਈ ਤੇ ਮਰਯਾਦਾ ਨਾਲ ਮਨ, ਮੰਨ ਗਿਆ, ਤਾਂ ਸਤਿਗੁਰਾਂ ਨੇ ਵਧੇਰੇ ਕਾਇਆਂ ਪਲਟਨ ਦੀ ਲੋੜ ਨ ਸਮਝੀ । ਜਾਮੇ ਦਸੇ ਹੀ ਰਹੇ, ਤੇ ਜੋਤ[2] ਗੁਰੂ ਗ੍ਰੰਥ ਅਤੇ ਜੁਗਤ[3] ਗੁਰੂ ਪੰਥ ਰੂਪ ਵਿਚ ਧਰੀ । ਰਹਿਤਵਾਨ ਸਿੰਘ ਨੇ ਪੰਥ ਖਾਲਸਾ ਨੂੰ ਗੁਰੂ ਰੂਪ ਕਰ ਮੰਨਣਾ ਹੈ । ਖਾਲਸੇ ਦੀ ਆਗਿਆ, ਗੁਰੂ ਆਗਿਆ ਹੈ । ਖਾਲਸਾ ਹੀ ਇਸ ਜਗਤ ਵਿਚ ਸਿੰਘ ਦਾ ਇਸ਼ਟ ਹੈ ਖਾਲਸਾ ਹੀ ਪੂਰਾ ਸਤਿਗੁਰੂ ਹੈ । ਇਸ ਗਲ ਤੇ ਸਤਿਗੁਰਾਂ ਇਤਨਾ ਜੋਰ ਦਿਤਾ, ਫੁਰਮਾਇਆ, ਕਿ ਮੈਂ ਖਾਲਸੇ ਦੀ ਗੁਰਿਆਈ ਦੀ ਗਵਾਹੀ ਪਾਰਬ੍ਰਹਮ ਤੋਂ[4] ਗੁਰੂ ਨਾਨਕ ਨੂੰ ਸਾਖੀ ਰਖ ਕੇ ਦੇਂਦਾ ਹਾਂ । ਸਤਿ–

---

1. ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰ ਪਲਟੀਐ ॥
2. ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤ ਸਾਰੇ ।
   ਗੁਰਬਾਣੀ ਕਹੈ ਸੇਵਕ ਜਨ ਮਾਨੈ ਪ੍ਰਤਖਿ ਗੁਰੂ ਨਿਸਤਾਰੇ ॥
   ਤਥਾ:– ਅਕਾਲ ਪੁਰਖ ਕੇ ਬਚਨ ਸਿਓ ਪ੍ਰਗਟ ਚਲਾਇਓ ਪੰਥ
   ਸਭ ਸਿਖਨ ਕੋ ਬਚਨ ਹੈ ਗੁਰੂ ਮਾਨਿਓ ਗ੍ਰੰਥ ।
   *(ਰਹਿਤਨਾਮਾ ਭਾ:ਪ੍ਰਲਾਦ ਸਿੰਘ)*

SIKHBOOKCLUB.COM

3. ਦਯਾ ਸਿੰਘ ਔਰ ਧਰਮ ਸਿੰਘ ਜੀ, ਮਾਨ ਸਿੰਘ ਤੀਜੋ ਬਰਬੀਰ ।
   ਸੰਗਤ ਸਿੰਘ, ਸੰਤ ਸਿੰਘ ਪੰਚਮ, ਤਿੰਨ੍ਹੇ ਬਨਾਇਓ ਕੇਕਰ ਧੀਰ ।
   ਗੁਰਤਾ ਅਰਪਨ ਲਗੇ ਖਾਲਸੇ ਪੰਚ ਸਿੰਘ ਤਹਿ ਮੋਹੇ ਸਰੀਰ ।
   ਪੰਚੋ ਮਹਿ ਨਿਤ ਵਰਤਨ ਮੈਂ ਹਓ ਪੰਚ ਮਿਲਹਿ ਸੋ ਪੀਰਨ ਪੀਰ ।
   ਗੁਰ ਘਰ ਕੀ ਮਰਯਾਦਾ ਪੰਚੋਂ ਪੰਚੋਂ ਪਾਹੁਲ ਪੂਰਬ ਪੀਨ ।
   ਲਖੋ ਪੰਚ ਕੀ ਬਡ ਬਡਿਆਈ ਪੰਚ ਕਰਹਿ ਸੋ ਨਿਫਲ ਨ ਚੀਨ ।
   ਭੋਜਨ ਫਾਦਕ ਪੰਚਨ ਅਰਪਹਿ ਅਰਜ ਕਰਹਿ ਤਿਨ ਵਾਂਛਤ ਲੀਨ ।
   ਇਸ ਪਾਂਚਨ ਕੀ ਮਹਮਾਂ ਕਰਕੇ ਤੀਨ ਪ੍ਰਕਰਮਾਂ ਫਿਰ ਕਰਬੀਨ ।
   ਅਰਪੇ ਸ਼ਸਤਰ ਜਿਗ੍ਹਾ ਔਰ ਕਲਗੀ, ਨਿਜਕਰ ਤੇ ਸਿਰ ਬੰਧਨ ਕੀਨ ।
   ਸ਼ਸਤਰ ਗਾਤਰੇ ਤਬ ਪਹਰਾਏ ਕਰ ਕਸਾਏ ਕਰ ਬਿਲਮ ਬਹੀਨ ।
   ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਫਤਹ ਵਾਹਿਗੁਰੂ ਜੀ ਕੀ ਚੀਨ ।
   *(ਗੁਰਪ੍ਰਤਾਪ ਸੂਰਜ ਰੁਤ ਛੇਵੀਂ ਅਧਿਆਇ ੪੧)*
   ਤਥਾ:– ਪੰਥ ਨੂੰ ਗੁਰ–ਗੱਦੀ ਚਮਕੌਰ ਤੋਂ ਵਿਦਾ ਹੋਣ ਲਗੇ ਦੇ ਆਏ ਸਨ ।
   *(ਭਾ: ਵੀਰ ਸਿੰਘ)*
4. ਖਾਲਸਾ ਮੇਰੋ ਇਸ਼ਟ ਸੁਹਿਰਦ ਖਾਲਸਾ ਮੇਰੋ ਕਹੀਅਤ ਬਿਰਧ ।
   ਖਾਲਸਾ ਮੇਰੋ ਪਛ ਅਰ ਪਾਤੀ ਖਾਲਸਾ ਮੇਰੋ ਸੁਖ ਅਹਲਾਦਾ ।
   *(ਬਾਕੀ ਦਾ ਫੁਟਨੋਟ ਅਗਲੇ ਸਫੇ ਤੇ)*

ਗੁਰਾਂ ਦੀ ਇਸ ਆਗਿਆ ਅਨੁਸਾਰ ਰਹਿਤਵਾਨ ਸਿੰਘ ਨੇ ਜੋਤ ਸਰੂਪ ਗੁਰਸ਼ਬਦ, ਤੋਂ ਆਤਮ ਚਾਨਣ ਲੈਣਾ ਹੈ ਤੇ ਜੀਵਨ ਮਰਯਾਦਾ ਗੁਰੂ ਖਾਲਸੇ ਦੀ ਆਗਿਆ ਵਿਚ ਨਿਬਾਹਨੀ ਹੈ। ਇਸ ਕਰਕੇ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ਼ਬਦ ਨੂੰ ਇਸ਼ਟ ਮੰਨ ਸੀਸ ਝੁਕਾਨਾ ਹੈ, ਉਥੇ ਹੀ ਗੁਰੂ ਖਾਲਸਾ ਦੀ ਆਗਿਆ ਨੂੰ ਵੀ ਸਦਾ ਸਿਰ ਤੇ ਰਖਨਾ ਹੈ ਕਿਉਂ ਕਿ ਖਾਲਸਾ, ਗੁਰੂ ਰੂਪ ਹੈ ਤੇ ਗੁਰੂ ਅਕਾਲ ਰੂਪ । ਇਉਂ ਸਮਝੋ ਕਿ ਸਿੰਘ ਪੰਥ ਵਿਚ, ਪੰਥ ਗੁਰੂ ਵਿਚ ਤੇ ਗੁਰੂ ਸ੍ਰੀ ਅਕਾਲ ਪੁਰਖ ਵਿਚ ਇੱਕ ਮਿੱਕ ਹੋ ਰਿਹਾ। ਜੋਤੀ ਜੋਤ ਰਲਨ ਕਰਕੇ ਸਿੰਘ ਦੇ ਆਲੇ ਦੁਆਲੇ ਅਕਾਲ ਪੁਰਖ ਦਾ ਪ੍ਰਕਾਸ਼, ਗੁਰੂ ਖਾਲਸੇ ਵਿਚੋਂ ਹੀ ਦਿੱਸ ਆਉਂਦਾ ਹੈ । ਇਸੇ ਹੀ ਨਿਸਚੇ ਨੂੰ ਸਿੰਘ ਰੋਜ਼ ਅਰਦਾਸੇ ਵਿਚ ਦੁਹਰਾਉਂਦਾ ਹੈ । ਅਰਦਾਸ ਕਰਨ ਸਮੇਂ ਸਿੰਘ ਨੂੰ ਅਰੂਪ ਅਕਾਲ ਪੁਰਖ ਸਤਗੁਰਾਂ ਦੀ ਰਾਹੀਂ ਗੁਰੂ ਖਾਲਸੇ ਵਿਚ, ਰੂਪਵਾਨ ਹੋਇਆ ਦਿਸ ਆਉਂਦਾ ਹੈ । ਉਹ ਆਪਣੇ ਕਾਰਜ ਵਿਚ ਫ਼ਤਿਹ ਅਕਾਲ ਪੁਰਖ ਪਾਸੋਂ ਮੰਗਦਾ ਹੈ । ਉਸ ਨੂੰ ਨਿਸਚਾ ਹੈ ਕਿ ਸਰਬ ਸ਼ਕਤੀ

SIKHBOOKCLUB.COM

---

(ਪਿਛਲੇ ਸਫ਼ੇ ਦਾ ਬਾਕੀ ਫ਼ੁਟਨੋਟ)
ਖਾਲਸਾ ਮੇਰੋ ਮਿਤ੍ਰ ਸਖਾਈ ਖਾਲਸਾ, ਮਿਤ੍ਰ ਪਿਤਾ ਸੁਖਦਾਈ ।
ਖਾਲਸਾ ਮੇਰੀ ਸੋਭਾ ਸੀਲਾ ਖਾਲਸਾ ਬੰਧ ਸਖ ਸਦ ਡੀਲਾ ।
ਖਾਲਸਾ ਮੇਰੀ ਜ਼ਾਤ ਅਰ ਪਤ ਖਾਲਸਾ ਸੋ ਮੋਕਓ ਉਤਪਤ ।
ਖਾਲਸਾ ਮੇਰੋ ਭਵਨ ਭੰਡਾਰਾ ਖਾਲਸੇ ਕਰ ਮੇਰੋ ਸਤਕਾਰਾ ।
ਖਾਲਸਾ ਮੇਰੋ ਸੁਜਨ ਪ੍ਰਵਾਰਾ ਖਾਲਸਾ ਮੇਰੋ ਕਰਤ ਉਦਾਰਾ ।
ਖਾਲਸਾ ਮੇਰੋ ਪਿੰਡ ਪ੍ਰਾਨ ਖਾਲਸਾ ਮੇਰੀ ਜਾਨ ਕੀ ਜਾਨ ।
ਮਾਨ ਮਹਿਤ ਮੇਰੀ ਖਾਲਸਾ ਸਹੀ ਖਾਲਸਾ ਮੇਰੋ ਸੁਆਰਥ ਸਹੀ ।
ਖਾਲਸਾ ਮੇਰੋ ਕਹੇ ਨਿਰਬਾਹ ਖਾਲਸਾ ਮੇਰੋ ਦੇਹ ਅਰ ਸਾਹ ।
ਖਾਲਸਾ ਮੇਰੋ ਧਰਮ ਅਰ ਕਰਮ ਖਾਲਸਾ ਮੇਰੋ ਭੇਦ ਨਿਜ ਪਰਮ ।
ਖਾਲਸਾ ਮੇਰੋ ਸਤਿਗੁਰ ਪੂਰਾ, ਖਾਲਸਾ ਮੇਰੋ ਸਜਨ ਸੂਰਾ ।
ਉਪਮਾ ਖਾਲਸੇ ਜਾਤ ਨ ਕਹੀ ਜੇਹਵਾ ਟੇਕ ਪਾਰ ਨਹਿ ਲਹੀ ।
ਸੇਸ ਰਸਨ ਸਾਹਿਦ ਸੀ ਬੁਧਾ ਤਾਦਿਪ ਨ ਉਪਮਾ ਪਰਨਤ ਸੁਧਾ ।
ਜਾ ਮਹਿ ਰੰਚ ਨ ਮਿਥਿਆ ਭਾਖੀ ਪਾਰਬ੍ਰਹਮ ਗੁਰੂ ਨਾਨਕ ਸਾਖੀ ।
ਰੋਮ ਰੋਮ ਜੇ ਰਸਨਾ ਪਾਓ ਤਦਿਪ ਖਾਲਸੇ ਜਸ ਤਹਿ ਗਾਊ ।
ਹਓ ਖਾਲਸੇ ਕਾ ਖਾਲਸਾ ਮੇਰੋ । ਓਤ ਪੋਤ ਸਾਗਰ ਬੰਦਰੋ ।

*(ਸਰਬਲੋਹ)*

ਮਾਨ ਅਕਾਲ ਪੁਰਖ ਆਪਣੀ ਸੱਤਾ ਦੀ ਸਹਾਇਤਾ ਨਾਲ ਮੇਰੇ ਕਾਰਜ ਵਿਚ ਫ਼ਤਿਹ ਬਖਸ਼ਨਗੇ । ਪਰ ਪੁਰਾਤਨ ਵਾਂਗ ਉਸ ਦਾ ਅਕਾਲ ਪੁਰਖ ਕਿਤੇ ਪਰੇ ਨਹੀਂ ਰਹਿੰਦਾ ਉਹ ਸਰਬ ਵਿਆਪੀ ਹੈ ਤੇ ਉਸ ਦੀ ਪੂਰਨ ਸਤਾ ਦਸਾਂ ਗੁਰਾਂ ਵਿਚ ਪ੍ਰਕਾਸ਼ਦੀ ਹੋਈ ਪੰਥ ਵਿਚ ਪ੍ਰਗਟ ਦਿਸ ਆਉਂਦੀ ਹੈ । ਇਸੇ ਕਰਕੇ ਹੀ ਉਹ ਅਰਦਾਸ ਕਰਨ ਤੋਂ ਪਹਿਲਾਂ, ਪੰਜ [1] ਪਿਆਰਿਆਂ, ਸ਼ਹੀਦਾਂ, ਸਿਦਕਵਾਨਾਂ ਤੇ ਨਾਮਧਾਰੀਆਂ ਦਾ ਧਿਆਨ ਧਰਦਾ ਹੈ । ਇਹ ਅਰਦਾਸ ਦੀ ਮਰਯਾਦਾ ਸਿੰਘ ਨੂੰ ਰੋਜ਼ ਦ੍ਰਿੜ ਕਾਰਉਂਦੀ ਹੈ ਕਿ ਅਕਾਲ ਪੁਰਖ ਗੁਰੂ ਖਾਲਸ[2] ਬਾਨੀ ਪ੍ਰਗਟ ਹੈ । ਉਹ ਇਸ ਈਮਾਨ ਨੂੰ ਰੋਜ਼ ਦੋਹ-ਰਾਂਦੀ ਹੈ । ਗੁਰੂ ਖਾਲਸਾ ਦੀ ਆਗਿਆ ਵਿਚ ਚਲਨਾ ਸਿੰਘ ਦੀ ਮੁਖ ਪੰਥਕ ਰਹਿਤ ਹੈ ।

## ਭੁਲ ਬਖਸ਼ਾਨੀ

ਸਿੰਘ ਨੇ ਇਕ ਖਾਸ ਕਿਸਮ ਦਾ ਉਚੇਚਾ ਜੀਵਨ ਨਸ਼ਰ ਕਰਨਾ ਹੈ, ਜਿਸ ਲਈ ਉਸ ਨੂੰ ਕਦਮ ਕਦਮ ਤੇ ਰੁਕਾਵਟਾਂ ਨਾਲ ਮੁਕਾਬਲਾ ਕਰਨਾ ਪੈਂਦਾ ਹੈ ਉਸ ਦਾ ਸ਼ਾਹ ਸਵਾਰਾਂ ਵਾਲਾ ਜੀਵਨ ਹੈ ਜਿਸ ਵਿਚ ਠੋਕਰਾਂ ਲਗ ਜਾਣੀਆਂ ਕੋਈ ਬੜੀ ਗਲ ਨਹੀਂ । ਘੋਲ ਵਿਚ ਤਕੜੇ ਤੋਂ ਤਕੜੇ ਪਹਿਲ-ਵਾਨ ਨੂੰ ਵੀ ਮੁਕਾਬਲੇ ਦਾ ਜੁਆਨ ਕਦੀ ਨ ਕਦੀ ਪਿਛਾਂ ਧਕ ਹੀ ਲੈ ਜਾਂਦਾ ਹੈ। ਜੀਵਨ ਵੀ ਇਕ ਛਿੰਜ ਹੈ ਜਿਸ ਵਿਚ ਰਹਿਤਵਾਨ ਸਿੰਘ ਨੇ ਕੁਸ਼ਤੀ ਲੜਨੀ ਹੈ । ਇਸ ਘੋਲ ਵਿਚ ਕਦੇ ਕਦੇ ਡਿਗ ਪੈਣਾ ਕੋਈ ਵਡੀ ਗਲ ਨਹੀਂ । ਇਸ ਕਰਕੇ ਰਹਿਤਵਾਨ ਸਿੰਘ ਨੂੰ ਸਮਝਾਇਆ ਗਿਆ ਹੈ ਕਿ ਉਹ ਇਹੋ ਜਿਹੇ ਸਮੇਂ ਘਬਰਾ ਕੇ ਸ਼ਿਕਸਤ ਨ ਖਾ ਜਾਏ ਸਗੋਂ ਆਪਣੀਆਂ ਭੁਲਾਂ ਦਾ ਗੁਰੂ ਖਾਲਸੇ ਦੇ ਸਾਹਮਣੇ ਸੰਗਤ ਵਿਚ ਖੜਾ ਹੋ ਕੇ ਇਕਰਾਰ

---

1. ਵਾਤ ਵਜੰਨਿਟੰਮੁਕ ਭੇਰੀਆ, ਮਲ ਲਥੇ ਲੈਂਦੇ ਫੇਰੀਆ ।
ਨਿਹੱਤੇ ਪੰਜਿ ਜੁਆਨ, ਮੈ ਗੁਰਬਾਪੀ ਦਿਤੀ ਕੰਦਿ ਜੀਉ ।
2. ਜਹਾਂ ਜਹਾਂ ਗੁਰੂ ਖਾਲਸਾ, ਤਹਾਂ ਤਹਾਂ ਰਛਯਾ ਰਿਐਤ ।
ਪੰਥ ਕੀ ਜੀਤ ਸ੍ਰੀ ਸਾਹਿਬ ਜੀ ਸਹਾਇ ।

*(ਅਰਦਾਸ)*

ਕਰੇ, ਤਨਖਾਹ ਲਗਵਾਵੇ, ਤੇ ਪੂਰੀ ਕਰ ਖਾਲਸੇ ਕੋਲੋਂ ਕਮਜ਼ੋਰੀਆਂ[1] ਬਖਸ਼ਵਾ ਲਵੇ । ਅਜੇਹਾ ਕਰਨ ਨਾਲ ਆਈ ਹੋਈ ਕਮਜ਼ੋਰੀ ਦੂਰ ਹੋਵੇਗੀ, ਕਿਉਂ ਜੋ ਕਮਜ਼ੋਰੀ ਚੋਰ ਹੈ । ਚੋਰ ਅੰਧੇਰੇ ਵਿਚ ਹੀ ਲਗ ਸਕਦਾ ਹੈ । ਅੰਧੇਰਾ ਈਮਾਨ ਦੀ ਕਮੀ ਤੋਂ ਪੈਦਾ ਹੁੰਦਾ ਹੈ । ਜਦ ਰਹਿਤਵਾਨ ਸਿੰਘ ਦੇ ਅੰਤਰ ਆਤਮੇ ਗੁਰੂ ਪੰਥ ਉਤੇ ਰਖੇ ਹੋਏ ਈਮਾਨ ਦਾ ਦੀਪਕ ਜੋ ਨਿਮਾ ਹੋ ਗਿਆ ਸੀ, ਫਿਰ ਜਗ ਉਠੇਗਾ ਤਾਂ ਕਮਜ਼ੋਰੀਆਂ ਆਪਣੇ ਆਪ ਹੀ ਦੂਰ ਹੋ ਜਾਣਗੀਆਂ ਜੇ ਰਹਿਤਵਾਨ ਸਿੰਘ ਦੀ ਇਸ ਵਰਤੋਂ ਦੇ ਮੁਤਅੱਲਕ ਪੰਥ ਨੂੰ ਵੀ ਸਫਾਰਸ਼ ਕੀਤੀ ਗਈ ਹੈ ਕਿ ਉਹ ਵੀ ਭੁਲ ਬਖਸ਼ਾਨ ਆਏ ਸਿੰਘ ਨੂੰ ਜੀਵਨ ਅਖਾੜੇ ਵਿਚ ਘੁਲ ਰਹੇ ਪਹਿਲਵਾਨ ਸਮਝ ਉਸ ਦੀਆਂ ਕਮਜ਼ੋ-ਰੀਆਂ ਨੂੰ ਸੁਭਾਵਕ ਹੋ ਜਾਣ ਵਾਲੀ ਸ਼ੈ ਜਾਣ, ਬਖਸ਼ਣ ਸਮੇਂ[2] ਉਦਾਰਤ ਤੋਂ ਕੰਮ ਲਵੇ ।

## ਭੇਂਟ

ਰਹਿਤਵਾਨ ਸਿੰਘ ਨੇ ਪੰਥ ਦੀ ਆਗਿਆ ਦਾ ਪੂਰਨ ਪਾਲਨ ਕਰਨਾ ਹੈ, ਕਿਉਂ ਜੋ ਉਹ ਆਪਣਾ ਜੀਵਨ ਹੀ ਅੰਮ੍ਰਿਤ ਛਕਨ ਸਮੇ ਪੰਥ ਸਪੁਰਦ ਕਰ ਚੁਕਾ ਸੀ, ਹੁਣ ਉਹ ਜਿੰਨਾ ਚਿਰ ਜੀਉਂਦਾ ਹੈ, ਉਸ ਦਾ ਜੀਵਨ ਪੰਥਕ ਅਮਾਨਤ ਹੈ । ਪੰਥ ਜਦੋਂ ਚਾਹੇ ਉਸ ਪਾਸੋਂ ਮੰਗ ਲਵੇ। ਇਸ ਜੀਵਨ ਵਿਚ ਸਿੰਘ ਨੇ ਕਿਰਤ ਕਰਨੀ ਹੈ ਕਿਰਤ ਤੋਂ ਧਨ ਆਉਣਾ ਹੈ । ਇਸ ਧਨ ਦੀ ਤਕਸੀਮ ਸਿੰਘ ਰਹਿਤ ਵਿਚ ਇਸ ਤਰ੍ਹਾਂ ਕੀਤੀ ਗਈ ਹੈ ਕਿ ਰਹਿਤਵਾਨ ਸਿੰਘ ਕਮਾਏ ਹੋਏ ਧਨ ਦੇ ਨੌਂ ਹਿਸੇ ਆਪਣੀ ਤੇ ਆਪਣੇ ਪ੍ਰਵਾਰ ਦੀ ਪਾਲਨਾ ਹਿਤ ਰਖੇ [3] ਦਸਵੰਧ ਗੁਰੂ

---

1. ਸਿਖ ਸੇ ਕੁਰਹਤ ਹੋ ਜਾਏ, ਸਭ ਕੇ ਆਗੇ ਹਥ ਜੋੜ ਖੜਾ ਹੋਵੇ ਤਨਖਾਹ ਲਗਵਾ ਕਰ ਬਖਸ਼ਾਵੇ।
*(ਰਹਿਤਨਾਮਾ ਭਾਈ ਚੌਪਾ ਸਿੰਘ)*
2. ਸਿਖ ਨੂੰ ਬਕਸ਼ਨੇ ਵਕਤ ਅੜੀ ਨਹੀਂ ਕਰਨੀ । *(ਭਾਈ ਚੌਪਾ ਸਿੰਘ)*
3. ਦਸ ਨਖ ਕਰ ਜੋ ਕਾਰ ਕਮਾਵੈ ।

(ਬਾਕੀ ਦਾ ਫੁਟਨੋਟ ਅਗਲੇ ਸਫ਼ੇ ਤੇ)

ਖਾਲਸੇ ਦੀ ਭੇਂਟ ਕਰੇ ।

## ਮਿਲਾਪ

ਗੁਰੂ ਖਾਲਸਾ ਪੰਥ ਵਿਚ ਸਿੰਘ ਸਭ ਭਰਾ ਭਰਾ ਹਨ । ਜਿਸ ਕਰਕੇ ਰਹਿਤਵਾਨ ਸਿੰਘ ਨੇ ਹਰ ਦੂਸਰੇ ਸਿੰਘ ਨੂੰ ਬਰਾਬਰ ਦਾ ਭਰਾ[1] ਕਰ ਸਮ-ਝਨਾ ਹੈ ਇਸ ਸਚੀ [2] ਬਰਾਦਰੀ ਨੂੰ ਨਿਬਾਹਨ ਸਮੇਂ ਇਹ ਜ਼ਰੂਰੀ ਹੈ ਕਿ ਰਹਿਤਵਾਨ ਸਿੰਘ ਆਪਣੇ ਦੂਜੇ ਸਿੰਘ ਭਰਾਵਾਂ ਨਾਲ ਪਿਆਰ ਦੀ ਵਰਤੋਂ ਕਰੇ। ਉਨ੍ਹਾਂ ਨਾਲ ਦੁਖ ਸੁਖ ਦਾ ਖ਼ਿਆਲ ਹੋਵੇ, ਤੇ ਕਿਸੇ ਦੂਸਰੇ ਸਿੰਘ ਦੀ

---

(ਪਿਛਲੇ ਸਫ਼ੇ ਦਾ ਬਾਕੀ ਫ਼ੁਟਨੋਟ)
ਤਾਂਕਰ ਜੋ ਧਨ ਘਰ ਮਹਿ ਆਵਹ ।
ਤਿਸ ਤੇ ਗੁਰ ਦਸਵੰਧ ਜੋ ਦੇਹੀ ।
ਸਿੰਘ ਸੋ ਯਸ ਜਗ ਮਹਿ ਬਹੁ ਲੇਹੀ ।

*(ਭਾਈ ਦੇਸਾ ਸਿੰਘ ਜੀ)*

SIKHBOOKCLUB.COM

ਤਥਾ:- *ਧਰਮ ਕਿਰਤ ਦੇ ਨਫੇ ਵਿਚੋਂ ਗੁਰੂ ਅਰਥ ਦਸਵੰਧ ਦੇਵੇ ।*

*(ਭਾਈ ਚੌਪਾ ਸਿੰਘ)*

ਤਥਾ:- ਦਸ ਵਸਤੂ ਲੈ ਪਾਛੈ ਪਾਵੈ ।
ਏਕ ਬਸਤੂ ਕਾਰਨਿ ਬਿਖੋਟ ਗਵਾਵੈ ।
ਏਕ ਭੀ ਨ ਦੇਇ ਦਸ ਭੀ ਹਿਰ ਲੇਇ ।
ਤਉ ਮੂੜਾ ਕਹੁ ਕਹਾ ਕਰੇਇ

*(ਸੁਖਮਨੀ ਮ:੫)*

1. ਸਿੰਘ ਕੋ ਬਰਾਬਰ ਕਾ ਭਾਈ ਸਮਝੈ ।

*(ਰਹਿਤਨਾਮਾ ਭਾ:ਦਯਾ ਸਿੰਘ)*

2. ਨਹੀਂ ਦਦ ਸਾਰ ਪਿਤਾ ਪਿਤਾਮਾ ਪਰ ਪਿਤਾਮਾ,
ਸਜਨ ਕੁਟੰਬ ਸੁਤ ਬਾਧਵ ਨ ਭਰਾਤਾ ਹੈ ।
ਨਹੀਂ ਨਨ ਸਾਰ ਮਾਤਾ ਪਰਮਾਤਾ ਬਿਰਧ ਮਾਤਾ,
ਮਾਮੂ ਮਾਮੀ ਮਾਸੀ ਮੋਸਾ ਬਿਰਧ ਬਖਿਆਤਾ ਹੈ ।
ਨਹੀਂ ਸੁਸਰਾਨ ਸਾਸ, ਸੁਸਰਾ ਔ ਸਾਰੋ ਸਾਰੀ,
ਨਹੀਂ ਬਿਰਤੀਸਰ ਔ ਜਾਚਕ ਨ ਦਾਤਾ ਹੈ ।
ਅਸ਼ਨ, ਬਸਨ, ਧਨ ਧਾਨ ਕਾਹੂ ਮਹਿ ਨ ਦੇਖਿਓ,
ਜੈਸੇ ਗੁਰਸਿਖ ਸਾਧ ਸੰਗਤ ਕੇ ਨਾਤਾ ਹੈ ।

ਬਿਪਤ ਸਮੇਂ ਆਪਣਾ ਸਰੀਰ ਤਕ[1] ਲਗਾ ਦੇਣ ਨੂੰ ਤਿਆਰ ਰਹੇ ਇਸ ਪਿਆਰ ਦੀ ਵਰਤੋਂ ਦਾ ਅਰੰਭ ਪਹਿਲੀ ਹੀ ਦਰਸ਼ਨ ਭੇਂਟ ਤੋਂ ਹੋ ਜਾਣਾ ਚਾਹੀਦਾ ਹੈ, ਤੇ ਉਸ ਦੇ ਲਈ ਰਹਿਤਵਾਨ ਸਿੰਘ ਨੂੰ ਤਾਕੀਦ ਕੀਤੀ ਗਈ ਹੈ ਕਿ ਉਹ ਜਦੋਂ ਵੀ ਕਿਸੇ ਦੂਸਰੇ ਸਿੰਘ ਨੂੰ ਮਿਲੇ ਤਾਂ ਹੀ ਵਾਹਿਗੁਰੂ ਜੀ ਕੀ ਫ਼ਤਿਹ[2] ਬੁਲਾਵੇ । ਇਸ ਤਰ੍ਹਾਂ ਪਰਸਪਰ ਫ਼ਤਿਹ ਬੁਲਾਨ ਨਾਲ ਅਰੰਭ ਕੀਤਾ ਹੋਇਆ ਪਿਆਰ ਜੀਵਨ ਮਰਯਾਦਾ ਵਿਚ ਓੜਕ ਤਕ ਨਿਭਣਾ ਚਾਹੀਦਾ ਹੈ । ਰਹਿਤਵਾਨ ਸਿੰਘ ਨੂੰ ਆਗਿਆ ਹੈ ਕਿ ਉਹ ਆਪਣਾ ਹਰ ਇਕ ਮੁਆਮਲਾ ਸਿੰਘ ਭਰਾਵਾਂ ਵਿਚ ਬੈਠਕੇ ਨਬੇੜੇ, ਤੇ ਜਦ ਤਕ ਉਨ੍ਹਾਂ ਦੀ ਆਗਿਆ ਨ ਹੋਵੇ ਕਿਸੇ ਹਾਕਮ ਕੋਲ ਨ[3] ਜਾਵੇ ।

## ਸੇਵਾ

ਗੁਰਮਤ ਵਿਚ ਜੀਵਨ ਸਫਲਤਾ ਦਾ ਸਾਧਨ ਨਾਮ ਸਿਮਰਨ ਤੇ ਸੇਵਾ ਹੀ ਦਸਿਆ ਗਿਆ ਹੈ । ਸੇਵਾ ਭਾਵੇਂ ਹਰ ਲੋੜਵੰਦ ਦੀ ਕਰਨੀ ਹੈ, ਪਰ ਗੁਰੂ ਸੇਵਾ ਇਕ ਉਚੀ ਸੇਵਾ ਹੈ । ਰਹਿਤਵਾਨ ਸਿੰਘ ਨੇ ਗੁਰੂ ਖਾਲਸੇ ਨੂੰ ਪੂਜਨਾ ਹੈ । ਇਸ ਲਈ ਖਾਲਸੇ ਦੀ ਸੇਵਾ[4] ਮੁਖ ਸੇਵਾ ਹੈ, ਇਹ ਸੇਵਾ ਤਿੰਨਾਂ ਕਿਸਮਾਂ ਦੀ ਹੈ । ਰੂਹਾਨੀ, ਜ਼ਿਹਨੀ, ਅਤੇ ਸਰੀਰਕ । ਰੂਹਾਨੀ ਸੇਵਾ

---

1. ਜੋ ਕੋਈ ਸਿਖ ਖਾਲਸੇ ਕੇ ਹੋਣਗੇ,
ਜੋ ਆਪਸ ਮਹਿ ਪਿਆਰ ਕਰਨ ਨੇਕ ਬਦ ਨੂੰ ਅਕਠੇ ਹੋਏ ਜਾਣ ਔਰ ।
ਜੋ ਇਕ ਸਿਖ ਉਪ ਆਏ ਬਨੇ ਤਾਂ ਸਭ ਅਕਠੇ,
ਜੀਓ ਦੇਣ ਨੂੰ ਤਿਆਰ ਹੋਣ ਉਨ੍ਹਾਂ ਸਿਖਾਂ ਨੂੰ ਸਿਖੀ ਦਾ ਫਲ ਹੋਵੇ ।
*(ਪ੍ਰੇਮ ਸੁਮਾਰਗ)*

2. ਆਗੇ ਆਵਤ ਸਿੰਘ ਜੋ ਪਾਵੈ ਵਾਹਿਗੁਰੂ ਕੀ ਫ਼ਤਹਿ ਬੁਲਾਵੇ ।
ਤਥਾ:- ਗੁਰੂ ਕੀ ਫ਼ਤਿਹ ਮਿਲਨੇ ਵਕਤ ਬੁਲਾਵੇ ।
*(ਭਾਈ ਚੌਪਾ ਸਿੰਘ ਜੀ)*

3. ਸਿਖਾਂ ਦਾ ਮੁਆਮਲਾ ਸਿਖਾਂ ਵਿਚ ਨਿਬੇੜੇ ਜੋ,
ਬਿਨਾ ਕਹੇ ਹਾਕਮ ਦੇ ਜਾਵੇ ਸੋ ਤਨਖਾਹੀਆ ।
(ਭਾਈ ਚੌਪਾ ਸਿੰਘ)

4. ਗੁਰੂ ਸਵਰੂਪ ਖਾਲਸਾ ਹੋਈਏ ਜਾਂ ਕੀ ਟਹਲ ਪਰਮ ਸੁਖ ਲਹੀਏ ।
*(ਭਾਈ ਦੇਸਾ ਸਿੰਘ ਜੀ)*

ਲਈ ਰਹਿਤਵਾਨ ਸਿੰਘ ਨੇ ਦੂਸਰੇ ਸਿੰਘ ਨੂੰ ਬਾਣੀ [1] ਪੜ੍ਹਨੀ ਜਾਂ ਸੁਨਾਣੀ ਹੈ । ਜ਼ਿਹਨੀ ਸੇਵਾ ਲਈ ਕਿਸੇ ਦੂਸਰੇ ਸਿੰਘ ਨੂੰ[2] ਵਿਦਿਆ ਦੇਣੀ ਹੈ ਅਤੇ ਸਰੀਰਕ ਸੁਖ ਲਈ ਆਏ ਸਿਖ ਨੂੰ[3] ਪ੍ਰਸ਼ਾਦ ਛਕਾਨਾ, [4] ਬਸਤ੍ਰ ਦੇਣਾ, ਤੇ ਮੁਠੀ ਚਾਪੀ[5] ਕਰਨੀ ਹੈ । ਇਸ ਸੇਵਾ ਦਾ ਜ਼ਿਕਰ ਕਰਦਿਆਂ ਹੋਇਆ ਇਹ ਭੀ ਸਮਝਾਇਆ ਗਿਆ ਹੈ ਕਿ ਰਹਿਤਵਾਨ ਜਿਥੇ ਇਕ ਦੂਸਰੇ ਨੂੰ ਮਿਲਨ ਪਰਸਪਰ ਭਾਉ ਪਿਆਰ ਨਾਲ ਰਲ ਬੈਠਨ । ਅਦਬ ਨਾਲ ਇਕ ਦੂਜੇ ਨੂੰ ਬੁਲਾਨ, ਇਉਂ ਹੀ ਪਰਤੀਤ ਹੋਵੇ ਕਿ ਇਕ ਦੂਜਿਆਂ ਨੂੰ ਗੁਰੂ ਜਾਣ ਵਰਤਾਵ[6] ਕਰ ਰਿਹਾ ਹੈ । ਜੇ ਭਾਗਵਸ਼ ਰਹਿਤਵਾਨ ਸਿੰਘ ਕਿਧਰੇ ਹਾਕਮ ਹੋ ਜਾਏਓ ਯਾ ਰਾਜ ਕਰਨ ਦੀ ਸੇਵਾ ਤੇ ਲਗਵਾਇਆ ਜਾਏ ਤਾਂ ਉਹ ਨਿਰਧਨ ਸਿੰਘਾਂ ਦੀ ਪਾਲਨਾਂ ਕਰੇ। ਆਏ ਪ੍ਰਦੇਸੀ ਸਿੰਘਾਂ ਦੀ ਸੇਵਾ ਕਰੇ । ਬਾਣੀ ਮਿਠੀ ਬੋਲੇ ਤੇ ਜਿਥੋਂ ਤਕ ਹੋ ਸਕੇ ਸਿੰਘਾਂ ਨੂੰ ਰਾਜ ਪ੍ਰਬੰਧ ਵਿਚ[7] ਹਿਸੇਦਾਰ ਬਣਾਵੇ ।

## ਰਿਸ਼ਤਾ-ਨਾਤਾ

ਚੂੰਕਿ ਸਿੰਘ ਜੀਵਨ ਖਾਸ ਮਰਯਾਦਾ ਦਾ ਜੀਵਨ ਹੈ, ਇਸ ਲਈ

SIKHBOOKCLUB.COM

---

1. ਜੋ ਗੁਰੂ ਕੀ ਬਾਣੀ ਸਿਖ ਲਾਵੇ ਜੀਵਨ ਮੁਕਤ ਪਦਾਰਥ ਪਾਵੇਂ ।
*(ਭਾਈ ਪ੍ਰਲਾਦ ਸਿੰਘ)*

2. ਗੁਰਮੁਖ ਅਖਰ ਜੋ ਹੈਂ ਭਾਈ ਸਿੰਘ ਸਿੰਘ ਤੇ ਸੀਖੇ ਜਾਈ ।
*(ਭਾ:ਦੇਸਾ ਸਿੰਘ)*

3. ਕਰੇ ਪ੍ਰਸ਼ਾਦ ਸਿਖ ਮੁਖ ਪਾਵੇ ਤਿਸ ਸਿਖ ਕੇ ਗੁਰੂ ਵਾਰਨੇ ਜਾਵੇ ।
*(ਭਾਈ ਪ੍ਰਲਾਦ ਸਿੰਘ)*

4. ਸਿਖ ਕੋ ਸਿਖ ਜੋ ਅੰਬਰ ਚੀਨਾ, ਕੋਟ ਅਸਮੇਧ ਜਗ ਫਲ ਕੀਨਾ ।
*(ਭਾਈ ਪ੍ਰਲਾਦ ਸਿੰਘ)*

5. ਚਾਪੀ ਕਰੇ ਮਲੇ ਸਿਖ ਚਰਨਾਂ, ਤਿਸ ਸਿਖ ਕੋ ਮੈਂ ਲੀਨੇ ਚਰਨਾ ।
*(ਭਾਈ ਪ੍ਰਲਾਦ ਸਿੰਘ)*

6. ਜਹਾਂ ਸੰਜੋਗ ਅਕਠੇ ਹੋਣ ਦਾ ਹੋਵੇ ਉਥੇ ਆਪਸ ਮਹਿੰ ਅਦਬ ਭਾਉ ਪਿਆਰ ਕਰ ਬੰਧਨ ਅਦਬ ਨਾਲ ਪ੍ਰਸ਼ਾਦ ਖਾਣਾ, ਪੀਣਾ, ਐਸਾ ਅਦਬ ਭਾਓ ਕਰਨਾ, ਆਪਸ ਵਿਚ, ਜੈਸਾ ਸਿਖ ਗੁਰੂ ਦਾ ਕਰਦਾ ਹੈ ।

7. ਆਪ ਸਿੰਘ ਜੋ ਰਾਜ ਹੋਈ, ਨਿਰਧਨ ਸਿੰਘ ਪਾਲੇ ਸੋਈ ।
ਪ੍ਰਦੇਸੀ ਸਿੰਘ ਨ ਜਬ ਦੇਖੇ, ਉਨਕੀ ਸੇਵਾ ਕਰੇ ਹੀ ਬਸੇਖੇ।
ਮਧਰ ਬਚਨ ਸਤਹਨ ਕੋ ਭਾਖੇ, ਕਾਕਰ ਸਿੰਘ ਨ ਕੋ ਰਾਖੇ ।

ਉੱਚੀ ਸਮਾਜ ਪੈਦਾ ਕਰਨ ਲਈ ਜ਼ਰੂਰੀ ਹੈ ਕਿ ਸਿੰਘ ਰਿਸ਼ਤਾ ਨਾਤਾ ਆਪਸ ਵਿਚ ਕਰਨ । ਅਜਿਹਾ ਕੀਤੇ ਬਿਨਾਂ ਮਰਯਾਦਾ ਹੀਨ ਲੋਗਾਂ ਦੇ ਨਾਲ ਜੋੜੇ ਹੋਏ ਸਿੰਘ ਬਚੇ ਔਰ ਬੱਚੀਆਂ ਉਚੇ ਜੀਵਨ ਤੋਂ ਵਾਂਜੇ ਜਾਣਗੇ । ਜੀਵਨ ਅਸਲ ਵਿਚ ਸੰਗਤ ਤੋਂ ਹੀ ਬਣਦਾ ਹੈ । ਸੰਗਤ ਸੰਬੰਧੀਆਂ ਦੀ ਬਹੁਤ ਕਰੀਬੀ ਹੁੰਦੀ ਹੈ । ਇਸ ਲਈ ਰਹਿਤਵਾਨ ਸਿੰਘ ਨੂੰ ਆਗਿਆ ਕੀਤੀ ਗਈ ਹੈ ਕਿ ਉਹ ਰਿਸ਼ਤਾ ਨਾਤਾ[1] ਸਿੰਘਾ ਨਾਲ ਹੀ ਕਰੇ । ਅਜਿਹਾ ਕਰਨ ਨਾਲ ਪੰਥਕ ਬਲ ਵਧਦਾ ਹੈ । ਅੰਮ੍ਰਿਤ ਅੰਮ੍ਰਿਤ ਵਿਚ ਮਿਲਦਾ ਹੈ । ਜੋ ਸਿੰਘ ਆਪਣੇ ਪੁਤਰ ਨੂੰ ਗੈਰ ਸਿੰਘਾਂ ਦੇ ਘਰ ਵਿਆਹ ਹੁੰਦਾ ਹੈ, ਉਹ ਬਚੇ ਲਈ ਕੁਸੰਗਤ ਦਾ ਘੇਰ ਪੈਦਾ ਕਰਦਾ ਹੈ। ਤੇ ਜੋ ਕੱਨਿਆ[2] ਅਨਮਤੀ ਦੇ ਦੇਂਦਾ ਹੈ । ਸਮਝੋ ਕਿ ਆਪਣੀ ਮਾਸੂਮ ਬਚੀ ਨੂੰ ਜੀਵਨ ਦੇ ਉਤਮ ਪੰਥ ਤੋਂ ਵਛੋੜ, ਨੀਵੇਂ ਪਾਸੇ ਪਾ ਰਿਹਾ ਹੈ । ਇਸ ਵਾਸਤੇ ਰਹਿਤਵਾਨ ਸਿੰਘ ਲਈ ਜ਼ਰੂਰੀ ਹੈ ਕਿ ਉਹ ਆਪਣਾ ਰਿਸ਼ਤਾ ਰਹਿਤਵਾਨ ਸਿੰਘ ਦੇ ਘਰ ਹੀ ਕਰੇ ।

## ਤਿਆਗ

SIKHBOOKCLUB.COM

ਜੀਵਨ ਦੇ ਹਰ ਅੰਗ ਵਿਚ ਨੇਕੀ ਦਾ ਗ੍ਰਹਿਣ ਤੇ ਬਦੀ ਦਾ ਤਿਆਗ ਹੀ ਸਫਲਤਾ ਦੇਂਦਾ ਹੈ । ਰਹਿਤਵਾਨ ਸਿੰਘ ਨੂੰ ਪੰਥਕ ਰਹਿਤ ਵਿਚ ਆਗਿਆ ਕੀਤੀ ਗਈ ਹੈ ਕਿ ਜਿਥੇ ਉਹ ਰਹਿਤਵਾਨ ਸਿੰਘ ਮਿਲਾਪ ਰਖੇ ਤੇ ਉਸ ਦੀ ਪੂਜਾ, ਸੇਵਾ ਕਰੇ ਉਥੇ ਨੀਵਿਆਂ ਮਨੁਖਾਂ ਦੀ ਕੁਸੰਗਤ ਤੋਂ ਬਚਣ ਲਈ ਭੀ ਤਤਪਰ ਰਹੇ । ਪੰਥਕ ਦਾਇਰੇ ਵਿਚ ਨੀਵੇਂ ਮਨੁਖ ਸਭ ਤੋਂ ਵਧ[3] ਮਸੰਦਾਂ ਨੂੰ ਮੰਨਿਆ ਗਿਆ ਹੈ, ਜਿਨ੍ਹਾਂ ਦੀਆਂ ਤਿੰਨ[4] ਪ੍ਰਸਿਧ ਸ਼ਾਖਾਂ, ਮੀਣੇ,

---

1. ਨਾਤਾ ਗੁਰ ਕੇ ਸਿੰਘ ਨਾਲ ਕਰੇ *(ਭਾਈ ਚੌਪਾ ਸਿੰਘ)*
2. ਸਿਖ ਸਿਖ ਕੋ ਪੁਤਰੀ ਦਈ ਸੁਧਾ ਸੁਧਾ ਮਿਲ ਜਾਏ ।
   ਦੇਈ ਭਾਦਨੀ ਕੋਸੁਤਾ ਅਹਮੁਖ ਅਮੀ ਚੁਓਆਏ ।
3. ਮੀਣਾ ਔਰ ਮਸੰਦੀਆਂ, ਮੋਨਾ ਕੁੜੀ ਜੋ ਮਾਰ
   ਹੋਏ ਸਿਖ ਵਰਤਨ ਕਰੇ ਅੰਤ ਹੋਏਗਾ ਖਵਾਰ ।
4. ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਆਗਿਆ ਤੋਂ ਬਗਾਵਤ ਕਰਨ ਕਰਕੇ ਪ੍ਰਿਥੀ ਚੰਦ ਜੀ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਹੁਕਮ ਤੋਂ ਆਕੀ ਹੋਣ ਕਰਕੇ ਰਾਮ ਰਾਏ

(ਬਾਕੀ ਦਾ ਫ਼ੁਟਨੋਟ ਅਗਲੇ ਸਫ਼ੇ ਤੇ)

ਰਾਮਰਾਈਏ ਅਤੇ ਧੀਰ ਮਲੀਏ ਹਨ । ਸਿਖ ਇਤਿਹਾਸ ਵਿਚ ਮਸੰਦ ਗੁਰਮਤ ਪ੍ਰਚਾਰ ਦੇ ਬਹਾਨੇ ਗਰੀਬ ਤੇ ਅਨਪੜ੍ਹ ਸਿਖ ਜਨਤਾ ਨੂੰ ਟਪਲਾ ਲਾ, ਆਪਣੇ ਐਸ਼ ਦੇ ਸਾਮਾਨ ਕਮਾਣ ਵਾਲਿਆਂ ਦਾ ਨਾਮ ਹੈ । ਇਨ੍ਹਾਂ ਨਾਲ ਨ[1] "ਮਿਲਵਰਤਨ ਕਰਨਾ ਜ਼ਰੂਰੀ ਹੈ ਕਿਉਂ ਕਿ ਇਨ੍ਹਾਂ ਭੇਖ ਧਾਰੀਆਂ

---

*(ਪਿਛਲੇ ਸਫ਼ੇ ਦਾ ਬਾਕੀ ਫ਼ੁਟਨੋਟ)*

ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਵਿਰੁਧ ਖੜਾ ਹੋਣ ਕਰਕੇ ਧੀਰੂ ਮਲ ਜੀ ਪੰਥ ਨਾਲੋਂ ਟੁਟ ਚੁਕੇ ਸਨ, ਜਿਸ ਕਰਕੇ ਇਨ੍ਹਾਂ ਦੀ ਔਲਾਦ ਤੇ ਮਸੰਦਾਂ ਦਾ ਕੇਵਲ ਇਤਨਾ ਹੀ ਸੰਗਤ ਨਾਲ ਤੁਅੱਲਕ ਸੀ ਕਿ ਉਹ ਅਨਪੜ੍ਹ ਤੇ ਗੁਰੂ ਘਰ ਦੇ ਹਾਲਾਤ ਤੋਂ ਨਾਵਾਕਫ (ਜੇਹਾ ਕਿ ਉਸ ਸਮੇਂ ਮੇਲ ਜੋਲ ਤੇ ਖਤੋ ਕਿਤਾਬਤ ਦੇ ਸਾਮਾਨ ਘੱਟ ਹੋਣ ਕਰਕੇ ਆਮ ਲੋਕ ਸਨ) ਲੋਗਾਂ ਨੂੰ ਗੁਰਮਤ ਪ੍ਰਚਾਰ ਦਾ ਟਪਲਾ ਲਗਾ ਕੇ ਆਪਣੇ ਜਾਲ ਵਿਚ ਫਸਾਣ ਤੇ ਉਨ੍ਹਾਂ ਕੋਲੋਂ ਕਾਰ ਭੇਟ ਉਗਰਾਹੰ ਕੇ ਸੁਖ ਤੇ ਐਸ਼ ਦੇ ਸਾਮਾਨ ਮਹੁੱਯਾ ਕਰਨ।

1. ਇਤਿਹਾਸ ਵਿਚ ਆਇਆ ਹੈ ਕਿ ਮੁਖਤਲਿਫ ਇਲਾਕਿਆਂ ਦੀਆਂ ਸੰਗਤਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਸ਼ਕਾਇਤ ਕੀਤੀ ਕਿ ਆਮ ਸਿਖ ਜਨਤਾ ਮਸੰਦਾਂ ਦੇ ਹਥੋਂ ਬੜੀ ਦੁਖੀ ਹੈ । ਉਹ ਭੋਲੇ ਭਾਲੇ ਅਨਜਾਣ ਸਿਖਾਂ ਨੂੰ ਸਿਖੀ ਦੇ ਨਾਮ ਤੇ ਲੁਟਦੇ ਹਨ । ਗਰੀਬ ਸਿਖਾਂ ਤੇ ਹੋ ਰਹੀ ਇਸ ਧਰਮ ਦੇ ਨਾਮ ਤੇ ਲੁਟ ਮਾਰ ਦੀ ਖਬਰ ਸਤਿਗੁਰਾਂ ਪਾਸ ਕਈ ਪਾਸਿਆਂ ਤੋਂ ਆਈ । ਆਖਰ ਇਕ ਦਿਨ ਕੁਝ ਇਕ ਨਕਲੀਏ, ਸਤਿਗੁਰਾਂ ਦੀ ਹਜ਼ੂਰੀ ਵਿਚ ਹਾਜ਼ਰ ਹੋਏ ਤਾਂ ਕੁਝ ਸਿੰਘਾਂ ਨੇ ਇਰਾਦਤਨ ਸਤਿਗੁਰਾਂ ਨੂੰ ਮਸੰਦੀ ਦੀ ਨਕਲ ਨਕਲੀਆਂ ਪਾਸੋਂ ਵੇਖਣ ਦੀ ਬਿਨੇ ਕੀਤੀ, ਜੋ ਪ੍ਰਵਾਨ ਹੋਈ । ਨਕਲੀਆਂ ਜੋ ਨਕਲ ਉਤਾਰੀ, ਉਸ ਵਿਚ ਮਸੰਦ ਬਣੇ ਹੋਏ ਨਕਲੀਏ ਨੇ ਆਪਣੇ ਨਾਲ ਇਕ ਵੇਸਵਾ ਲੈ ਲਈ ਤੇ ਸ਼ਿਕਾਰੀ ਕੁਤੇ ਪਕੜ, ਘੋੜੇ ਤੇ ਸਵਾਰ ਹੋ ਇਕ ਗਰੀਬ ਸਿੱਖ ਦੇ ਘਰ ਜਾ ਉਤਰਿਆ । ਸਿਖ ਕੋਲੋਂ ਘੋੜੇ ਲਈ ਦਾਣਾ, ਪਠਾ, ਕੁਤੇ ਲਈ ਮਾਸ ਤੇ ਵੇਸਵਾ ਵਾਸਤੇ ਸ਼ਰਾਬ ਆਦ ਮੁਹੱਯਾ ਕਰਨੀ ਬਹੁਤ ਮੁਸ਼ਕਲ ਸੀ। ਪਰ ਸਿਖ ਜਿਉਂ ਜਿਉਂ ਆਪਣੀ ਅਸਮਰਥਾ ਪ੍ਰਗਟ ਕਰਦਾ ਸੀ ਤਿਉਂ ਤਿਉਂ ਹੀ ਮਸੰਦ ਉਸ ਨੂੰ ਸਰਾਪ ਦਾ ਭੈ ਦੇਂਦਾ ਸੀ, ਜਿਸ ਤੋਂ ਭੈ ਖਾ ਗਰੀਬ ਸਿਖ ਆਪਣੇ ਘਰ ਦਾ ਸਾਮਾਨ ਵੇਚ ਮਸੰਦ ਦੀਆਂ ਮਨ ਮੰਗੀਆਂ ਚੀਜ਼ਾਂ ਲਿਆ ਰਿਹਾ ਸੀ । ਇਸ ਹਤਿਆਰੀ ਵਰਤੋਂ ਨਾਲ ਸੰਤੁਸ਼ਟ ਨ ਹੋ ਸਕਿਆ ਮਸੰਦ, ਆਖਰ ਸ਼ਰਾਬ ਦੇ ਨਸ਼ੇ ਵਿਚ ਸਿਖ ਨੂੰ ਕਹਿਣ ਲਗਾ ਕਿ ਆਪਣੀ ਪੁਤਰੀ ਨੂੰ ਕਹੋ ਕਿ ਮੇਰੀ ਵੇਸਵਾ ਦੇ ਚਰਨ ਦਬਾਵੇ । ਨਕਲ ਵਿਚ ਹੋ ਰਹੇ ਇਸ ਅਤਿਆਚਾਰ ਨੂੰ ਦੇਖ, ਗਰੀਬਾਂ ਦੇ ਬੰਧੂ ਸਤਿਗੁਰੂ ਸਹਾਰ ਨਾ ਸਕੇ । ਲਿਖਿਆ ਹੈ ਕਿ–

ਸੁਆਂਗ ਪੇਖ ਗੁਰੂ ਨੈਨ ਭਰ; ਕਿਹੋ ਜੇ ਅਸ ਮਸੰਦ ।
ਕਰਤ ਗੁਰੂ ਕੇ ਸਿਖਨ ਸਉ ਤਬ ਇਨ ਸਮਝੇ ਮੰਦ ।
ਹਾਥ ਜੋੜ ਸੁਆਂਗੀ ਕਹੇ ਮੈਂ ਦਿਖਰਾਇਓ ਥੋਰ ।
ਇਹ ਤੇ ਦਸ ਗੁਣ ਸਿਖਨ ਕੋ ਦੇਤ ਮਸੰਤ ਦੁਖ ਘੋਰ ।

(ਬਾਕੀ ਦਾ ਫ਼ੁਟਨੋਟ ਅਗਲੇ ਸਫ਼ੇ ਤੇ)

ਨਾਲ ਮਿਲਵਰਤਨ ਕਰਨਾ ਲੋਗਾਂ ਨੂੰ ਲੋਭ ਜਾਲ ਵਿਚ ਫਸਾਣ ਲਈ ਮਦਦ ਕਰਨਾ ਹੈ । ਮਸੰਦਾਂ ਤੋਂ ਬਾਅਦ ਕੁੜੀ ਮਾਰ, ਨੜੀ ਮਾਰ ਤੇ ਸਿਰਗੁਮ ਨਾਲ ਨ ਮਿਲਵਰਤਨ ਦੀ ਆਗਿਆ ਹੈ । ਜੇ ਜ਼ਰਾ ਭੀ ਵਿਚਾਰ ਕੀਤੀ ਜਾਵੇ ਤਾਂ ਇਨ੍ਹਾਂ ਤਿੰਨਾਂ ਕੁਸੰਗਤਾ ਤੋਂ ਬਚਣਾ ਬੜਾ ਜ਼ਰੂਰੀ ਦਿਸ ਆਵੇਗਾ । ਆਪਣੀ ਲੜਕੀ ਨੂੰ ਆਪ ਮਾਰ ਦੇਣ ਵਾਲੇ ਮਨੁਖ, ਕਹਿਲਾਣ ਦੇ ਅਧਿਕਾਰੀ ਨਹੀਂ ਹਨ । ਉਹ ਜਿੰਦਾ ਰਾਖਸ਼ਿਸ਼ ਹਨ । ਉਨ੍ਹਾਂ ਦੀ ਕ੍ਰਿਆ ਜ਼ਹਿਰੀਲੇ ਸੱਪਾਂ ਨਾਲ ਰਲਦੀ ਹੈ, ਜਿਨ੍ਹਾਂ ਦੀ ਮਾਦਾ ਆਪਣੇ ਜਾਏ ਖਾ ਜਾਂਦੀ ਹੈ। ਜ਼ਹਿਰੀਆਂ ਦੀ ਸੰਗਤ ਨਾਲ ਆਪਣੇ ਵਿਚ ਵਿਹੁ ਆ ਜਾਣ ਦਾ ਭੈ ਹੈ । ਏਹ ਹੀ ਨੜੀਮਾਰ, ਜਗਤ ਜੂਠ, ਤਮਾਕੂ ਦਾ ਵਰਤਾਰਾ ਕਰਦਾ ਹੈ । ਉਸ ਦੇ ਮੂੰਹ ਤੇ ਕਪੜਿਆਂ ਵਿਚੋਂ ਹਰ ਵੇਲੇ ਦੁਰਗੰਧ ਆਉਂਦੀ ਰਹਿੰਦੀ ਹੈ । ਸਿਰ ਗੁੰਮ ਉਹ ਪਤਤ ਹੈ ਜੋ ਅੰਮ੍ਰਿਤ ਛਕਣ ਦੇ ਬਾਅਦ ਆਪਣੇ ਪ੍ਰਣ ਤੋਂ ਡਿੱਗੇ, ਕੇਸ ਕਟਵਾ ਦੇਂਦਾ ਹੈ । ਜਿਥੇ ਨੜੀਮਾਰ, ਸਰੀਰਕ ਤੌਰ ਤੇ ਅੱਤ ਮਲੀਨ ਹੈ, ਉਥੇ ਕੁੜੀਮਾਰ ਤੇ ਸਿਰਗੁੰਮ ਮਾਨਸਕ ਤੌਰ ਤੇ ਗਿਰੇ ਹੋਏ ਹਨ। ਇਨ੍ਹਾਂ ਦੀ ਕੁਸੰਗਤ ਤੋਂ ਬਚਣਾ ਹੀ ਵਾਜਬ ਹੈ । ਕੁਸੰ-ਗਤ[1] ਮਨੁਖ ਨੂੰ ਬਲੇ ਲੈ ਜਾਂਦੀ ਹੈ । ਇਸ ਲਈ ਰਹਿਤਵਾਨ ਸਿੰਘ ਨੂੰ ਇਨ੍ਹਾਂ ਨ-ਮਿਲਵਰਤਨ ਕਰਨ ਦੀ ਤਾਕੀਦ ਹੈ ।

ਗਿਰੇ ਹੋਏ ਕੁਸ਼ਰਗੀਆਂ ਨਾਲ ਨ-ਮਿਲ਼ਵਰਤਨ ਕਰਨ ਦੇ ਇਹ ਅਰਥ ਨਹੀਂ ਕਿ ਉਨ੍ਹਾਂ ਦੀ ਜ਼ਾਤ ਤੋਂ ਨਫਰਤ ਕਰਨੀ ਹੈ । ਰਹਿਤਵਾਨ

---

*(ਪਿਛਲੇ ਸਫ਼ੇ ਦਾ ਬਾਕੀ ਫ਼ੁਟਨੋਟ)*
ਨਕਲੀਏ ਦੀ ਇਹ ਗਲ ਸੁਣ ਸਤਿਗੁਰਾਂ ਆਗਿਆ ਕੀਤੀ :-
ਸ੍ਰੀ ਗੁਰੂ ਕਹ ਮਸੰਦ ਨਾ ਮੇਰੇ ਸਿਖ਼ਨ ਪਰ ਏਹ ਰਾਖਸ਼ਿਸ਼ ਹੇਰੇ ।

*(ਸੂਰਜ ਪ੍ਰਕਾਸ਼)*

ਇਸ ਤਰ੍ਹਾਂ ਇਤਿਹਾਸ ਵਿਚੋਂ ਸਾਫ ਪਤਾ ਲਗਦਾ ਹੈ ਕਿ ਸਤਿਗੁਰਾਂ ਨੇ ਨ ਸਿਰਫ ਮੀਣੇ, ਰਾਮਰਾਈਏ, ਤੇ ਧੀਰਮਲੀਏ ਮਸੰਦਾਂ ਨਾਲ ਹੀ ਖਾਲਸੇ ਨੂੰ ਨ-ਮਿਲ-ਵਰਤਣ ਕਰਨ ਦੀ ਆਗਿਆ ਹੀ ਕੀਤੀ, ਸਗੋਂ ਹਰ ਸ਼ਰੇਣੀ ਦੇ ਮਸੰਦਾਂ ਨੂੰ ਆਪਣੇ ਪੰਥ ਵਿਚੋਂ ਖਾਰਜ ਕਰ ਦਿਤਾ, ਕਿਉਂਜੋ ਅਜਿਹੇ ਭੇਖਧਾਰੀ, ਗੁਰਮਤ ਫ਼ਰੋਸ਼, ਉਨ੍ਹਾਂ ਨੂੰ ਰਾਖਸ਼ਿਸ਼ ਸਰੂਪ ਜਾਪੇ ।

1. ਮਾਰੀ ਮਰੇ ਕੁਸੰਗ ਕੀ ਕੇਲੇ ਨਿਕਟ ਜੋ ਬੇਰ ।
ਓਹ ਝੂਲੇ ਓਹ ਚੀਰ ਦੇ ਸਾਕਤ ਸੰਗ ਨਾ ਹੇਰ ।

ਸਿੰਘ ਨੂੰ ਕਿਸੇ ਦੀ ਜ਼ਾਤ ਨਾਲ ਗਿਲਾਨੀ ਨਹੀਂ ਹੋ ਸਕਦੀ । ਹਾਂ ਮੰਦ ਕਰਮ ਤੋਂ ਗਿਲਾਨੀ ਹੋਣੀ ਚਾਹੀਦੀ ਹੈ । ਸੋ ਜੇ ਮਸੰਦ, ਕੁੜੀਮਾਰ, ਨੜੀਮਾਰ ਜਾਂ ਸਿਰਗੁੰਮ ਆਪਣੀ ਕਮਜ਼ੋਰੀ ਨੂੰ ਸਮਝਣ, ਉਸ ਤੇ ਪਸਚਾਤਾਪ ਕਰਨ, ਤਾਂ ਇਨ੍ਹਾਂ ਨਾਲ ਵੀ ਪ੍ਰੇਮ ਕਰਨ ਦੀ ਆਗਿਆ ਹੈ । ਹਕੀਕਤ ਵਿਚ ਤਾਂ ਇਹ ਨ-ਮਿਲਵਰਤਨ ਵੀ ਪ੍ਰੇਮ ਦਾ ਹੀ ਸੂਚਕ ਹੈ । ਕਿਉਂ ਜੇ ਬੁਰਾਈ ਨਾਲ ਮਿਲਵਰਤਨ ਕਰਨਾ ਮੋਹ ਹੈ, ਤੇ ਉਸਤੋਂ ਸੰਕੋਚ ਕਰਨਾ ਬੁਰੇ ਦਾ ਬੁਰਿ-ਆਈ ਵਲ ਧਿਆਨ ਨ ਦਿਵਾਣਾ ਤੇ ਉਸ ਨੂੰ ਇਸ ਤੋਂ ਬਚਨ ਲਈ ਪ੍ਰੇਰਨਾ ਕਰਨੀ ਹੈ । ਸੋ ਰਹਿਤਵਾਨ ਸਿੰਘ ਨੇ ਇਸ ਤਰ੍ਹਾਂ ਇਨ੍ਹਾਂ ਕੁਸੰਗੀਆਂ ਤੋ ਵਖਰੇ ਰਹਿ, ਉਨ੍ਹਾਂ ਨੂੰ ਭਲੇ ਹੋਣ ਦੀ ਪ੍ਰੇਰਨਾ ਕਰਨੀ ਹੈ ।

ਸਿੰਘ ਦੀ ਪੰਥਕ ਰਹਿਤ ਦੀ ਇਹ ਮੁਖਤਸਿਰ ਜਿਹੀ ਵਿਚਾਰ ਉਸ ਦੇ ਜੀਵਨ ਦੇ ਇਕ ਵਡੇ ਕਰਤਵ ਨੂੰ ਦਰਸਾਉਂਦੀ ਹੈ , ਜਿਸਦਾ ਸਾਰ ਸੰਤਾਂ ਨੂੰ ਉਬਾਰਨਾ ਹੈ ਤੇ ਕੁਰਾਹੀਆਂ ਨੂੰ ਰਾਹੇ ਪਾਣਾ ਹੈ । ਸੋ ਜੋ ਰਹਿਤ-ਵਾਨ ਸਿੰਘ, ਪੰਥ ਨੂੰ ਗੁਰੂ ਕਰ ਸਮਝਦਾ ਹੈ, ਉਸ ਦੀ ਆਗਿਆ ਵਿਚ ਬਿਲਾ ਉਜ਼ਰ ਚਲਦਾ, ਕਿਰਤ ਵਿਚੋਂ ਦਸਵੰਧ ਪੰਥ ਭੇਟ ਕਰਦਾ , ਸਿੰਘ ਦੀ ਸੇਵਾ ਕਮਾਉਂਦਾ ਹੈ, ਤੇ ਕੁਸੰਗੀਆਂ ਕੋਲੋਂ ਡਰਦਾ ਹੈ ਉਹੋ ਹੀ ਸਿੰਘ ਸ਼ਖਸ਼ੀ ਰਹਿਤ ਤੋ ਅਗਾਂਹ ਲੰਘ ਪੰਥਕ ਰਹਿਤ ਦਾ ਰਹਿਤਵਾਨ ਹੈ ।

## ਜਗਤ ਵਰਤੋਂ ਰਹਿਤ

ਅੰਮ੍ਰਿਤਧਾਰੀ ਸਿੰਘ ਨੇ ਸ਼ਖਸੀ ਤੌਰ ਤੇ ਤਿਆਰ ਬਰਤਿਆਰ ਹੋ ਪੰਥ ਵਿਚ ਮਿਲ ਹੁਣ ਤੀਸਰੀ ਕਿਸਮ ਦੀ ਰਹਿਤ ਦਾ ਪ੍ਰਣ ਲੈਣਾ ਹੈ । ਉਹ ਰਹਿਤ ਹੈ ਜਗਤ ਨਾਲ ਵਰਤੋਂ ਕਰਨ ਦੇ ਮੁਤਅੱਲਕ । ਅਸਲ ਵਿਚ ਤਾਂ ਸਿੰਘ ਦਾ ਜਗਤ ਉਧਾਰ ਹੀ ਮਨੋਰਥ ਹੈ । ਉਸ ਨੇ ਮਨੁਖ ਮਾਤਰ ਨੂੰ ਆਪਣੇ ਵਰਗਾ ਬਣਾਉਣਾ ਹੈ । ਜਲ ਥਲ ਵਿਚ ਰਹਿਣ ਵਾਲੇ ਪ੍ਰਾਣੀਆਂ ਵਿਚ ਜੀਵਨ ਜੋਤ ਜਗਾਣੀ ਹੈ । ਜਗਤ ਵਿਚ ਪੁੰਨ ਦਾ ਪ੍ਰਤਾਪ ਵਧਾਣਾ ਤੇ[1] ਪਾਪ ਨੂੰ ਖਪਾਣਾ ਹੈ ।

---

1. ਦਾਨਵ ਦੇਵ ਫਨਿੰਦ ਨਿਸਾਚਰ ਭੂਤ ਭਵਿਖ ਭਵਾਨ ਜਪੈਂਗੇ ।
ਜੀਵ ਜਿਤੇ ਜਲ ਮੈ ਥਲ ਮੈਂ, ਪਲ ਹੀ ਪਲ ਮੈ ਸਭ ਥਾਪ ਥਪੈਂਗੇ ।

(ਬਾਕੀ ਦਾ ਫ਼ੁਟਨੋਟ ਅਗਲੇ ਸਫ਼ੇ ਤੇ)

ਦੁਨੀਆਂ ਦੇ ਧੱਕੇ ਤੇ ਜ਼ੋਰ ਜ਼ੁਲਮ ਦੀ ਥਾਂ ਅਕਾਲ ਪੁਰਖ ਦੀ ਦੋਹੀਂ ਨਿਰਾਲੀ ਹੈ।ਉਸਨੇ ਇਹ ਨਵ-ਜੀਵਨ ਦਾ ਸੰਦੇਸ਼[1] ਬਣਾਂ ਤੇ ਪ੍ਰਬਤਾਂ ਵਿਚ ਦੇਣਾ ਹੈ। ਜਗਤ-ਕਲਿਆਨ ਦੇ ਇਸ ਉੱਦਮ ਨੂੰ ਸਿਰੇ ਚਾੜ੍ਹਨ ਲਈ, ਧਰਮ ਰਾਜ ਕਾਇਮ ਕਰਨਾ ਹੈ। ਉਸ ਰਾਜ ਵਿਚ ਪ੍ਰਬੰਧ ਪੂਰਨ ਮਨੁਖਾਂ ਦੇ ਹਥ ਵਿਚ ਹੋਣਾ ਹੈ। ਸਿੱਕਾ ਤਲਵਾਰ ਨਾਲ ਨਹੀਂ ਚਲਾਣਾ। ਪਿਆਰ ਨਾਲ ਤੋਰਨਾ ਹੈ। ਦੁਨੀਆਂ ਨੂੰ ਡਰ ਕੇ ਝੁਕਣ ਤੇ ਮਜਬੂਰ ਨਹੀਂ ਕਰਨਾ, ਸਗੋਂ ਪਿਛਲੀ ਤੇ ਪਛਤਾ,[2] ਸ਼ਰਨ ਆਉਣ ਤੇ ਪ੍ਰੇਰਨਾ ਹੈ। ਇਸ ਤਰ੍ਹਾਂ ਦੇ ਰਾਜ ਵਿਚ ਮਨੁਖ ਨੂੰ ਪੂਰਨ ਪੱਦਵੀ ਦਿਤੀ ਜਾਣੀ ਹੈ। ਉਸ ਨੇ ਇਕ ਦੂਜੇ ਦੇ ਬਰਾਬਰ ਹੋਣਾ ਹੈ। ਦੂਜਾ ਤੀਜਾ ਕੋਈ ਨਹੀਂ ਰਹਿਣਾ। ਏਕਤਾ ਤੇ ਸਮਾ-ਨਤਾ ਦਾ ਵਰਤਾਰਾ ਹੋਣਾ ਹੈ। ਭੁੱਖਾ ਨੰਗਾ ਕੋਈ ਰਹਿਣਾ ਨਹੀਂ[3] ਸ਼ਰੀਰ ਨਿਰਬਾਹ ਹਿਤ ਖਾਣਾ, ਪਹਿਨਣਾ ਸਭ ਨੂੰ ਮਿਲਣਾ ਹਹੀ। ਤ੍ਰਿਪਤ ਹੋਏ ਮਨੁਖ ਨੇ ਫਿਰ ਕਿਉਂ ਕਿਸੇ ਦੀ ਚੋਰੀ ਕਰਨੀ ਹੈ। ਜਦ ਚੋਰ ਨਾ ਰਹੇਗਾ ਤੇ ਪਾਹਰੂ ਕਾਹਦਾ। ਪੁਲੀਸ ਦੀ ਲੋੜ ਨਹੀਂ ਪੈਣੀ, ਤਨਖ਼ਾਹਾਂ ਦੇਣੀਆਂ ਨਹੀਂ ਪੈਣਗੀਆਂ ਫਿਰ ਮੁਆਮਲੇ ਤੇ ਖਰਾਜ ਕਿਉਂ ਉਗਰਾਹੁਣੇ ਹੋਏ। ਇਸ

---

*(ਪਿਛਲੇ ਸਫ਼ੇ ਦਾ ਬਾਕੀ ਫ਼ੁਟਨੋਟ)*
*ਪੁਨ ਪ੍ਰਤਾਪਨ ਬਾਢਤ ਜੈ ਧੁਨ ਪਾਪਨ ਕੇ ਬਹੁ ਪੁੰਜ ਖਪੈਂਗੇ।*
*ਸਾਧ ਸਮੂੰਹ ਪ੍ਰਸੰਨ ਫਿਰੈਂ ਜਗ, ਸਤ੍ਰ ਸਭੇ ਅਵਲੋਕ ਚਪੈਂਗੇ।*

1. ਦੇਹੀ ਫਿਰੇ ਅਕਾਲ ਕੀ ਨਿੰਦਾ ਕਰੋ ਨ ਕੋਇ।
ਬਨ ਪ੍ਰਬਤ ਸਭ ਭਜੈਂਗੇ ਤਰੇ ਜਗਤ ਮਹਿ ਸੋਇ।
*(ਤਨਖ਼ਾਹਨਾਮਾ ਭਾਈ ਨੰਦ ਲਾਲ ਜੀ)*

2. ਰਾਜ ਕਰੇਗਾ ਖਾਲਸਾ ਆਕੀ ਰਹੇ ਨ ਕੋਇ।
ਖਵਾਰ ਹੋਇ ਸਭ ਮਿਲੇਂਗੇ ਬਚੇ ਸ਼ਰਨ ਜੋ ਹੋਇ।
*(ਤਨਖ਼ਾਹਨਾਮਾ ਭਾਈ ਨੰਦ ਲਾਲ ਜੀ)*

3. ਭੂਖੇ ਭਗਤਿ ਨ ਕੀਜੈ। ਯਹ ਮਾਲਾ ਅਪਨੀ ਲੀਜੈ।
ਦੁਇ ਸੇਰ ਮਾਗਉ ਚੂਨਾ। ਪਾਉ ਘੀਉ ਸੰਗਿ ਲੂਨਾ।
ਅਧ ਸੇਰੁ ਮਾਗਉ ਦਾਲੇ। ਮੋਕਉ ਦੋਨਉ ਵਖਤ ਜਿਵਾਲੇ।
ਖਾਟ ਮਾਗਉ ਚਉਪਾਈ। ਸਿਰਹਾਨਾ ਅਵਰ ਤੁਲਾਈ।
ਊਪਰ ਕਉ ਮਾਗਉ ਖੀਂਧਾ। ਤੇਰੀ ਭਗਤਿ ਕਰੈ ਜਨ ਥੀਧਾ।
ਮੈ ਨਾਹੀ ਕੀਤਾ ਲਬੋ। ਇਕ ਨਾਉ ਤੇਰਾ ਮੈ ਫਬੋ।

ਮਰਯਾਦਾ ਅਨੁਸਾਰ ਜਗਤ ਜੋ ਪੁਰਤਨਤਾ ਦੇ ਅਧੀਨ, ਗਮਾਂ ਦਾ ਕੋਠੜਾ ਬਣਿਆ ਹੋਇਆ ਹੈ, ਬੇਗਮ ਪੁਰ ਬਣਾ ਦੇਣਾ ਹੈ । ਦੁਖਾਂ ਤੇ ਅੰਦੋਹਾਂ ਨੂੰ ਕੋਈ ਥਾਂ ਨਹੀਂ ਰਹਿਣੀ ਸਿਰਫ਼[1] ਖੁਸ਼ੀਆਂ ਹੀ ਖੁਸ਼ੀਆਂ ਰਹਿ ਜਾਣੀਆਂ ਹਨ।

## ਧਰਮਸਾਲ

ਸੰਸਾਰ ਦੀ ਉਪਰ ਲਿਖੀ ਆਦਰਸ਼ਕ ਅਵਸਥਾ ਬਣਾਣ ਲਈ ਰਹਿਤਵਾਨ ਸਿੰਘ ਨੇ ਖਾਸ ਕਿਸਮ ਦਾ ਜੀਵਨ ਜਗਤ ਵਰਤੋਂ ਹਿਤ ਬਣਾਣਾ ਹੈ । ਉਸ ਨੇ ਪਿਆਰ ਦੀ ਵਰਤੋਂ ਸ਼ੁਰੂ ਕਰਨੀ ਹੈ । ਜਗਤ ਨੂੰ ਮਿਠੀ ਬੋਲੀ ਤੇ ਸੇਵਾ ਦੇ ਬਲ ਨਾਲ ਆਪਣੇ ਵਸ ਕਰਨਾ ਹੈ, ਇਸ ਲਈ ਜ਼ਰੂਰੀ ਹੈ ਕਿ ਉਹ ਪਹਿਲਾਂ ਆਪਣੇ ਤੇ ਕਾਬੂ ਪਾਵੇ । ਸੋ ਜਗਤ ਵਿਹਾਰ ਵਿਚ ਸਭ ਤੋਂ ਪਹਿਲੇ ਉਸ ਨੇ ਆਪਣਾ ਜੀਵਨ ਅਜਿਹਾ ਸੁੱਚਾ ਬਣਾਣਾ ਹੈ ਕਿ ਜਗਤ ਉਹਦੀ ਵਲ ਝੁਕ ਸੱਕੇ । ਇਸ ਲਈ[2] ਉਸ ਨੇ ਵਿਕਾਰਾਂ ਤੋਂ ਬਚਣਾ ਹੈ । ਨਸ਼ੇ ਨਹੀਂ ਵਰਤਣੇ । ਫਿਕਾ ਨਹੀਂ ਬੋਲਣਾ । ਪ੍ਰਾਈ ਨਿੰਦਾ ਨਹੀਂ ਕਰਨੀ । ਚੋਰੀ, ਡਾਕਾ, ਜੂਆ, ਠੱਗੀ, ਦਗਾ ਕਰਕੇ ਧਨ ਨਹੀਂ ਕਮਾਨਾ । ਅਜਿਹਾ ਪਵਿਤ੍ਰ ਜੀਵਨ ਬਣਾ ਉਸ ਨੇ ਜਗਤ ਦੀ ਸੇਵਾ ਆਰੰਭ ਕਰਨੀ ਹੈ । ਇਸ ਜੀਵਨ ਦੀ ਪਹਿਲੀ ਰਹਿਤ ਇਹ ਹੈ ਜੋ ਰਹਿਤਵਾਨ ਸਿੰਘ ਆਪਣੇ ਗੁਰਭਾਈਆਂ ਨਾਲ ਮਿਲ ਆਪਣੀ ਬਸਤੀ ਵਿਚ ਇਹ

---

1. ਬੇਗਮਪੁਰਾ ਸ਼ਹਰ ਕੋ ਨਾਉ । ਦੂਖੁ ਅੰਦੋਹੁ ਨਹੀ ਤਿਹਿ ਠਾਉ ।
ਨਾਂ ਤਸਵੀਸ ਖਿਰਾਜੁ ਨ ਮਾਲੁ । ਖਉਫੁ ਨ ਖਤਾ ਨ ਤਰਸੁ ਜਵਾਲੁ ।
ਅਬ ਮੋਹਿ ਖੂਬ ਵਤਨ ਗਹਿ ਪਾਈ । ਊਹਾਂ ਖੈਰਿ ਸਦਾ ਮੇਰੇ ਭਾਈ ।
ਕਾਇਮੁ ਦਾਇਮੁ ਸਦਾ ਪਾਤਿਸਾਹੀ । ਦੋਮ ਨ ਸੇਮ ਏਕ ਸੋਆਹੀ ।

2. ਪਰਨਾਰੀ, ਜੂਆ, ਅਸਤ, ਚੋਰੀ, ਮਧਰ, ਜਾਨ
ਪਾਂਚ ਐਬ ਯੋਹ ਜਗਤ ਮਹਿ ਤਜੇ ਸੋ ਸਿੰਘ ਸੁਜਾਨ ।

*(ਰਹਿਤਨਾਮਾ ਭਾਈ ਦੇਸਾ ਸਿੰਘ)*

ਤਥਾ:- ਊਚਾ ਬੋਲਨਾ ਨਹੀ, ਨਿੰਦਾ, ਲੰਪਟਾਈ, ਵਿਸ਼ਵਾਸ ਘਾਤ, ਨਾਇਤਬਾਰੀ, ਚੋਰੀ, ਯਾਰੀ, ਤਾਤਪ੍ਰਾਈ, ਹਿਰਸ, ਹੰਕਾਰ, ਕਾਮ, ਕ੍ਰੋਧ, ਲੋਭ ਮੋਹ, ਇਨ੍ਹਾਂ ਸਭਨਾਂ ਸੇ ਡਰਦਾ ਰਹੇ ਔਰ ਹੱਸੇ ਕਿਸੇ ਕੋ ਨਾਹੀ । ਇਹ ਹਸਨਾ ਅੰਤ ਔਖਾ ਕਰਸੀ ।

*(ਪ੍ਰੇਮ ਸਮਾਰਗ)*

ਅਜਿਹਾ ਅਸਥਾਨ ਬਨਾਵੇ, ਜਿਥੇ ਹਰ ਇਕ ਸਾਧੂ ਸੰਤ ਆਇਆ ਗਿਆ ਅਥਿਤੀ ਮੁਸਾਫ਼ਰ, ਲੋੜਵੰਦ ਆਰਾਮ ਪਾ ਸਕੇ । ਇਹ ਅਸਥਾਨ ਦਾ ਨਾਮ ਗੁਰਮਤ ਸਾਹਿਤ ਵਿਚ[1] ਧਰਮਸਾਲ ਹੈ ਇਹ ਅਸਥਾਨ ਕਰਤਾ ਪੁਰਖ ਦੀ ਯਾਦ ਹਿਤ ਇਕਠੇ ਹੋਣ ਲਈ, ਤੇ ਉਸ ਦੀ ਕਿਰਤ ਮਖਲੂਕ ਦੀ ਸੇਵਾ ਹਿਤ ਬਨਾਣਾ ਹੈ । ਇਹ ਕੋਈ ਫਿਰਕੂ ਮੰਦਰ ਨਹੀਂ ਥਾਪਣਾ, ਕਿ ਜਿਸ ਦੇ ਬਣਦਿਆਂ ਹੀ ਦੂਜੇ ਫਿਰਕੇ ਮੰਦਰਾਂ ਨਾਲ ਵਾਦ ਵਿਵਾਦ ਸ਼ੁਰੂ ਹੋ ਜਾਵੇ । ਰਹਿਤਵਾਨ ਸਿੰਘ ਦੇ ਜੀਵਨ ਵਿਚ ਤਾਂ ਵਾਦ ਵਿਵਾਦ ਬਣਿਆ ਹੀ ਨਹੀਂ ਉਹ ਤਾਂ ਹਰ ਇਕ ਪ੍ਰਭੂ ਦੀ ਜੋਤ ਦੇਖਦਾ ਹੈ।[2] ਹਰ ਮੰਦਰ ਵਿਚ ਉਸ ਦੀ ਪੂਜਾ ਹੁੰਦੀ ਤਕਦਾ ਤੇ ਹਰ ਇਬਾਦਤ ਗਾਹ ਵਿਚ ਉਸ ਦੀ ਯਾਦ ਨੂੰ ਹੀ[3] ਅਨੁਭਵ ਕਰਦਾ ਹੈ । ਰਹਿਤਵਾਨ ਸਿੰਘ ਨੂੰ ਕਿਸੇ ਮੰਦਰ ਨਾਲ ਦਵੇਸ਼ ਹੋਵੇ ਵੀ ਕਿਸ ਤਰ੍ਹਾਂ ਜਦ ਉਸ ਦੀ ਨਿਗਾਹ ਵਿਚ ਦੂਜਾ ਕੋਈ ਹੈ ਨਹੀਂ । ਉਹ ਦੇਹਰਾ, ਮਸੀਤ, ਪੂਜਾ ਤੇ ਨਿਮਾਜ਼ ਦੇ ਭੇਦ ਨੂੰ ਕੀ ਜਾਣੇ, ਜਿਸ ਦੀ ਨਿਗਾਹ ਵਿਚ ਮਨੁਖ ਦੀ ਜ਼ਾਤ ਇਕ ਹੀ ਹੈ । ਉਸ ਨੂੰ ਇਹ ਜ਼ਾਹਿਰ ਭੇਖ ਤਾਂ ਦੇਸ ਕਾਲ ਦੇ ਵਿਤਕਰੇ ਅਨੁਸਾਰ ਲੋੜਵੰਦ ਲਿਬਾਸ ਦਿਸ ਆਉਂਦੇ ਹਨ । ਉਹ ਭੇਖਾਂ ਦਾ ਪੁਜਾਰੀ ਨਹੀਂ ਉਸ ਨੂੰ ਇਹ ਭਰਮਾ ਨਹੀਂ ਸਕਦੇ ।

---

1. ਪਿੰਡ ਵਿਚ ਇਕ ਅਸਥਾਨ ਸਾਧੂ ਸੰਤ ਕਾ ਬਨਾਵਣਾ, ਜਹਾਂ ਸਾਧੂ ਸੰਗਤ ਇਕਤ੍ਰ ਹੋਵੇ ਤੇ ਆਇਆ ਗਿਆ ਬਿਸਰਾਮ ਕਰੇ ।

*(ਰਹਿਤਨਾਮਾ ਭਾ: ਦੇਸਾ ਸਿੰਘ)*

2. ਦੇਹੁਰਾ ਮਸੀਤ ਸੋਈ, ਪੂਜਾ ਔ ਨਿਵਾਜ ਓਹੀ,
 ਮਾਨਸ ਸਭੈ ਏਕ ਪਹਿ ਅਨੇਕ ਕੋ ਪ੍ਰਭਾਓ ਹੈ ।
 ਦੇਵਤਾ ਅਦੇਵ ਜਛ, ਗੰਧਰਬ ਤੁਰਕ ਹਿੰਦੂ,
 ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਸੁਭਾਓ ਹੈ ।
 ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ,
 ਖਾਕ ਬਾਦ ਆਤਸ਼ ਔ ਆਬ ਕੋ ਰਲਾਉ ਹੈ।
 ਅਲਾਹ ਅਭੇਖ ਸੋਈ, ਪੁਰਾਨ ਔ ਕੁਰਾਨ ਓਹੀ,
 ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ ।
3. ਬਰਹਮਨ ਮੁਸ਼ਤਾਕੇ ਬੁਤ ਜ਼ਾਹਿਦ ਰਿਦਾਏ ਖ਼ਾਨਕਾਹ ।
 ਹਰਕਿ ਰਾ ਜਾਮੇ ਮੁਹਬਤ ਦੀਦਾਰਅਮ ਸਰਸ਼ਾਹ ਹਸਤ ।

*(ਭਾ: ਨੰਦ ਲਾਲ ਜੀ)*

ਉਹ ਬੁਤਾਂ ਦਾ ਉਪਾਸ਼ਕ ਨਹੀਂ । ਜੋਤ ਦਾ ਮਹਿਰਮ ਹੈ । ਜੋਤ ਸਾਰਿਆਂ ਵਿਚ ਇਕ ਹੈ, ਜਿਸ ਕਰਕੇ ਉਹ ਸਾਰਿਆਂ ਨਾਲ ਪਿਆਰ ਕਰਦਾ ਹੈ । ਓਸ ਦੀ ਧਰਮਸਾਲਾ ਪਿਆਰ ਦਾ ਗੜ੍ਹ ਹੈ । ਓਥੇ ਭੇਖਾਂ ਦਾ ਭਰਮ ਨਹੀਂ । ਲਿਬਾਸਾਂ ਦੀ ਬਿਚਾਰ ਨਹੀਂ । ਦੋਹਾਂ ਦੇ ਵਿਤਕਰੇ ਨਹੀਂ । ਸਾਰਿਆਂ ਵਿਚ[1] ਇਕੋ ਜੋਤ ਦੇਖੀ ਜਾਂਦੀ ਹੈ, ਜਿਸ ਕਰਕੇ ਹਰ ਆਏ ਦੀ ਸੇਵਾ ਹੁੰਦੀ ਹੈ । ਰਹਿਤਵਾਨ ਸਿੰਘ ਧਰਮਸਾਲ ਦੇ ਰਾਹੀਂ ਹਰ ਆਏ ਅਥਿਤੀ ਨੂੰ ਖਾਣਾ ਤੇ ਰਿਹਾਇਸ਼ ਦੇਂਦਾ ਹੈ । ਅਨਪੜ੍ਹ ਨੂੰ ਅੱਖਰ ਸਿਖਾਂਦਾ ਹੈ ਆਤਮ ਜੀਵਨ ਦੇਣ ਹਿਤ ਉਥੇ ਦੋ ਵਕਤ ਪ੍ਰਭੂ ਦੀ ਬਾਣੀ ਦੀ ਛਹਿਬਰ ਲਾਉਂਦਾ ਹੈ ਇਸ ਤਰ੍ਹਾਂ ਉਹ ਜਗਤ ਵਰਤੋਂ ਦੀ ਰਹਿਤ ਦਾ ਪਹਿਲਾ ਸੰਜਮ ਪੂਰਾ ਕਰਦਾ ਹੈ ।

## ਸੇਵਾ ਦੀ ਵਰਤੋਂ

ਰਹਿਤਵਾਨ ਸਿੰਘ ਲਈ ਇਹ ਵੀ ਤਾਕੀਦ ਹੈ ਕਿ ਉਹ ਕੇਵਲ ਧਰਮਸਾਲ ਵਿਚ ਹੀ ਅਥਿਤੀ ਸੇਵਾ ਦੀ ਰਹਿਤ ਨੂੰ ਪੂਰਾ ਨ ਕਰੇ ਸਗੋਂ ਇਹ ਪ੍ਰੇਮ ਵਰਤੋਂ ਹਰ ਹਾਲਤ ਵਿਚ ਆਪਣਾ ਕਰਤਵ ਬਣਾਈ ਰਖੇ । ਜੇ ਓਸ ਦੀ ਵਸਤੀ ਵਿਚ ਧਰਮਸਾਲ ਨ ਹੋਵੇ ਜਾਂ ਉਹ ਸਫ਼ਰ ਵਿਚ ਹੋਵੇ ਤਾਂ ਵੀ ਉਹ ਖਿਆਲ ਰਖੇ ਕਿ ਉਸ ਦੇ ਪ੍ਰਸ਼ਾਦ ਛਕਣ ਤੋਂ ਕੋਈ ਲੋੜਵੰਦ ਉਸ ਦੀ ਧਰਮ ਕਿਰਤ ਦੀ ਕਮਾਈ ਤੋਂ ਪੈਦਾ ਕੀਤੀ ਹੋਈ ਰੋਟੀ ਵਿਚੋਂ ਹਿੱਸਾ ਲੈ ਸਕੇ। ਉਹ ਇਸ ਲੈਣ ਵਾਲੇ ਦਾ ਆਦਰ ਕਰੇ । ਲੋੜਵੰਦ ਦਾ ਜਾਤ ਵਰਨ

---

1. ਕੋਊ ਭਇਓ ਮੁੰਡੀਆਂ ਸਨਿਆਸੀ, ਕੋਈ ਯੋਗੀ ਭਇਓ,
ਕੋਊ ਬ੍ਰਹਮਚਾਰੀ ਕੋਊ ਜਤੀ ਅਨਮਾਨਬੋ ।

(ਬਾਕੀ ਦਾ ਫ਼ੁਟਨੋਟ ਅਗਲੇ ਸਫ਼ੇ ਤੇ)

(ਪਿਛਲੇ ਸਫ਼ੇ ਦਾ ਬਾਕੀ ਫ਼ੁਟਨੋਟ)
ਹਿੰਦੂ, ਤੁਰਕ, ਕੋਈ ਰਾਫ਼ਜ਼ੀ, ਅਮਾਮਸ਼ਾਫ਼ੀ,
ਮਾਨਸ ਕੀ ਜਾਤ ਸਬੈ ਏਕੈ ਪਹਚਾਨਬੋ ।
ਕਰਤਾ ਕਰੀਮ ਸੋਈ, ਰਾਜ਼ਕ ਰਹੀਮ ਓਹੀ ,
ਦੂਸਰੋ ਨ ਭੇਦ ਕੋਈ ਭੂਲ ਭਰਮ ਮਾਨਬੋ ।
ਏਕ ਹੀ ਕੀ ਸੇਵ, ਸਭਹੀ ਕੋ ਗੁਰਦੇਵ ਏਕ,
ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ ।

ਯਾ ਮਜ਼੍ਹਬ ਨਾ ਪੁਛੇ, ਸਗੋਂ ਪ੍ਰਭੂ ਦਾ ਲੋੜਵੰਦ ਬੰਦਾ ਜਾਣ ਉਸ ਦੀ ਸੇਵਾ ਕਰੇ ਤੇ ਪ੍ਰਸ਼ਾਦ[1] ਛਕਾਵੇ ।

## ਵਿਹਾਰ ਕਾਰ

ਇਸ ਪ੍ਰੇਮ ਸੇਵਾ ਦੇ ਬਾਅਦ ਜਗਤ ਨਾਲ ਵਿਹਾਰ ਕਾਰ ਦੀ ਰਹਿਤ ਸਮਝਾਈ ਗਈ ਹੈ । ਵਿਹਾਰ ਕਾਰ ਵਿਚ ਸਿਖ ਨੂੰ ਬੜਾ ਸੰਜਮੀ ਰਹਿਣ ਦਾ ਹੁਕਮ ਹੈ । ਰਹਿਤਵਾਨ ਸਿੰਘ ਨੂੰ ਕਿਰਤ ਕਰਨ ਦੀ ਤਾਕੀਦ ਹੈ । ਨਾਲ ਇਹ ਭੀ ਜ਼ਰੂਰੀ ਕਰਾਰ ਦਿਤਾ ਗਿਆ ਹੈ ਕਿ[2] ਖ਼ਰਚ ਆਮਦਨ ਤੋਂ ਕਮ ਕਰੇ । ਕਿਸੇ ਕੋਲੋਂ ਕਰਜ਼ਾ ਨਾ ਚੁਕੇ । ਜੇ ਹਾਲਾਤ ਅਨੁਸਾਰ ਕਦੀ ਚੁੱਕਣਾ ਵੀ ਪਏ ਤਾਂ ਬਿਨਾਂ ਤਕਰਾਰ ਸਮੇਂ ਸਿਰ ਕਰਜ਼ਖਾਹ ਨੂੰ ਵਾਪਸ ਕਰੇ। ਜਦੋਂ ਤਕ ਕਰਜ਼ ਨਾ ਮੁਕ ਜਾਵੇ, ਉਹ ਸਰੀਰਕ ਅਰਾਮ ਦੇ ਸਾਮਾਨ ਬਹੁਤ ਘਟਾ ਦੇਵੇ ।

## ਵਣਜ ਤੇ ਰਾਜ

ਵਣਜ ਵਿਵਹਾਰ[3] ਵਿਚ ਸਿੰਘ ਨੂੰ ਤਾਕੀਦ ਕੀਤੀ ਗਈ ਹੈ । ਕਿ ਉਹ ਕਸਬ ਇਕ ਹੀ ਗੱਲ ਕਰੇ । ਕਿਸੇ ਨਾਲ ਦਗੇਬਾਜ਼ੀ ਯਾ ਝੂਠ ਦਾ

---

1. ਪ੍ਰਸ਼ਾਦਿ ਜਦ ਤਿਆਰ ਹੋਏ, ਏਕ ਜਗ੍ਹਾ ਅੱਛੀ ਬਨਾਇਕੈ ਸ਼ਤਰੰਜੀ, ਕੰਬਲੀ ਲੋਈ, ਕੁਛ ਹੋਰ ਕਪੜਾ ਹੋਏ ਬਿਛਾਏ, ਅੱਛੀ ਜੁਗਤ ਨਾਲ ਆਦਰ ਨਾਲ ਖੁਲਾਵੇ, ਖੁਸ਼ੀ ਲੇਵੇ। ਜੇ ਕਦਾਂਚ ਆਪ ਤੇ ਕੋਈ ਨਾ ਆਵੇ ਤਾਂ ਆਪ ਬੁਲਾਏ ਲਿਆਵੇ । ਸੰਬੰਧ ਪਾਇਕੇ ਹਥ ਨ ਆਵੇ ਤਾਂ ਇਕ ਅਹਾਰ ਪ੍ਰੋਸਵਾਇ ਕੇ ਪਹਿਲਾਂ ਹੀ ਜੁਦਾ ਕਰ ਛਡੇ । ਕੋਈ ਹਿੰਦੂ, ਮੁਸਲਮਾਨ, ਖਾਲਸਾ,ਖੁਦਿਆਰਥੀ ਆਵੇ, ਉਸ ਨੂੰ ਦੇਵੇ, ਇਹ ਪ੍ਰਸ਼ਾਦ ਦਰਗਾਹ ਕਬੂਲ ਪਾਂਵਦਾ ਹੈ ।
2. ਖ਼ਰਚ ਆਮਦਨੀ ਸੇ ਕਮ ਕਰਨ, ਜੋ ਵਧੀਕ ਕਰੇਗਾ, ਅੰਤ ਨੂੰ ਹੈਰਾਨ ਹੋਵੇਗਾ । ਤਥਾ: ਪ੍ਰਿਥਮੇ ਜਬ ਲਗ ਬਸ ਆਏ, ਰਿਣ ਨ ਲੈਣਾ । ਰਿਣ ਬੜੀ ਹਤਿਆ ਹੈ । ਜੋ ਕਰਜ਼ ਲੇਵੇ ਤਿਸ ਕੋ ਚਾਹੀਏ ਜੋ ਬਿਨਾਂ ਮਾਂਗੇ ਪੈਸੇ ਕਰਜ਼ ਕੇ ਦੇ । ਜਬ ਲਗ ਨ ਦੇਵੇ ਤਬ ਲਗ ਸੁਆਦ ਔਰ ਖੁਸ਼ਬੂ ਅੰਗੀਕਾਰ ਨਾ ਕਰੇ ।

*(ਪ੍ਰੇਮ ਸੁਮਾਰਗ)*

3. ਵਿਵਹਾਰ ਮਹਿ ਲੈਣੇ ਦੇਣ ਮਹਿ ਇਕ ਹੀ ਬਾਤ ਕਹੇ, ਦੂਸਰੀ ਨਾ ਕਹੇ, ਕਿਸੀ ਭਾਂਤ ਦਗੇਬਾਜ਼ੀ ਨ ਕਰੇ, ਮਿਥਿਆ ਬਿਵਹਾਰ ਨ ਕਰੇ । ਔਰ ਕੋਈ ਕਿਸੀ ਕਸਬ ਕੋ ਕਰਨੇ ਤੇ ਅਬ ਨ ਰਖੇ। ਕਸਬ ਕਰਨਾ, ਕਿਆ ਉਤਮ, ਕਿਆ ਮਧਮ, ਕਿਆ ਨੀਚ, ਬੜੀ ਭਗਤੀ ਹੈ । ਇਸ ਬਰਾਬਰ ਔਰ ਭਗਤੀ ਨਹੀਂ । ਜੋ ਕਸਬ ਕਰਕੇ ਬੰਦਗੀ ਕਰੇ ।

ਵਰਤਾਓ ਨਾ ਕਰੇ । ਕਸਬ ਹਰ ਇਕ ਕਰ ਲੈਣ ਦੀ ਆਗਿਆ ਹੈ । ਹਾਂ, ਕਸਬ ਕਰਦਿਆਂ ਹੋਇਆ ਮਾਲਕ ਦੀ ਯਾਦ ਰਖਣੀ ਜ਼ਰੂਰੀ ਹੈ, ਕਿਉਂ ਜੋ ਉਹ ਚੇਤੇ ਰਹੇ ਤਾਂ ਮਨੁਖ ਵਿਵਹਾਰ ਵਿਚ ਖੋਟ ਨਹੀਂ ਕਮਾ ਸਕਦਾ । ਏਸੇ ਤਰ੍ਹਾਂ ਹੀ ਜਦ ਰਹਿਤਵਾਨ ਸਿੰਘ ਨੂੰ ਰਾਜ ਕਰਨ ਦੀ ਸੇਵਾ ਮਿਲੇ ਤਾਂ ਆਪਣੇ ਰਾਜ ਵਿਚ ਅਜਿਹਾ ਨਿਆਂ ਕਰੇ ਕਿਸੇ ਨੂੰ ਸ਼ਿਕਾਇਤ ਦਾ ਮੌਕਾ ਨਾ ਮਿਲੇ। ਜੋ ਕਾਨੂੰਨ ਬਣਾਵੇ, ਉਸ ਦੀ ਆਪਣੇ ਉਤੇ ਵਰਤੋਂ ਕਰੇ । ਕਿਸੇ ਮੋਹ, ਲਾਲਚ, ਰਿਵਾਜ, ਯਾ ਤੁਅਸਬ ਦੇ ਅਧੀਨ ਹੋ ਦੂਜਿਆਂ ਨਾਲ ਬੇਇਨਸਾਫ਼ੀ[1] ਨ ਕਰੇ। ਜੋ ਅਜਿਹਾ ਕਰੇਗਾ ਤਾਂ ਉਹ ਸਿੰਘ ਜੀਵਨ ਦੇ ਕਰਤਵ ਤੋਂ ਡਿਗ ਜਾਵੇਗਾ। ਰਾਜ ਕਰਨ ਵਾਲੇ ਸਿੰਘ ਦੀ ਰਹਿਤ ਵਿਚ ਕੇਵਲ ਨਿਆਂ ਕਰਨ ਦੀ ਹੀ ਤਾਕੀਦ ਨਹੀਂ, ਸਗੋਂ ਇਹ ਵੀ ਕਿਹਾ ਗਿਆ ਹੈ ਕਿ ਅਜਿਹਾ ਪ੍ਰਬੰਧ ਕਰੇ ਕਿ ਆਰਥਕ ਤੌਰ ਤੇ ਲੋਗਾਂ ਨੂੰ ਸੁਖੀ ਕੀਤਾ ਜਾਏ । ਕੋਈ ਬੇਰੁਜ਼ਗਾਰ ਨ ਰਹੇ ਅਤੇ ਇਸ ਕਿਸਮ ਦਾ ਪ੍ਰਬੰਧ ਹੋਵੇ ਕਿ ਹਰ ਪਾਸਿਓਂ ਜਨਤਾ ਦੀਆਂ ਤਕਲੀਫ਼ਾਂ ਦੀ ਪੂਰੀ ਪੂਰੀ ਖਬਰ ਮਿਲਦੀ ਰਹੇ । ਇਸ ਲਈ ਵਾਜਬ ਹੈ ਕਿ ਆਪਣੇ ਦੇਸ ਵਿਚ ਵੱਸਦੀ ਹਰ ਇਕ ਕੌਮ ਦੀ ਪ੍ਰਤੀਨਿਧਤਾ ਲਈ ਉਨ੍ਹਾਂ ਵਿਚੋਂ ਲਾਇਕ ਆਦਮੀ ਰਾਜ ਪ੍ਰਬੰਧ ਦੀ ਮੁਖੀ ਸੰਸਥਾ ਵਿਚ ਲਏ ਜਾਣ । ਹਰ ਕਿਸਮ ਦੀ ਤਾਲੀਮ, ਤੇ ਦਸਤਕਾਰੀ ਸਿਖਣ ਦਾ ਪ੍ਰਬੰਧ ਹੋਏ । ਗੱਲ ਕੀ, ਜਨਤਾ ਨੂੰ ਹਰ ਤਰ੍ਹਾਂ[2] ਸੁਖੀ ਰਖਿਆ ਜਾਏ ।

---

1. ਜਦ ਇਹ ਪ੍ਰਾਣੀ ਨਿਆਉਂ ਕਿਸੀ ਕਾ ਕਰਨ ਬੈਠੇ, ਤਬ ਆਪਣਾ ਧਰਮ ਆਪਣੇ ਸਿਰ ਪਰ ਰੱਖ ਕਰੇ, ਚੁਕਾਵੇ ਔਰ ਜੋ ਕਦਾਂਚ ਆਪਣੇ ਲੋਭ ਦੇ ਵਾਸਤੇ, ਦੇਖਾ ਦੇਖੀ, ਅਥਵਾ ਆਪਣੇ ਪੰਥ ਕੀ ਰਿਆਇਤ ਕੇ ਵਾਸਤੇ ਕਿਸੀ ਕਾ ਅੰਸ਼ ਖੋਵੇਗਾ, ਉਹ ਅੰਤਕਾਲ ਭਾਰੀ ਸਜ਼ਾ ਪਾਵੇਗਾ।

*(ਪ੍ਰੇਮ ਸੁਮਾਰਗ)*

2. ਰਾਜੇ ਕੋ ਚਾਹੀਏ ਹਰ ਮੁਲਕ ਦੀ ਬੋਲੀ ਕਾ ਆਦਮੀ ਵਿਦਿਆਵੰਦ, ਅਕਲਵੰਦ, ਲਾਇਕ ਹੋਵੇ ਸੋ ਆਪਣੇ ਪਾਸ ਰਖੇ ।
ਤਥਾ:– ਰਾਜੇ ਕੋ ਚਾਹੀਏ ਕਿ ਜੋ ਬਿਨਾਂ ਕਿਰਤ ਰੋਜ਼ਗਾਰ ਕੋਈ ਪ੍ਰਾਣੀ ਨ ਰਹੇ । ਖਬਰ ਪ੍ਰਜਾ ਕੀ ਲੇਤਾ ਰਹੇ । ਰਾਜਾ ਇਸ ਬਾਤ ਕੋ ਸਿਰਜਿਆ ਹੈ । ਜੋ ਬੰਦੋਬਸਤ ਪ੍ਰਜਾ ਕਾ ਭਲੀ ਭਾਂਤ ਕਰੇ। ਪ੍ਰਜਾ ਸੁਖੀ ਰਹੇ ।

*(ਪ੍ਰੇਮ ਸੁਮਾਰਗ)*

ਇਹ ਹਨ ਰਹਿਤਵਾਨ ਸਿੰਘ ਲਈ ਜਗਤ-ਵਰਤੋਂ ਦੇ ਵਿਵਹਾਰ ਵਿਚ ਵਰਤਣ ਲਈ ਰਹਿਤਾਂ । ਇਹ ਜੀਵਨ ਵਿਵਹਾਰ ਦੇ ਬੁਨਿਆਦੀ ਅਸੂਲ ਹਨ, ਜਿਨ੍ਹਾਂ ਦੀ ਰੋਸ਼ਨੀ ਵਿਚ ਰਹਿਤਵਾਨ ਸਿੰਘ ਨੇ ਜੀਵਨ ਬਣਾ-ਉਣਾ ਹੈ, ਤੇ ਲੋਕਾਂ ਨਾਲ ਵਰਤੋਂ ਕਰਨੀ ਹੈ ।

## ਸਿੰਘ ਰਹਿਤ ਤੇ ਫ਼ਿਰਕੇਦਾਰੀ

ਨਵੇਂ ਯੁਗ ਦਾ ਪੂਰਨ ਮਨੁਖ ਬਣਾਉਣ ਹਿਤ ਅਕਾਲ ਆਗਿਆ ਨਾਲ ਗੁਰੂ ਨਾਨਕ ਸਾਹਿਬ ਨੇ ਦਸ ਜਾਮੇ ਬਦਲੇ, ਜਿਸ ਜੀਵਨ ਦਾ ਪ੍ਰਚਾਰ ਕੀਤਾ ਸੀ, ਉਸ ਨੂੰ ਮਨੁਖ ਜਾਤੀ ਨੇ ਸਮਝ ਕੇ ਆਪਣਾ ਲਿਆ ਤਾਂ ਵਧੇਰਾ ਜਾਮੇ ਧਾਰਨ ਕਰਨ ਦੀ ਕੁਝ ਲੋੜ ਨਹੀਂ । ਸਤਿਗੁਰੂ ਮਨੁਖ ਨੂੰ ਜਗਾਉਣ ਆਏ ਸੀ। ਉਹ ਚਾਹੁੰਦੇ ਸੀ ਕਿ ਇਹ ਜਗਤ-ਜੀਵਨ ਪ੍ਰਭੂ ਦੀ ਅੰਸ਼ ਆਪਣੇ ਆਪ ਨੂੰ ਸੰਭਾਲੇ । ਉਹ ਮਾਂਗਤ ਗੁਲਾਮ ਯਾ ਨਿਰਾਸ ਭਿਖਸ਼ੂ ਨ ਬਨਿਆ ਰਹੇ । ਸਤਿਗੁਰਾਂ ਦਾ ਉਦਮ ਸਫਲ ਹੋਇਆ । ਮਨੁਖ ਜਾਗ ਉਠਿਆ । ਉਸ ਨੂੰ ਪ੍ਰਖਿਆ ਗਿਆ ।ਉਹ ਪੂਰਾ ਉਤ-ਰਿਆ। ਪੂਰਿਆਂ ਦਾ ਪੰਥ ਬਣਾਇਆ ਗਿਆ । ਪੰਥ ਲਈ ਜੀਵਨ ਪੂਰਨੇ ਪਾਏ ਗਏ, ਜਿਨ੍ਹਾਂ ਨੂੰ ਰਹਿਤ ਕਿਹਾ ਗਿਆ । ਹੁਣ ਇਕ ਗਲ ਸਮਝ ਲੈਣ ਦੀ ਲੋੜ ਹੈ ਕਿ ਕਿਸੇ ਨੂੰ ਇਹ ਭਰਮ ਨਾ ਪਵੇ ਜੁ ਖਾਲਸਾ ਪੰਥ ਵੀ ਹੋਰ ਮਹਜ਼ਬੀ ਫਿਰਕਿਆਂ ਵਾਂਗ ਇਕ ਫਿਰਕਾ ਹੈ ।

ਇਸ ਭਰਮ ਦੀ ਨਵਿਰਤੀ ਲਈ ਸਾਨੂੰ ਪੰਥ ਦੀ ਬਣਤਰ ਅਤੇ ਫਿਰਕਿਆਂ ਦੀ ਬਣਾਵਟ ਤੇ ਤਵਜਹੁ ਦੇਣੀ ਪਵੇਗੀ । ਮਜ਼ੁਬੀ ਫਿਰਕਾ ਕੀ ਹੁੰਦਾ ਹੈ ? ਇਸ ਦਾ ਜਵਾਬ ਸਰਲ ਤੇ ਸਾਦਾ ਹੈ ਕਿ ਮਨੁਖਾਂ ਦਾ ਉਹ ਗ੍ਰੋਹ ਜੋ ਕਿਸੇ ਅਸਮਾਨ ਤੋਂ ਦਿਤੇ ਗਏ ਹੁਕਮਾਂ ਦੀ ਮੰਨੌਤ ਤੇ ਅਕੱਠਾ ਹੋਇਆ ਹੋਵੇ, ਕਿਸੇ ਅਰਸ਼ੀ ਸ਼ਰੀਅਤ ਦੀ ਪਾਬੰਦੀ ਲਈ ਜੁੜ ਬੈਠੈ ਹੋਵਾ; ਪਰ ਖਾਲਸਾ ਪੰਥ ਅਜਿਹਾ ਨਹੀਂ । ਪੰਥ ਨੂੰ ਹੁਕਮ ਕਿਸੇ ਅਰਸ਼ ਤੋਂ ਨਹੀਂ ਮਿਲ ਸਕਦੇ । ਉਸ ਦਾ ਅਕਾਲ ਉਸ ਦੇ ਅੰਦਰ ਹੈ । ਉਸ ਦਾ ਪ੍ਰਭੂ ਪੰਥ ਦੇ ਰਾਹੀਂ ਬੋਲਦਾ ਹੈ, ਜਿਸ ਕਰਕੇ ਉਹ ਆਪਣੀ ਸ਼ਰੀਅਤ ਆਪ ਬਣਾ

ਸਕਦਾ ਹੈ । ਗੁਰਬਾਣੀ ਦੇ ਚਾਨਣ ਵਿਚ ਉਸ ਨੇ ਆਪਣੇ ਆਪ ਨੂੰ ਪਹਿ-ਚਾਨਣਾ ਹੈ ਅਤੇ ਰੂਹਾਨੀ ਅਸੂਲਾਂ ਦੇ ਆਸਰੇ ਜੀਵਨ-ਜੋਤ ਜਗਾਣੀ ਹੈ, ਅਰ ਜੀਵਨ ਵਿਵਹਾਰ ਦੇ ਕਾਇਦੇ ਆਪ ਬਣਾਉਣੇ ਹਨ । ਉਸ ਦਾ ਕੋਈ ਆਗੂ ਨਹੀਂ, ਕਿਉਂ ਜੋ ਉਸ ਦਾ ਰਹਿਬਰ ਉਸ ਦੇ ਵਿਚ ਸਮਾ ਚੁਕਾ ਹੈ । ਉਹ ਆਪ ਰਹਿਬਰ ਦੀ ਗੱਦੀ ਤੇ ਹੈ ਅਤੇ ਆਪਣੀ ਰਹਿਨੁਮਾਈ ਆਪ ਕਰਦਾ ਹੈ।

ਦੂਸਰਾ ਫਰਕ ਜੋ ਖਾਲਸਾ ਪੰਥ ਤੇ ਮਜ਼ਹਬੀ ਫਿਰਕੇ ਵਿਚ ਹੈ, ਉਹ ਇਹ ਹੈ ਕੇ ਫਿਰਕਿਆਂ ਦੇ ਲਈ ਬਣੀ ਹੋਈ ਸ਼ਰੀਅਤ ਦੇ ਕਾਇਦੇ ਖ਼ਾਸ ਵਕਤ ਤੇ ਖ਼ਾਸ ਦੇਸ ਵਿਚ ਬਣਾਏ ਜਾਂਦੇ ਹਨ, ਪਰ ਸਮਾਂ ਬਦਲਦਾ ਰਹਿੰਦਾ ਹੈ, ਦੇਸ਼ਾਂ ਦੇ ਵਿਤਕਰੇ ਅਨੁਸਾਰ ਪੌਣ, ਪਾਣੀ ਦੀ ਵੰਡ ਦੀ ਭਿੰਨਤਾ ਤੇ ਮਨੁੱਖ ਦੀ ਸਰਲਤਾ ਲਈ ਹਰ ਦੇਸ਼ ਵਿਚ ਕਾਇਦੇ ਵੀ ਉਥੋਂ ਦੀ ਪੌਣ ਪਾਣੀ ਦੇ ਅਨਕੂਲ ਬਣਾਏ ਹੀ ਸੁਖਦਾਈ ਹੋ ਸਕਦੇ ਹਨ । ਪਰ ਫ਼ਿਰਕੇ ਮਜਬੂਰ ਹਨ ਕਿ ਹਰ ਸਮੇਂ ਵਿਚ ਪੁਰਾਣੀ ਸਮੇਂ ਦੇ ਕਾਇਦੇ ਹੀ ਵਰਤਣ, ਹਰ ਦੇਸ਼ ਵਿਚ ਆਪਣੇ ਦੇਸ਼ ਦੇ ਰਿਵਾਜ ਹੀ ਚਲਾਣ, ਜਿਸ ਕਰਕੇ ਉਨ੍ਹਾਂ ਦੇ ਕਾਇਦੇ, ਕਾਲ ਤੇ ਅਨੁਕੂਲ ਨ ਹੋਣ ਕਰਕੇ ਮਨੁੱਖ ਜੀਵਨ ਦੀ ਸਫ-ਲਤਾ ਦੇ ਸਹਾਈ ਨਹੀਂ ਹੋ ਸਕਦੇ ।

ਫਿਰਕੂ ਲੋਗ ਪੁਰਾਣੇ ਸਮੇਂ ਦੇ ਕਾਇਦੇ ਹੀ ਹਰ ਸਮੇਂ ਵਿਚ ਵਰਤਦੇ ਹਨ ਤੇ ਦੂਜਿਆਂ ਨੂੰ ਧੱਕੇ ਨਾਲ ਉਹੋ ਕਾਨੂੰਨ ਬਣਾਉਣ ਲਈ ਮਜਬੂਰ ਕਰਦੇ ਹਨ, ਜਿਸ ਕਰਕੇ ਜਗਤ ਵਿਚ ਗਿਲਾਨੀ ਪੈਦਾ ਹੁੰਦੀ ਹੈ; ਪਰ ਖਾਲਸਾ ਪੰਥ ਨੂੰ ਇਹ ਮਜਬੂਰੀਆਂ ਨਹੀਂ । ਉਹ ਆਪ ਗੁਰੂ ਹੈ । ਸਮੇਂ ਤੇ ਦੇਸ਼ ਦੇ ਅਨਕੂਲ ਰਿਵਾਜ ਬਣਾਣੇ ਤੇ ਕਾਇਦੇ ਘੜਨੇ ਉਸ ਦੇ ਆਪਣੇ ਅਖ਼ਤਿਆਰ ਵਿਚ ਹਨ । ਉਹ ਕਾਲ ਤੇ ਦੇਸ਼ ਦੀਆਂ ਮਜਬੂਰੀਆਂ ਨਾਲ ਬਝਾ ਹੋਇਆ ਨਹੀਂ । ਉਹ ਆਤਮ ਪ੍ਰਕਾਸ਼ ਦੀ ਰੌਸ਼ਨੀ ਵਿਚ ਜੋ ਉਸ ਨੂੰ ਗੁਰਬਾਣੀ ਤੋਂ ਮਿਲਦੀ ਹੈ, ਹਰ ਕਾਲ ਤੇ ਦੇਸ਼ ਦੇ ਅਨੁਕੂਲ ਕਾਇਦੇ ਬਣਾ ਸਕਦਾ ਹੈ, ਜਿਨ੍ਹਾਂ ਤੋਂ ਮਨੁੱਖ ਅੰਤਰ ਆਤਮੇ, ਪ੍ਰਭੂ ਸਿਮਰਨ, ਤੇ

ਜਗਤ-ਸੇਵਾ ਦੀ ਉਹ ਕਾਰ ਕਮਾ ਸਕੇ । ਇਸ ਲਈ ਉਸ ਨੂੰ ਇਕ ਫਿਰਕਾ ਸਮਝਣਾ ਟਪਲਾ ਹੈ। ਉਹ ਅੰਦਰ-ਆਤਮੇ ਜਾਗੇ ਹੋਏ ਲੋਕਾਂ ਦੀ ਇਕ ਜਥੇਬੰਦੀ ਹੈ । ਉਹ ਖੁਦ ਮਾਲਿਕ ਮਨੁੱਖਾਂ ਦੀ ਇਕ ਜਮਾਇਤ ਹੈ । ਆਪ ਆਪਾ ਸੰਭਾਲ ਚੁਕੀ ਹੈ ਤੇ ਬਾਕੀ ਦੀ ਮਨੁੱਖ ਬਰਾਦਰੀ ਨੂੰ ਆਪਾ ਸੰਭਾਲਣ ਦੀ ਪ੍ਰੇਰਨਾ ਕਰਦੀ ਹੈ। ਇਹ ਪ੍ਰੇਰਨਾ ਪਿਆਰ ਦੇ ਆਸਰੇ ਤੇ ਸੇਵਾ ਦੇ ਸਾਧਨ ਨਾਲ ਕੀਤੀ ਜਾਂਦੀ ਹੈ, ਜਿਸ ਕਰਕੇ ਜਗਤ ਵਿਚ ਸ਼ਾਂਤ ਰਸ, ਅਤੇ ਅਨੰਦ ਦੀ ਵਰਤੋਂ ਵਰਤਦੀ ਹੈ।

SIKHBOOKCLUB.COM